ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 | 27 September, 2024 | ੧੨ ਅੱਸੂ ਭਾਦੋਂ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਕੈਨੇਡਾ ਵਿੱਚ ਪੱਕੇ ਹੋਣ ਲਈ ਰਫਿਊਜ਼ੀ ਅਰਜ਼ੀਆਂ ’ਚ ਚੋਖਾ ਵਾਧਾ




**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ ਵਿੱਚ ਪੱਕੇ ਹੋਣ ਲਈ ਰਫਿਊਜ਼ੀ ਅਰਜ਼ੀਆਂ ‘ਚ ਸਾਲ 2024 ਵਿੱਚ ਚੋਖਾ ਵਾਧਾ ਵੇਖਣ ਨੂੰ ਮਿਲਿਆ ਹੈ। ਪਹਿਲਾਂ ਪੱਕੇ ਹੋਣ ਲਈ ਰਫਿਊਜ਼ੀ ਅਰਜ਼ੀਆਂ ਸਿਰਫ਼ ਗਲਤ ਤਰੀਕੇ ਸਰਹੱਦ ਪਾਰ ਕਰਕੇ ਆਏ ਲੋਕ ਅਤੇ ਗਲਤ ਤਰੀਕਿਆਂ ਨਾਲ ਕੈਨੇਡਾ ਦਾਖਲ ਹੋਣ ਵਾਲੇ ਲੋਕਾਂ ਵਲੋਂ ਹੀ ਦਿੱਤੀਆਂ ਜਾਂਦੀਆਂ ਸੀ ਪਰ ਹੁਣ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ 2024 ਦੇ ਅਗਸਤ ਤੱਕ 11,605 ਰਫਿਊਜ਼ੀ ਅਰਜ਼ੀਆਂ ਦਿੱਤੀਆਂ ਗਈਆਂ ਹਨ, ਜੋ 2015 ਵਿੱਚ ਸਿਰਫ 775 ਸੀ।

ਸਰਕਾਰ ਵਲੋਂ ਕੱਚੇ ਨਾਗਰਿਕਾਂ ’ਤੇ ਵੀ ਸਖ਼ਤੀ ਕੀਤੀ ਜਾਣ ਲੱਗੀ ਹੈ। ਪਿਛਲੇ ਸਾਲਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਆਏ ਸੈਲਾਨੀਆਂ ਵੱਲੋਂ ਡੇਰੇ ਜਮਾਉਣੇ ਅਤੇ ਹਜ਼ਾਰਾਂ ਵਿਅਕਤੀਆਂ ਵੱਲੋਂ ਆਪਣੇ ਦੇਸ਼ਾਂ ’ਚ ਜਾਨ ਨੂੰ ਖਤਰੇ ਦੇ ਬਹਾਨੇ ਮੰਗੀ ਗਈ ਸ਼ਰਨ ਦੀ ਦੁਰਵਰਤੋਂ ਕੀਤੀ। ਉੱਥੇ ਘੱਟੋ-ਘੱਟ ਉਜਰਤ ਦੇ ਨਿਯਮ ਦੀ ਵੀ ਖੁੱਲ੍ਹ ਕੇ ਦੁਰਵਰਤੋਂ ਹੋਣ ਲੱਗੀ ਹੈ। ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹਾਈ ਪਰਮਿਟ ਤਹਿਤ ਆਏ ਲੱਖਾਂ ਵਿਦਿਆਰਥੀਆਂ ਵਿੱਚ ਹਜ਼ਾਰਾਂ ਸ਼ਰਾਰਤੀ ਅਨਸਰ ਆ ਗਏ, ਜਿਨ੍ਹਾਂ ਨੇ ਹਰ ਪਾਸਿਓਂ ਦੇਸ਼ ਦੇ ਸਿਸਟਮ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕੀਤੀ। ਇਸੇ ਕਰਕੇ ਸਰਕਾਰ ਨੇ ਹੁਣ ਸਾਰੇ ਵਿਭਾਗਾਂ ਨੂੰ ਸਖ਼ਤੀ ਵਰਤਣ ਦੇ ਹੁਕਮ ਦਿੱਤੇ ਹਨ।

ਬੀਤੇ 10-12 ਦਿਨਾਂ ਤੋਂ ਰੁਜ਼ਗਾਰ ਵਿਭਾਗ ਅਤੇ ਬਾਰਡਰ ਸੁਰੱਖਿਆ ਏਜੰਸੀ (ਸੀਬੀਐੱਸਏ) ਵੱਲੋਂ ਮਿਲਕੇ ਅਜਿਹੀਆਂ ਥਾਵਾਂ ’ਤੇ ਛਾਪੇ ਮਾਰੇ ਜਾ ਰਹੇ ਹਨ, ਜਿੱਥੇ ਘੱਟ ਤਨਖਾਹ ‘ਤੇ ਕੰਮ ਦਿੱਤਾ ਜਾਂਦਾ ਹੈ। ਸੂਤਰਾਂ ਅਨੁਸਾਰ ਇਕੱਲੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਹੀ 187 ਥਾਵਾਂ ਤੋਂ 950 ਤੋਂ ਵੱਧ ਸੈਲਾਨੀਆਂ ਨੂੰ ਕੰਮ ਕਰਦੇ ਫੜਿਆ ਗਿਆ, ਜਿਨ੍ਹਾਂ ਨੂੰ ਆਪੋ-ਆਪਣੇ ਦੇਸ਼ ਵਾਪਸ ਭੇਜਿਆ ਜਾ ਰਿਹਾ ਹੈ। ਉਨ੍ਹਾਂ ਨੂੰ ਰੁਜ਼ਗਾਰ ਦੇਣ ਵਾਲਿਆਂ ਨੂੰ ਵੀ ਵੱਡੇ ਜੁਰਮਾਨੇ ਹੋਏ ਹਨ। ਸ਼ਰਨ ਮੰਗਣ ਵਾਲਿਆਂ ਦੀਆਂ ਬਹੁਤੀਆਂ ਦਰਖਾਸਤਾਂ ਰੱਦ ਕੀਤੀਆਂ ਜਾਣ ਲੱਗੀਆਂ ਹਨ ਤੇ ਸ਼ਰਨ ਮਿਲਣ ਤੋਂ ਬਾਅਦ ਆਪਣੇ ਦੇਸ਼ਾਂ ਦੇ ਗੇੜੇ ਕੱਢਣ ਵਾਲਿਆਂ ਦੀ ਸਥਾਈ ਰਿਹਾਇਸ਼ ਮਨਜ਼ੂਰੀ (ਪੀਆਰ) ਰੱਦ ਕਰਕੇ ਉਨ੍ਹਾਂ ਨੂੰ ਵਾਪਸ ਭੇਜਿਆ ਜਾਣ ਲੱਗਾ ਹੈ। ਆਵਾਸ ਮੰਤਰੀ ਵੱਲੋਂ ਹਰ ਮਹੀਨੇ ਕੌਮਾਂਤਰੀ ਸਟੱਡੀ ਪਰਮਿਟਾਂ ’ਤੇ ਕਟੌਤੀ ਦਰ ਉੱਚੀ ਕਰਨ ਦੇ ਐਲਾਨ ਕੀਤੇ ਜਾ ਰਹੇ ਹਨ। ਸਿਰਫ ਯੂਨੀਵਰਸਿਟੀਆਂ ਨੂੰ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲੇ ਦੀ ਆਗਿਆ ਦੇਣ ਕਰਕੇ ਕਾਲਜਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਘਾਟ ਵੇਖਣ ਨੂੰ ਮਿਲੀ ਹੈ।

ਅੰਤਰਰਾਸ਼ਟਰੀ ਵਿਦਿਆਰਥੀਆਂ ਵਲੋਂ ਰਫਿਊਜ਼ੀ ਤੌਰ ‘ਤੇ ਅਰਜ਼ੀ ਦੇਣ ਵਿੱਚ ਹੋਏ ਵਾਧੇ ਦੇ ਕਈ ਕਾਰਨ ਹਨ:

1. **ਅੰਤਰਰਾਸ਼ਟਰੀ ਵਿਦਿਆਰਥੀਆਂ ਵਲੋਂ ਸਿੱਖਿਆ ਦੇ ਬਾਅਦ ਵਰਕ ਪਰਮਿਟ ਦੀ ਮਿਆਦ**

ਕੈਨੇਡਾ ਵਿੱਚ ਪੜ੍ਹਾਈ ਦੇ ਖਤਮ ਹੋਣ 'ਤੇ, ਵਿਦਿਆਰਥੀਆਂ ਨੂੰ 3 ਸਾਲ ਦਾ ਵਰਕ ਪਰਮਿਟ ਮਿਲਦਾ ਹੈ। ਇਸ ਦੌਰਾਨ, ਜੇਕਰ ਉਹ ਪੀ ਆਰ (ਪਰਮਾਨੈਂਟ ਰੈਜ਼ੀਡੈਂਸੀ) ਲਈ ਅਰਜ਼ੀ ਨਹੀਂ ਦੇ ਸਕਦੇ, ਤਾਂ ਉਹਨਾਂ ਨੂੰ ਦੇਸ਼ ਛੱਡਣਾ ਪੈ ਸਕਦਾ ਹੈ। ਇਹ ਗੱਲ ਕਈ ਵਿਦਿਆਰਥੀਆਂ ਨੂੰ ਰਫਿਊਜ਼ੀ ਅਰਜ਼ੀ ਦੇਣ ਵੱਲ ਮੋੜ ਰਹੀ ਹੈ, ਕਿਉਂਕਿ ਇਹ ਉਹਨਾਂ ਦੀ ਕੈਨੇਡਾ ਵਿੱਚ ਰਹਿਣ ਦੀ ਆਖਰੀ ਕੋਸ਼ਿਸ਼ ਬਣ ਜਾਂਦੀ ਹੈ।

2. **ਪੀ. ਆਰ. (ਪਰਮਾਨੈਂਟ ਰੈਜ਼ੀਡੈਂਸੀ) ਦੇ ਮੌਕਿਆਂ ਦੀ ਘਾਟ**

ਕੈਨੇਡਾ ਦੀ ਸਰਕਾਰ ਨੇ ਸਟੱਡੀ ਵੀਜ਼ੇ ਦੀਆਂ ਅਰਜ਼ੀਆਂ ਤਾਂ ਵਧਾਈਆਂ, ਪਰ ਪੀ. ਆਰ. ਹੋਣ ਦੇ ਮੌਕਿਆਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। 2020 ਤੋਂ ਬਾਅਦ ਐਕਸਪ੍ਰੈੱਸ ਐਂਟਰੀ ਅਤੇ ਹੋਰਨਾਂ ਪ੍ਰੋਗਰਾਮਾਂ ਵਿਚੋਂ ਵਿਦਿਆਰਥੀਆਂ ਲਈ ਵਾਧੂ ਮੌਕੇ ਪ੍ਰਾਪਤ ਨਹੀਂ ਹੋ ਰਹੇ ਹਨ।

3. **ਕੈਨੇਡਾ ਵਿਚ ਕੰਮ ਤਜ਼ਰਬੇ ਦੇ ਅਧਾਰ ਦੀ ਕਲਾਸ ਵਿੱਚ ਡਰਾਅ ਦੀ ਘਾਟ**

ਕੈਨੇਡੀਅਨ ਐਕਸਪੀਰੀਐਂਸ ਕਲਾਸ ☛ ਬਾਕੀ ਸਫ਼ਾ 31 ’ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਕਾਰੀ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

Space Available for Advertisement
Call
604-338-7310

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਬਲੌਕ ਕਿਊਬੈਕ ਦੀਆਂ ਮੰਗਾਂ ਪੂਰੀਆਂ ਕਰਨ ਲਈ ਲਿਬਰਲਜ਼ ਨੂੰ ਮਿਲਿਆ 29 ਅਕਤੂਬਰ ਤੱਕ ਦਾ ਸਮਾਂ

ਸਰੀ, (ਸਿਮਰਨਜੀਤ ਕੌਰ): ਬਲੌਕ ਕਿਊਬੈਕ ਨੇ ਕੈਨੇਡਾ ਦੀ ਲਿਬਰਲ ਸਰਕਾਰ ਨੂੰ 29 ਅਕਤੂਬਰ ਤੱਕ ਦੀ ਮਿਆਦ ਦਿੱਤੀ ਹੈ ਕਿ ਉਹ ਵਿੱਤੀ ਖੇਤਰਾਂ ਵਿੱਚ ਦੋ ਮੁੱਖ ਕਾਨੂੰਨ ਪਾਸ ਕਰੇ। ਜਿਸ ਦੇ ਅਨੁਸਾਰ 65 ਤੋਂ 74 ਸਾਲ ਦੀ ਉਮਰ ਦੇ ਬਜ਼ੁਰਗਾਂ ਲਈ ਓਲਡ ਏਜ ਸਕਿਓਰਿਟੀ (ਓਏਐਸ) ਦੇ ਭੁਗਤਾਨ ਵਿੱਚ 10 ਪ੍ਰਤੀਸ਼ਤ ਦਾ ਵਾਧਾ ਕੀਤਾ ਜਾਵੇਗਾ।

ਜੇ ਲਿਬਰਲ ਸਰਕਾਰ ਇਸ ਮਿਆਦ ਤੱਕ ਬਲੌਕ ਕਿਊਬੈਕ ਦੀਆਂ ਮੰਗਾਂ ਪੂਰੀਆਂ ਨਹੀਂ ਕਰਦੀ, ਤਾਂ ਬਲੌਕ ਕਿਊਬੈਕ ਦੇ ਆਗੂ ਯਿਵ-ਫਰਾਂਸਵਾਹ ਬਲਾਂਸ਼ੇ ਨੇ ਕਿਹਾ ਹੈ ਕਿ ਉਹ ਹੋਰ ਵਿਰੋਧੀ ਪਾਰਟੀਆਂ ਨਾਲ ਗੱਲਬਾਤ ਕਰ ਕੇ ਸਰਕਾਰ ਨੂੰ ਗਿਰਾਉਣ ਲਈ ਤਿਆਰੀਆਂ ਸ਼ੁਰੂ ਕਰ ਦੇਣਗੇ। ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਸੰਸਦ ਵਿੱਚ ਸਰਕਾਰ ਨੂੰ ਗਿਰਾਉਣ ਲਈ ਇੱਕ ਮਤੇ 'ਤੇ ਵੋਟਿੰਗ ਹੋਈ, ਜੋ ਕਿ ਲਿਬਰਲ ਸਰਕਾਰ ਦੀ ਘੱਟਗਿਣਤੀ ਸਰਕਾਰ ਨੂੰ ਗਿਰਾਉਣ ਲਈ ਪੇਸ਼ ਕੀਤਾ ਗਿਆ ਸੀ। ਇਸ ਮਤੇ ਨਿਊ ਡੈਮੋਕ੍ਰੈਟਿਕ ਪਾਰਟੀ (ਧਫ) ਅਤੇ ਕਿਊਬੈਕ ਨੇ ਇਸ ਮਤੇ ਦੇ ਵਿਰੋਧ ਵਿੱਚ ਵੋਟਿੰਗ ਕੀਤੀ ਜਿਸ ਕਰਕੇ ਜਸਟਿਨ ਟਰੂਡੋ ਆਪਣੀ ਘੱਟ ਗਿਣਤੀ ਸਰਕਾਰ ਨੂੰ ਫਿਲਹਾਲ ਬਚਾਉਣ 'ਚ ਕਾਮਯਾਬ ਰਹੇ ਹਨ।



ਪਰ ਇਸ ਦੇ ਨਾਲ ਹੀ ਬਲੌਕ ਕਿਊਬੈਕ ਨੇ ਆਪਣੀਆਂ ਸ਼ਰਤਾਂ ਵੀ ਲਿਬਰਲ ਸਰਕਾਰ ਅੱਗੇ ਰੱਖ ਦਿੱਤੀਆਂ ਹਨ ਅਤੇ ਕਿਹਾ ਹੈ ਜੇਕਰ ਲਿਬਰਲ ਸਰਕਾਰ ਵਲੋਂ ਇਹ ਮੰਗਾਂ ਕ੍ਰਿਸਮਸ ਤੋਂ ਪਹਿਲਾਂ ਨਾ ਮੰਨੀਆਂ ਗਈਆਂ ਤਾਂ ਉਹ ਦੂਜੀਆਂ ਪਾਰਟੀਆਂ ਨਾਲ ਮਿਲ ਕੇ ਸਰਕਾਰ ਗਿਰਾਉਣ 'ਤੇ ਵਿਚਾਰ ਕਰਨਗੇ।

ਬਲੌਕ ਕਿਊਬੈਕ ਦੀ ਪਹਿਲੀ ਮੰਗ ਹੈ ਕਿ ਸਰਕਾਰ 65 ਤੋਂ 74 ਸਾਲ ਦੀ ਉਮਰ ਦੇ ਬਜ਼ੁਰਗਾਂ ਲਈ ਓਲਡ ਏਜ ਸਕਿਓਰਿਟੀ ਵਿੱਚ ਵਾਧਾ ਕਰੇ। ਇਸ ਮੰਗ ਦਾ ਮਕਸਦ ਬਜ਼ੁਰਗਾਂ ਦੀ ਆਰਥਿਕ ਸੁਰੱਖਿਆ ਨੂੰ ਮਜ਼ਬੂਤ ਬਣਾਉਣਾ ਹੈ, ਕਿਉਂਕਿ ਮਹਿਲਾਂ ਵਿੱਚ ਬਜ਼ੁਰਗਾਂ ਲਈ ਜੀਵਨ ਖਰਚੇ ਵਧਦੇ ਜਾ ਰਹੇ ਹਨ।

ਦੂਜੀ ਮੰਗ ਕੈਨੇਡਾ ਦੇ ਸਪਲਾਈ ਮੈਨੇਜਮੈਂਟ ਸਿਸਟਮ ਨੂੰ ਹੋਰ ਮਜ਼ਬੂਤ ਕਰਨਾ ਹੈ, ਜੋ ਕਿ ਖੇਤੀਬਾੜੀ ਅਤੇ ਡੈਅਰੀ ਖੇਤਰਾਂ ਵਿੱਚ ਪੈਦਾ ਕਰਨ ਵਾਲਿਆਂ ਦੀਆਂ ਸਹੂਲਤਾਂ ਲਈ ਹੈ। ਬਲੌਕ ਕਿਊਬੈਕ ਚਾਹੁੰਦਾ ਹੈ ਕਿ ਖੇਤਰੀ ਸਪਲਾਈਆਂ ਦਾ ਸੰਚਾਲਨ ਹੋਰ ਵਧੀਆ ਬਣਾਇਆ ਜਾਵੇ, ਤਾਂ ਜੋ ਕਿਸਾਨਾਂ ਨੂੰ ਵੱਧ ਸੁਰੱਖਿਆ ਮਿਲ ਸਕੇ। ਬਲੌਕ ਕਿਊਬੈਕ ਦੇ ਮੁੱਖ ਆਗੂ ਬਲਾਂਸ਼ੇ ਨੇ ਕਿਹਾ ਕਿ ਜੇ ਸਰਕਾਰ ਇਹ ਮੰਗਾਂ ਮੰਨ ਲੈਂਦੀ ਹੈ, ਤਾਂ ਸਮੇਂ ਤੋਂ ਪਹਿਲਾਂ ਚੋਣਾਂ ਨਹੀਂ ਹੋਣਗੀਆਂ ਅਤੇ ਲਿਬਰਲਸ ਨੂੰ ਕ੍ਰਿਸਮਸ ਤੋਂ ਪਹਿਲਾਂ ਚੋਣਾਂ ਦਾ ਮੂੰਹ ਨਹੀਂ ਦੇਖਣਾ ਪਵੇਗਾ। ਬਲਾਂਸ਼ੇ ਨੇ ਇਹ ਵੀ ਸਪਸ਼ਟ ਕਰ ਦਿੱਤਾ ਕਿ ਜੇ ਮੰਗਾਂ ਪੂਰੀਆਂ ਨਾ ਹੋਈਆਂ, ਤਾਂ ਬਲੌਕ ਕਿਊਬੈਕ ਹੋਰ ਵਿਰੋਧੀ ਪਾਰਟੀਆਂ ਨਾਲ ਸਰਕਾਰ ਨੂੰ ਹਟਾਉਣ ਦੀ ਯੋਜਨਾ ਬਣਾਉਣ ਵਿੱਚ ਕੋਈ ਝਿਜਕ ਨਹੀਂ ਕਰੇਗਾ। ਇਸ ਤਹਿਤ ਕਈ ਹੋਰ ਮਤੇ ਆਉਣਗੇ, ਜਿਨ੍ਹਾਂ ਦਾ ਮੁੱਖ ਉਦੇਸ਼ ਸਰਕਾਰ ਨੂੰ ਘਟਗਿਣਤੀ ਦੀ ਪੀੜ ਵਿਚ ਢੱਕਣਾ ਹੋਵੇਗਾ।

ਸੰਸਦ ਵਿੱਚ ਇਹ ਸਥਿਤੀ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਕਨੇਡਾ ਦੀ ਘੱਟਗਿਣਤੀ ਲਿਬਰਲ ਸਰਕਾਰ ਦੀ ਅਸਥਿਰਤਾ ਨੂੰ ਲੈ ਕੇ ਕਈ ਪਾਰਟੀਆਂ ਵਿਚਕਾਰ ਦਬਾਅ ਬਣਦਾ ਜਾ ਰਿਹਾ ਹੈ, ਅਤੇ ਇਹ ਮਿਆਦ 29 ਅਕਤੂਬਰ ਤੱਕ ਸਰਕਾਰ ਲਈ ਇੱਕ ਵੱਡੀ ਚੁਣੌਤੀ ਸਾਬਤ ਹੋ ਸਕਦੀ ਹੈ। This report was written by Simranjit Singh as part of the Local Journalism Initiative.

# ਮੁਲਾਜ਼ਮਾਂ ਦੀ ਤਨਖਾਹ ਵਧਾਉਣ ਲਈ 92 ਮਿਲੀਅਨ ਡਾਲਰ ਖਰਚੇਗੀ ਵਾਲਮਾਰਟ ਕੈਨੇਡਾ

ਸਰੀ, (ਸਿਮਰਨਜੀਤ ਸਿੰਘ): ਵਾਲਮਾਰਟ ਕੈਨੇਡਾ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਹ ਘੰਟਾਵਾਰ ਰਿਟੇਲ ਅਤੇ ਫਰੰਟਲਾਈਨ ਮੁਲਾਜ਼ਮਾਂ ਲਈ ਤਨਖਾਹ ਵਿੱਚ 92 ਮਿਲੀਅਨ ਡਾਲਰ ਦਾ ਵਾਧਾ ਕਰ ਰਿਹਾ ਹੈ।

ਵਾਲਮਾਰਟ ਦੀ ਕੈਨੇਡਾਈ ਵਾਲਮਾਰਟ ਨੇ ਇਸ ਤਨਖਾਹ ਵਾਧੇ ਦਾ ਐਲਾਨ ਛੁੱਟੀਆਂ ਦੇ ਮੌਸਮ ਦੌਰਾਨ ਗਾਹਕਾਂ ਦੀ ਵਧਣ ਵਾਲੀ ਆਮਦ ਤੋਂ ਪਹਿਲਾਂ ਕੀਤਾ ਹੈ। ਇਸ ਤੋਂ ਪਹਿਲਾਂ, ਕੰਪਨੀ ਨੇ ਜੁਲਾਈ ਵਿੱਚ 53 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਸੀ।

ਇਸ ਵਾਧੇ ਦੇ ਨਾਲ-ਨਾਲ ਵਾਲਮਾਰਟ ਨੇ ਇਹ ਵੀ ਦੱਸਿਆ ਕਿ ਉਹ ਆਪਣੇ ਮੁਲਾਜ਼ਮਾਂ ਨੂੰ ਨਿੱਜੀ ਤੌਰ 'ਤੇ ਬਿਹਤਰ ਸਿਖਲਾਈ ਅਤੇ ਸਿੱਖਿਆ ਸਹੂਲਤਾਂ ਵੀ ਮੁਹੱਈਆ ਕਰਵਾ ਰਿਹਾ ਹੈ, ਜੋ ਕਿ ਮੁਲਾਜ਼ਮਾਂ ਲਈ ਮੁਫ਼ਤ




ਹੋਣਗੀਆਂ। ਪਿਛਲੇ ਹਫਤੇ, ਵਾਲਮਾਰਟ ਦੀ ਮਲਕੀਅਤ ਵਾਲੇ ਸੈਮਜ਼ ਕਲੱਬ ਨੇ ਇਹ ਵੀ ਦੱਸਿਆ ਸੀ ਕਿ ਉਹ 100,000 ਨਵੇਂ ਮੁਲਾਜ਼ਮਾਂ ਲਈ ਘੰਟਾਵਾਰ ਤਨਖਾਹ $16 ਤੱਕ ਵਧਾ ਰਿਹਾ ਹੈ। ਇਹ ਵਾਧਾ ਵਿਸ਼ੇਸ਼ ਤੌਰ 'ਤੇ ਐਨਟਰੀ-ਲੇਵਲ ਕੰਮਾਂ ਲਈ ਕੀਤਾ ਜਾ ਰਿਹਾ ਹੈ।

ਵਾਲਮਾਰਟ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਕਿਹਾ ਸੀ ਕਿ ਇਸਦਾ ਛੁੱਟੀਆਂ ਦੌਰਾਨ ਨਵਾਂ ਰਿਕਰੂਟਮੈਂਟ ਯੋਜਨਾ ਪਹਿਲਾਂ ਦੀਆਂ ਸਾਲਾਂ ਦੀ ਤਰ੍ਹਾਂ ਹੀ ਰਹੇਗੀ। ਉਹ ਪਹਿਲਾਂ ਮੌਜੂਦਾ ਮੁਲਾਜ਼ਮਾਂ ਨੂੰ ਵਾਧੂ ਘੰਟੇ ਦੇਣਗੇ ਅਤੇ ਜੇ ਜ਼ਰੂਰਤ ਪਈ, ਤਾਂ ਨਵੇਂ ਮੁਲਾਜ਼ਮਾਂ ਨੂੰ ਭਰਤੀ ਕੀਤਾ ਜਾਵੇਗਾ।

ਸੰਯੁਕਤ ਰਾਜ ਅਮਰੀਕਾ ਦੀ ਇਸ ਵੱਡੀ ਰਿਟੇਲ ਕੰਪਨੀ ਨੇ 2022 ਵਿੱਚ ਲਗਭਗ 40,000 ਸੀਜ਼ਨਲ ਮੁਲਾਜ਼ਮਾਂ ਦੀ ਭਰਤੀ ਕੀਤੀ ਸੀ। This report was written by Simranjit Singh as part of the Local Journalism Initiative.

# ਕੈਨੇਡਾ ਦੀ ਜਨਸੰਖਿਆ ਦੇ ਵਾਧੇ ਦੀ ਗਤੀ ਘਟੀ




ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਵਿੱਚ ਜਨਸੰਖਿਆ ਵਾਧੇ ਦੀ ਗਤੀ ਵਿੱਚ ਇਸ ਸਾਲ ਦੇ ਅਖੀਰਲੇ ਤਿਮਾਹੀ ਦੌਰਾਨ ਧੀਮਾਪਣ ਆਈ ਹੈ, ਜਿਸ ਦਾ ਮੁੱਖ ਕਾਰਨ ਸਰਕਾਰ ਵਲੋਂ ਅਸਥਾਈ ਮਾਈਗ੍ਰੇਸ਼ਨ ਨੂੰ ਘਟਾਉਣ ਲਈ ਕੀਤੇ ਜਾ ਰਹੇ ਉਪਰਾਲੇ ਹਨ। ਸਟੈਟਿਸਟਿਕਸ ਕੈਨੇਡਾ ਨੇ ਬੁੱਧਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ।

ਇਹ ਪਹਿਲੀ ਵਾਰ ਹੈ ਕਿ ਜਨਸੰਖਿਆ ਵਾਧਾ ਮਹਾਂਮਾਰੀ ਤੋਂ ਬਾਅਦ ਹੌਲੀ ਹੋਈ ਹੈ। 2020 ਵਿੱਚ ਕੋਵਿਡ-19 ਦੇ ਦੌਰਾਨ ਕੈਨੇਡਾ ਦੀਆਂ ਸਰਹੱਦਾਂ ਬੰਦ ਹੋਣ ਕਾਰਨ ਨਵੀਆਂ ਲੋਕਾਂ ਦੀ ਆਮਦ ਘੱਟ ਹੋ ਗਈ ਸੀ। ਕੈਨੇਡਾ ਦੀ ਜਨਸੰਖਿਆ ਵਿੱਚ ਵਾਧਾ ਮੁੱਖ ਤੌਰ 'ਤੇ ਅੰਤਰਰਾਸ਼ਟਰੀ ਮਾਈਗ੍ਰੇਸ਼ਨ ਕਰਕੇ ਹੋ ਰਿਹਾ ਹੈ।

ਜਨਵਰੀ ਵਿੱਚ, ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਘੋਸ਼ਣਾ ਕੀਤੀ ਸੀ ਕਿ ਸਰਕਾਰ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾਉਣ ਲਈ ਯੋਜਨਾਵਾਂ ਐਲਾਨੀਆਂ ਸਨ। ਮਹਾਂਮਾਰੀ ਤੋਂ ਬਾਅਦ ਅਸਥਾਈ ਨਿਵਾਸੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ, ਜਿਸ ਨਾਲ ਮਕਾਨਾਂ ਦੀ ਘਾਟ ਹੋਣ 'ਤੇ ਦਬਾਅ ਪਿਆ ਹੈ। ਹਾਲਾਂਕਿ, ਇਸ ਸਬੰਧੀ ਖਾਸ ਹਦਾਂ ਇਸ ਪਤਝੜ ਦੇ ਮੌਸਮ ਵਿੱਚ ਘੋਸ਼ਿਤ ਕੀਤੀਆਂ ਜਾਣਗੀਆਂ, ਪਰ ਇਸ ਤੋਂ ਪਹਿਲਾਂ ਹੀ ਸਰਕਾਰ ਨੇ ਅਸਥਾਈ ਕਰਮਚਾਰੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਕਈ ਕਦਮ ਚੁੱਕੇ ਹਨ।

ਸਟੈਟਿਸਟਿਕਸ ਕੈਨੇਡਾ ਦੇ ਮੁਤਾਬਕ, ਅਸਥਾਈ ਨਿਵਾਸੀਆਂ ਦੀ ਗਿਣਤੀ ਵਧਣ ਦੇ ਬਾਵਜੂਦ, ਜਨਸੰਖਿਆ 'ਚ ਵਾਧੇ ਦੀ ਰਫਤਾਰ 2023 ਦੇ ਅਕਤੂਬਰ ਤੋਂ ਹੌਲੀ ਹੋ ਰਹੀ ਹੈ। "ਦੂਜੇ ਤਿਮਾਹੀ ਵਿੱਚ, 117,836 ਅਸਥਾਈ ਨਿਵਾਸੀਆਂ ਦੀ ਸੂੱਚੀ ਵਧੀ, ਇਹ 2023 ਦੀ ਪਹਿਲੀ ਤਿਮਾਹੀ ਤੋਂ ਲੈ ਕੇ ਸਭ ਤੋਂ ਛੋਟਾ ਵਾਧਾ ਸੀ, ਅਤੇ ਪਿਛਲੇ ਤਿੰਨ ਤਿਮਾਹੀਆਂ ਵਿੱਚ ਅਸਥਾਈ ਨਿਵਾਸੀਆਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਹੈ।

ਜਨਸੰਖਿਆ ਦੀ ਗਤੀ 'ਚ ਆਏ ਧੀਮੇਪਣ ਦਾ ਮੁੱਖ ਕਾਰਨ ਵਿਦਿਆਰਥੀ ਵੀਜ਼ਿਆਂ ਵਿੱਚ ਕੀਤੇ ਗਏ ਬਦਲਾਅ ਹਨ। ਮਾਰਕ ਮਿੱਲਰ ਨੇ ਕਿਹਾ, "ਜੋ ਕੁਝ ਅਸੀਂ ਦੇਖ ਰਹੇ ਹਾਂ, ਮੈਨੂੰ ਲੱਗਦਾ ਹੈ ਕਿ ਇਹ ਸਕਾਰਾਤਮਕ ਹੈ। ਇਹ ਸਬੂਤ ਹੈ ਕਿ ਕਈ ਉਪਰਾਲੇ ਕਾਰਗਰ ਹੋ ਰਹੇ ਹਨ।

ਹਾਲਾਂਕਿ ਜਨਸੰਖਿਆ ਵਾਧਾ ਹੌਲੀ ਹੋਇਆ ਹੈ, ਫਿਰ ਵੀ ਇਹ 2022 ਤੋਂ ਪਹਿਲਾਂ ਦੇ ਕਿਸੇ ਵੀ ਦੂਜੇ ਤਿਮਾਹੀ ਦੀ ਬਜਾਏ ਵਧੇਰੇ ਸੀ। ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਦੇਸ਼ ਦੀ ਜਨਸੰਖਿਆ 1 ਜੁਲਾਈ 2024 ਨੂੰ 41,288,599 ਤੱਕ ਪਹੁੰਚ ਗਈ।

ਅਲਬਰਟਾ ਪ੍ਰਾਂਤਾਂ ਵਿੱਚ ਸਭ ਤੋਂ ਤੇਜ਼ ਵਾਧਾ ਹੋਇਆ, ਜਿਸ ਵਿੱਚ 1.0 ਪ੍ਰਤੀਸ਼ਤ ਦੀ ਵਾਧਾ ਦਰ ਦਰਜ ਕੀਤੀ ਗਈ, ਜਦੋਂ ਕਿ ਨਾਰਥਵੈਸਟ ਟੈਰਿਟੋਰੀਜ਼ ਵਿੱਚ ਸਭ ਤੋਂ ਹੌਲੀ ਦਰ ਨਾਲ ਕੇਵਲ 0.1 ਪ੍ਰਤੀਸ਼ਤ ਵਾਧਾ ਹੋਇਆ। This report was written by Simranjit Singh as part of the Local Journalism Initiative.

JOB AND FAIR
owned by L.S Fair Enterprise

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਕੈਨੇਡਾ ਦੀ ਜਨਨ ਦਰ ਰਿਕਾਰਡ ਪੱਧਰ ’ਤੇ ਘਟੀ

## ਕੈਨੇਡਾ ਹੁਣ ਦੁਨੀਆ ਭਰ ਦੇ ਸਭ ਤੋਂ ਘੱਟ ਜਨਨ ਦਰ ਵਾਲੇ ਮੁਲਕਾਂ ‘ਚ ਹੋਇਆ ਸ਼ਾਮਲ



ਸਰੀ, (ਸਿਮਰਨਜੀਤ ਕੌਰ): ਕੈਨੇਡਾ ਦੀ ਜਨਨ ਦਰ, ਜੋ ਕਿ ਪਿਛਲੇ ਕਈ ਸਾਲਾਂ ਤੋਂ ਥੋੜ੍ਹੀ-ਥੋੜ੍ਹੀ ਕਰਕੇ ਘਟ ਰਹੀ ਸੀ, 2023 ਵਿੱਚ ਵੀ ਰਿਕਾਰਡ ਪੱਧਰ ‘ਤੇ ਘਟ ਦਰਜ ਹੋਈ ਹੈ ਜਿਸ ਤੋਂ ਬਾਅਦ ਹੁਣ ਨਵੇਂ ਅੰਕੜਿਆਂ ਅਨੁਸਾਰ, ਕੈਨੇਡਾ ਦਾ ਫਰਟਿਲਿਟੀ ਰੇਟ ਉਹਨਾਂ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ ਦੀ ਜਨਨ ਦਰ ਸਭ ਤੋਂ ਹੇਠਾਂ ਹੈ।

ਬੁੱਧਵਾਰ ਨੂੰ ਜਾਰੀ ਕੀਤੇ ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜਿਆਂ ਦੇ ਮੁਤਾਬਕ, 2023 ਵਿੱਚ ਕੈਨੇਡਾ ਦੀ ਔਸਤ ਜਨਨ ਦਰ 1.26 ਬੱਚੇ ਪ੍ਰਤੀ ਔਰਤ ਸੀ, ਜੋ ਕਿ 1961 ਤੋਂ ਲਗਾਤਾਰ ਅੰਕੜੇ ਇਕੱਠੇ ਕੀਤੇ ਜਾਣ ਤੋਂ ਬਾਅਦ ਸਭ ਤੋਂ ਘੱਟ ਪੱਧਰ ‘ਤੇ ਪਹੁੰਚ ਗਈ ਹੈ। ਇਹ ਰਿਕਾਰਡ ਘੱਟ ਜਨਨ ਦਰ ਦੇਸ਼ ਦੇ ਸਾਰੇ 13 ਸੂਬਿਆਂ ਵਿੱਚੋਂ 10 ਵਿੱਚ ਦਰਜ ਕੀਤੀ ਗਈ ਹੈ। ਫਰਟਿਲਿਟੀ ਰੇਟ ਇੱਕ ਅੰਦਾਜ਼ਾ ਹੁੰਦਾ ਹੈ ਕਿ ਔਸਤ ਵਿੱਚ ਇਕ ਔਰਤ ਆਪਣੀ ਜਨਨ ਸਮਰੱਥਾ ਦੇ ਸਮੇਂ ਵਿੱਚ ਕਿੰਨੇ ਬੱਚਿਆਂ ਨੂੰ ਜਨਮ ਦੇ ਸਕਦੀ ਹੈ। 2022 ਵਿੱਚ ਵੀ ਜਨਨ ਦਰ 1.33 ਸੀ, ਜੋ ਕਿ ਉਸ ਸਮੇਂ ਵੀ ਇੱਕ ਰਿਕਾਰਡ ਸਭ ਤੋਂ ਘੱਟ ਹੋਣ ਦਾ ਰਿਕਾਰਡ ਬਣਿਆ ਸੀ। ਪਰ ਹੁਣ 2023 ਵਿੱਚ ਇਹ ਰਿਕਾਰਡ ਮੁੜ ਟੁੱਟ ਗਿਆ ਹੈ।

ਕੁੱਲ ਮਿਲਾ ਕੇ, 2023 ਵਿੱਚ ਕਨੇਡਾ ਵਿੱਚ 351,477 ਬੱਚਿਆਂ ਦਾ ਜਨਮ ਹੋਇਆ, ਜੋ ਕਿ 2022 ਦੇ ਅੰਕੜਿਆਂ ਨਾਲ ਮਿਲਦੇ-ਜੁਲਦੇ ਹਨ। ਨਵੀਂ ਫਰਟਿਲਿਟੀ ਦੇ ਅੰਕੜਿਆਂ ਨਾਲ, ਕੈਨੇਡਾ ਹੁਣ 1.3 ਜਾਂ ਇਸ ਤੋਂ ਘੱਟ ਫਰਟਿਲਿਟੀ ਰੇਟ ਵਾਲੇ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ। ਇਸ ਸ਼੍ਰੇਣੀ ਵਿੱਚ ਦੱਖਣੀ ਕੋਰੀਆ, ਸਪੇਨ, ਇਟਲੀ ਅਤੇ ਜਪਾਨ ਵੀ ਸ਼ਾਮਲ ਹਨ। ਜਨਵਰੀ ਵਿੱਚ ਜਾਰੀ ਹੋਈ ਇੱਕ ਰਿਪੋਰਟ ਅਨੁਸਾਰ, ਕੈਨੇਡਾ ਵੀ ਹੋਰ ਦੇਸ਼ਾਂ ਵਾਂਗ “ਫਰਟਿਲਿਟੀ ਪੈਂਡੈਮਿਕ ਰੋਲਰਕੋਸਟਰ” ਨਾਲ ਗੁਜ਼ਰ ਰਿਹਾ ਹੈ, ਜਿੱਥੇ ਕਈ ਪਰਿਵਾਰਾਂ ਨੇ ਬੱਚੇ ਪੈਦਾ ਕਰਨ ਦੇ ਫੈਸਲੇ ਨੂੰ ਮੁੜ ਵਿਚਾਰਿਆ ਹੈ। ਰਿਪੋਰਟ ਅਨੁਸਾਰ ਕੋਵਿਡ-19 ਮਹਾਂਮਾਰੀ ਦੇ ਦੌਰਾਨ ਆਰਥਿਕ ਅਤੇ ਸਮਾਜਕ ਹਾਲਾਤਾਂ ਨੇ ਕਈ ਤਬਦੀਲੀਆਂ ਪੈਦਾ ਕੀਤੀਆਂ, ਜਿਸ ਨਾਲ ਕੁਝ ਲੋਕਾਂ ਨੇ ਆਪਣੇ ਬੱਚਿਆਂ ਨੂੰ ਜਨਮ ਦੇਣ ਦੇ ਫੈਸਲੇ ਨੂੰ ਟਾਲਿਆ ਹੈ।

ਮਾਹਿਰ ਵੀ ਲੰਬੇ ਸਮੇਂ ਦੀ ਆਰਥਿਕ ਅਸਥਿਰਤਾ, ਵਧ ਰਹੀ ਮਹਿੰਗਾਈ, ਬਦਲ ਰਹੀ ਜੀਵਨ ਸ਼ੈਲੀ ਅਤੇ ਨੌਕਰੀ ਸੰਬੰਧੀ ਫੈਸਲਿਆਂ ਨੂੰ ਕੈਨੇਡਾ ਵਿੱਚ ਜਨਨ ਦਰ ਘਟਣ ਦਾ ਮੁੱਖ ਕਾਰਕ ਮੰਨਦੇ ਹਨ।

ਇਸ ਮੁੱਦੇ ’ਤੇ ਕਿੰਗਜ਼ ਯੂਨੀਵਰਸਿਟੀ ਕਾਲਜ ਦੇ ਡੈਮੋਗ੍ਰਾਫਰ ਡਾਨ ਕੇਰ ਨੇ ਕਿਹਾ, "ਅੱਜਕਲ ਦੇ ਖਰਚੇ ਬਹੁਤ ਵਧ ਗਏ ਹਨ। ਕੈਨੇਡਾ ਵਿੱਚ ਵਧੀ ਮਹਿੰਗਾਈ ਨੇ ਹਾਲਾਤ ਬਹੁਤ ਔਖੇ ਕਰ ਦਿੱਤੇ ਹਨ। ਬਹੁਤ ਸਾਰੇ ਜੋੜੇ ਆਪਣੀਆਂ ਤਨਖਾਹਾਂ ਅਤੇ ਖਰਚਿਆਂ ਨੂੰ ਦੇਖਦੇ ਹੋਏ ਕਹਿੰਦੇ ਹਨ, ‘ਸ਼ਾਇਦ ਇਹ ਬੱਚੇ ਪੈਦਾ ਕਰਨ ਦਾ ਸਹੀ ਸਮਾਂ ਨਹੀਂ ਹੈ।’

ਸਟੈਟਕੈਨ ਦੇ ਅੰਕੜੇ ਇਸ ਗੱਲ ਨੂੰ ਵੀ ਦਰਸਾਉਂਦੇ ਹਨ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਪ੍ਰੀਮੈਚੂਰ ਜਨਮਾਂ ਦੀ ਦਰ ਵਿੱਚ ਵਾਧਾ ਹੋਇਆ ਹੈ। 2023 ਵਿੱਚ, ਇਹ ਦਰ 8.3% ਰਹੀ, ਜੋ ਕਿ ਪਿਛਲੇ 50 ਸਾਲਾਂ ਵਿੱਚ ਸਭ ਤੋਂ ਉੱਚੀ ਹੈ। ਪ੍ਰੀਮੈਚੂਰ ਜਨਮ ਉਹ ਹੁੰਦਾ ਹੈ ਜਦੋਂ ਬੱਚਾ 37 ਹਫ਼ਤਿਆਂ ਤੋਂ ਪਹਿਲਾਂ ਹੀ ਜਨਮ ਲੈਂਦਾ ਹੈ। ਇਸ ਨਾਲ ਬੱਚਿਆਂ ਵਿੱਚ ਬਿਮਾਰੀਆਂ, ਹਸਪਤਾਲ ਵਿੱਚ ਭਰਤੀ ਹੋਣ ਅਤੇ ਮੌਤ ਦਾ ਖਤਰਾ ਵਧ ਜਾਂਦਾ ਹੈ। ਰਿਪੋਰਟ ਅਨੁਸਾਰ ਪ੍ਰੀਮੈਚੂਰ ਜਨਮਾਂ ਦੀ ਵੱਧ ਰਹੀ ਦਰ ਦਾ ਕਾਰਨ ਵੱਡੀ ਉਮਰ ਦੀਆਂ ਮਾਵਾਂ ਦੀ ਵਧ ਰਹੀ ਸੰਖਿਆ ਹੋ ਸਕਦੀ ਹੈ, ਕਿਉਂਕਿ ਉਮਰ ਵੱਧਣ ਨਾਲ ਪ੍ਰੀਮੈਚੂਰ ਜਨਮ ਦਾ ਖਤਰਾ ਵੀ ਵੱਧ ਜਾਂਦੀ ਹੈ। ਪਿਛਲੇ ਸਾਲ, 35 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਮਾਵਾਂ ਦੀ ਸੰਖਿਆ 26.5% ਸੀ, ਜੋ ਕਿ 1993 ਵਿੱਚ ਸਿਰਫ਼ 10.7% ਸੀ। This report was written by Simranjit Singh as part of the Local Journalism Initiative.

# ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ 40% ਫਾਈਨੈਂਸ ਕਰਵਾਂਗੇ : ਡੇਵਿਡ ਈਬੀ

ਸਰੀ (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ ਬੀ.ਸੀ. ਐਨ.ਡੀ.ਪੀ. ਦੇ ਨੇਤਾ ਡੇਵਿਡ ਈਬੀ ਨੇ ਬੁੱਧਵਾਰ ਸਵੇਰੇ ਇੱਕ ਵੱਡਾ ਐਲਾਨ ਕੀਤਾ, ਜਿਸ ਵਿੱਚ ਪਹਿਲੀ ਵਾਰ ਘਰ ਖਰੀਦਣ ਵਾਲੇ ਲੋਕਾਂ ਦੀ ਮਦਦ ਕਰਨ ਲਈ ਇੱਕ ਨਵੀਂ ਯੋਜਨਾ ਦੀ ਪੇਸ਼ਕਸ਼ ਕੀਤੀ।

"ਓਪਨਿੰਗ ਡੋਰਸ ਟੂ ਹੋਮ-ਔਨਰਸ਼ਿਪ" ਯੋਜਨਾ ਦਾ ਐਲਾਨ ਕਰਦਿਆਂ, ਈਬੀ ਨੇ ਕਿਹਾ ਕਿ ਇਸ ਯੋਜਨਾ ਦਾ ਮਕਸਦ ਯੋਗ ਪਰਿਵਾਰਾਂ ਨੂੰ ਆਪਣਾ ਪਹਿਲਾ ਘਰ ਖਰੀਦਣ ਵਿੱਚ ਮਦਦ ਕਰਨਾ ਹੈ। ਇਸ ਯੋਜਨਾ ਦੇ ਤਹਿਤ, ਸੂਬਾ ਘਰ ਦੀ ਕੀਮਤ ਦਾ 40% ਫਾਈਨੈਂਸ ਕਰੇਗਾ, ਜਿਸ ਨਾਲ ਪਰਿਵਾਰਾਂ ਲਈ ਘਰ ਖਰੀਦਣਾ ਅਸਾਨ ਹੋਵੇਗਾ।

ਡੇਵਿਡ ਈਬੀ ਨੇ ਕਿਹਾ, "ਜਿੱਥੇ ਵੀ ਮੈਂ ਜਾਂਦਾ ਹਾਂ, ਪਰਿਵਾਰ ਮੈਨੂੰ ਦੱਸਦੇ ਹਨ ਕਿ ਉਹ ਆਪਣੇ ਪਹਿਲੇ ਘਰ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਚਾਹਤ ਰੱਖਦੇ ਹਨ, ਪਰ ਸਾਲਾਂ ਤੋਂ ਚੱਲ ਰਹੀ ਜ਼ਮਨੀ ਸਪੈਕੂਲੇਸ਼ਨ ਨੇ ਇਸ ਸਪਨੇ ਨੂੰ ਬਹੁਤ ਸਾਰੇ ਲੋਕਾਂ ਲਈ ਦੂਰ ਕਰ ਦਿੱਤਾ ਹੈ।"

ਅਸੀਂ ਇਸ ਯੋਜਨਾ ਰਾਹੀਂ ਹਜ਼ਾਰਾਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਇਹ ਸੁਪਨਾ ਸਚ ਕਰਾਂਗੇ। ਇਸ ਨਾਲ ਘਰ ਦੀਆਂ ਕੀਮਤਾਂ ਅਤੇ ਮਾਰਜ ਗਿਣਤੀਆਂ ਘਟਣਗੀਆਂ"

ਬੀ.ਸੀ. ਐਨ.ਡੀ.ਪੀ. ਦੀ ਇਸ ਯੋਜਨਾ ਦੇ ਤਹਿਤ, ਰਿਹਾਇਸ਼ੀ ਮਕਾਨਾਂ ਨੂੰ ਮਾਰਕੀਟ ਕੀਮਤ ਦੇ 60% ਉੱਪਰ ਖਰੀਦਿਆ ਜਾ ਸਕੇਗਾ। ਸੂਬਾਈ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਯੋਗਦਾਨ ਰਕਮ ਨੂੰ ਮਾਲਕਾਂ ਵੱਲੋਂ ਘਰ ਵੇਚਣ ਵੇਲੇ ਜਾਂ 25 ਸਾਲਾਂ ਬਾਅਦ ਮੁੜ ਅਦਾ ਕਰਨਾ ਪਵੇਗਾ। ਇਸ ਨਾਲ ਨਾਲ, ਕੀਮਤ ਵਾਧੇ ਨਾਲ ਮਿਲਦੇ ਲਾਭ ਵਿੱਚੋਂ ਵੀ ਹਿੱਸਾ ਵਾਪਸ ਕੀਤਾ ਜਾਵੇਗਾ। This report was written by Simranjit Singh as part of the Local Journalism Initiative.


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖ਼ਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖ਼ਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE SIGHT TEST



ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY BACK LIFE INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਕੈਨੇਡਾ ਵਿੱਚ ਗੱਡੀਆਂ ਚੋਰੀ ਹੋਣ ਦੇ ਮਾਮਲੇ 54% ਵਧੇ

## ਠੱਗਾਂ ਨੇ ਗੱਡੀਆਂ ਚੋਰੀ ਕਰਨ ਦਾ ਕੱਢਿਆ ਨਵਾਂ ਤਰੀਕਾ, ਔਨਲਾਈਨ ਨਕਲੀ ਦਸਤਾਵੇਜ਼ ਰਾਹੀਂ ਰਹੇ ਗੱਡੀਆਂ ਚੋਰੀ

ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਵਿੱਚ ਆਟੋ ਫ਼ਰਾਡ ਦੇ ਮਾਮਲਿਆਂ ਵਿੱਚ 54% ਵਾਧਾ ਹੋਇਆ ਹੈ, ਜੋ ਲੋਕਾਂ ਵਿੱਚ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦੇ ਕਾਰਨ ਸਿਰਫ਼ ਚੋਰ ਜਾਂ ਗੈਂਗ ਹੀ ਨਹੀਂ, ਸਗੋਂ ਹੋਰ ਨਵਾਂ ਹੈਰਾਨਕੁੰਨ ਤਰੀਕਾ ਜੋ ਠੱਗਾਂ ਵਲੋਂ ਵਰਤਿਆ ਜਾ ਰਿਹਾ ਹੈ ਉਹ ਸਾਹਮਣੇ ਆਇਆ ਹੈ।

ਇਕ ਨਵੇਂ ਰਿਪੋਰਟ ਮੁਤਾਬਕ, ਆਟੋ ਫ਼ਰਾਡ ਵਿੱਚ ਵਾਧੇ ਦਾ ਮੁੱਖ ਕਾਰਨ ਆਨਲਾਈਨ ਕਰੈਡਿਟ ਦਸਤਾਵੇਜ਼ਾਂ ਅਤੇ ਆਈਡੈਂਟੀਟੀ ਚੋਰੀ ਕਰਨਾ ਹੈ। ਕਈ ਮੌਕੇ 'ਤੇ, ਇਹ ਅਪਰਾਧੀ ਗੱਡੀਆਂ ਦੀ ਚੋਰੀ ਨਾਲ ਨਹੀਂ, ਸਗੋਂ ਨਕਲੀ ਦਸਤਾਵੇਜ਼ ਅਤੇ ਕਰੈਡਿਟ ਕਾਰਡ ਠੱਗੀ ਰਾਹੀਂ ਅਪਰਾਧ ਕਰਦੇ ਹਨ। ਇਹ ਨਵੇਂ ਤਰੀਕੇ ਸਧਾਰਨ ਚੋਰੀ ਤੋਂ ਵੱਧ ਖ਼ਤਰਨਾਕ ਹਨ ਕਿਉਂਕਿ ਇਹਨਾਂ ਨਾਲ ਬੈਕਿੰਗ ਸਿਸਟਮ ਅਤੇ ਫਾਇਨੈਂਸ ਕੰਪਨੀਆਂ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ। ਹੁਣ ਬਹੁਤ ਸਾਰੇ ਮਾਮਲੇ ਅਜਿਹੇ ਸਾਹਮਣੇ ਆ ਚੁੱਕੇ ਜੋ ਨਕਲੀ ਦਸਤਾਵੇਜ਼ਾਂ ਦੀ ਵਰਤੋਂ ਰਾਹੀਂ ਆਟੋ-ਲੋਨ ਲੈ ਕੇ ਗੱਡੀਆਂ ਦੀ ਠੱਗੀ ਨਾਲ ਜੁੜੇ ਹੋਏ ਹਨ। ਇਹ ਅਪਰਾਧੀ ਵੱਡੀਆਂ ਏਜੰਸੀਓਂ, ਡੀਲਰਾਂ ਅਤੇ ਕਰੈਡਿਟ ਕੰਪਨੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਨ੍ਹਾਂ ਦੇ ਨਕਲੀ ਆਈਡੈਂਟੀਟੀ ਅਤੇ ਕਰੈਡਿਟ ਸਕਾਰਿੰਗ ਨਾਲ, ਉਹ




ਮਹਿੰਗੀਆਂ ਗੱਡੀਆਂ ਨੂੰ ਖਰੀਦਦੇ ਹਨ ਅਤੇ ਬਾਅਦ ਵਿੱਚ ਗੱਡੀਆਂ ਨੂੰ ਦੁਬਾਰਾ ਵੇਚ ਕੇ ਪੈਸੇ ਕਮਾਉਂਦੇ ਹਨ।

ਇਸ ਫਰਾਡ ਦੇ ਨਵੇਂ ਤਰੀਕੇ ਆਮ ਲੋਕਾਂ ਲਈ ਸਮਝਣੇ ਥੋੜੇ ਮੁਸ਼ਕਲ ਹਨ ਕਿਉਂਕਿ ਇਹ ਸਿਰਫ ਗੱਡੀ ਦੀ ਚੋਰੀ ਤੱਕ ਸੀਮਿਤ ਨਹੀਂ ਹੁੰਦਾ, ਸਗੋਂ ਕ੍ਰਿਡਿਟ ਠੱਗੀ, ਆਈਡੈਂਟੀਟੀ ਚੋਰੀ ਕਰਨ ਅਤੇ ਹੋਰ ਆਰਥਿਕ ਅਪਰਾਧਾਂ ਨਾਲ ਵੀ ਜੁੜਿਆ ਹੁੰਦਾ ਹੈ। ਇਸ ਤਰ੍ਹਾਂ ਦੇ ਮਾਮਲਿਆਂ ਨਾਲ ਨਿਪਟਣ ਵਾਲੀਆਂ ਏਜੰਸੀਆਂ ਅਤੇ ਬੈਂਕਾਂ ਲਈ ਵੀ ਇਹ ਚੁਣੌਤੀਪੂਰਨ ਹੈ ਕਿਉਂਕਿ ਇਹ ਅਪਰਾਧੀ ਅਕਸਰ ਟੈਕਨੋਲੋਜੀ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਦੀ ਪਛਾਣ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਕੈਨੇਡਾ ਵਿੱਚ ਇਸ ਵਾਧੇ ਹੋਏ ਆਟੋ ਫਰਾਡ ਦੇ ਨਾਲ, ਬੀਮਾ ਕੰਪਨੀਆਂ ਨੂੰ ਵੀ ਵੱਡੇ ਪੈਮਾਨੇ 'ਤੇ ਨੁਕਸਾਨ ਹੋ ਰਿਹਾ ਹੈ। ਬੀਮਾ ਕੰਪਨੀਆਂ ਦਾ ਨਕਲੀ ਦਾਅਵਿਆਂ ਨਾਲ ਨਿਪਟਣਾ ਵੱਡੀ ਸਮੱਸਿਆ ਬਣ ਗਿਆ ਹੈ। ਇੱਕ ਇਹ ਵੀ ਕਾਰਨ ਮੰਨਿਆ ਜਾ ਰਿਹਾ ਹੈ ਜਿਸ ਨਾਲ ਬੀਮਾ ਦੇ ਰੇਟ ਵਧ ਰਹੇ ਹਨ, ਜਿਸਦਾ ਸਿੱਧਾ ਪ੍ਰਭਾਵ ਆਮ ਲੋਕਾਂ 'ਤੇ ਪੈਂਦਾ ਹੈ।

ਬੀਮਾ ਮਾਹਿਰਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਆਪਣੀਆਂ ਨਿੱਜੀ ਜਾਣਕਾਰੀਆਂ ਨੂੰ ਸੁਰੱਖਿਅਤ ਰੱਖਣ ਲਈ ਹੋਰ ਜ਼ਿਆਦਾ ਸਾਵਧਾਨ ਰਹਿਣਾ ਚਾਹੀਦਾ ਹੈ। ਕਰੈਡਿਟ ਰਿਪੋਰਟਾਂ ਨੂੰ ਸਮੇਂ-ਸਮੇਂ 'ਤੇ ਚੈੱਕ ਕਰਨਾ ਅਤੇ ਕਿਸੇ ਵੀ ਅਣਪਛਾਤੇ ਆਨਲਾਈਨ ਸੰਪਰਕ ਤੋਂ ਬਚਣਾ ਚਾਹੀਦਾ ਹੈ। ਕੈਨੇਡਾ ਦੇ ਕਈ ਸੂਬਿਆਂ ਵਿੱਚ ਆਟੋ ਫ਼ਰਾਡ ਨਾਲ ਨਿਪਟਣ ਲਈ ਨਵੇਂ ਕਾਨੂੰਨ ਲਾਗੂ ਕੀਤੇ ਜਾ ਰਹੇ ਹਨ। ਇਸ ਵਿੱਚ ਫ਼ਾਇਨੈਂਸ ਕੰਪਨੀਆਂ ਲਈ ਨਵੇਂ ਸੁਰੱਖਿਅਤ ਸਿਸਟਮ ਬਣਾਉਣ ਅਤੇ ਜਾਗਰੂਕਤਾ ਮੁਹਿੰਮਾਂ ਦਾ ਪ੍ਰਚਾਰ ਸ਼ਾਮਿਲ ਹੈ, ਤਾਂ ਜੋ ਲੋਕਾਂ ਨੂੰ ਫ਼ਰਾਡ ਦੇ ਬਾਰੇ ਸਮੇਂ ਤੇ ਜਾਣਕਾਰੀ ਮਿਲ ਸਕੇ।

ਜਿਵੇਂ ਜਿਵੇਂ ਇਹ ਅਪਰਾਧ ਵਧ ਰਹੇ ਹਨ, ਇਹ ਜ਼ਰੂਰੀ ਹੈ ਕਿ ਲੋਕ ਆਪਣੇ ਨਿੱਜੀ ਅਤੇ ਵਿੱਤੀ ਦਸਤਾਵੇਜ਼ਾਂ ਦੀ ਰਾਖੀ ਕਰਨ ਲਈ ਹੋਰ ਸੁਰੱਖਿਅਤ ਤਰੀਕੇ ਅਪਣਾਉਣ।

# ਕੈਨੇਡਾ ਸਮੇਤ ਕਈ ਦੇਸ਼ਾਂ ਵਲੋਂ ਤਲ-ਅਵੀਵ ਅਤੇ ਲਿਬਨਾਨ ਦੀਆਂ ਹਵਾਈ ਉਡਾਣਾਂ ਰੱਦ

ਸਰੀ, (ਸਿਮਰਨਜੀਤ ਸਿੰਘ): ਇਜ਼ਰਾਇਲ ਅਤੇ ਲਿਬਨਾਨ ਵਿੱਚ ਵਧ ਰਹੇ ਟਕਰਾਅ ਕਾਰਨ ਕਈ ਵੱਡੀਆਂ ਹਵਾਈ ਕੰਪਨੀਆਂ ਨੇ ਤਲ ਅਵੀਵ ਅਤੇ ਬੇਰੂਤ ਲਈ ਆਪਣੀਆਂ ਉਡਾਣਾਂ ਅਸਥਾਈ ਤੌਰ 'ਤੇ ਰੱਦ ਕਰ ਦਿੱਤੀਆਂ ਹਨ। ਕੈਨੇਡਾ ਸਰਕਾਰ ਵਲੋਂ ਵੀ ਤਲ-ਅਵੀਵ ਅਤੇ ਲਿਬਨਾਨ ਲਈ ਹਵਾਈ ਸੇਵਾਵਾਂ ਰੱਦ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਫ਼ੈਸਲੇ ਦਾ ਕਾਰਨ ਖੇਤਰ ਵਿੱਚ ਵਧਦੇ ਹਿੰਸਕ ਟਕਰਾਅ ਹਨ, ਜੋ ਮੁੱਖ ਤੌਰ 'ਤੇ ਇਸਰਾਇਲ-ਹਿਜ਼ਬੁੱਲਾ ਸੰਘਰਸ਼ ਦੀ ਵਰਧੀ ਕਾਰਨ ਪੈਦਾ ਹੋਏ ਹਨ।

ਇਸ ਤੋਂ ਇਲਾਵਾ ਹੁਣ ਐਮਸਟਰਡੈਮ, ਫਰੈਂਕਫ਼ਰਟ, ਪੈਰਿਸ, ਅਤੇ ਨਿਊਯਾਰਕ ਤੋਂ ਤਲ ਅਵੀਵ ਲਈ ਚੱਲਣ ਵਾਲੀਆਂ ਕਈ ਉਡਾਣਾਂ ਨੂੰ ਰੱਦ




ਕਰਨ ਵਾਲੀਆਂ ਹਵਾਈ ਕੰਪਨੀਆਂ ਵਿੱਚ ਐਲ ਅਲ, ਲੁਫਤਾਂਸਾ, ਐਮਿਰੇਟਸ ਅਤੇ ਏਅਰ ਫਰਾਂਸ ਸ਼ਾਮਲ ਹਨ। ਬੇਰੂਤ ਦੀ ਬੇਨਗੁਰੀਅਨ ਏਅਰਪੋਰਟ ਅਤੇ ਇਜ਼ਰਾਇਲ ਦੇ ਕਈ ਹੋਰ ਹਵਾਈ ਅੱਡਿਆਂ ਲਈ ਵੀ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਕੰਪਨੀਆਂ ਨੇ ਇਹ ਕਦਮ ਹਵਾਈ ਸੁਰੱਖਿਆ ਦੇ ਮੁੱਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਚੁੱਕਿਆ ਹੈ। ਹਵਾਈ ਕੰਪਨੀਆਂ ਅਤੇ ਯਾਤਰੀ ਸੁਰੱਖਿਆ ਜੁਆਇੰਟ ਟੀਮਾਂ ਨੇ ਇਸ ਖੇਤਰ ਵਿੱਚ ਉੱਡਦੇ ਸਮੇਂ ਸੁਰੱਖਿਆ ਦੀ ਗਰੰਟੀ ਦੇਣ 'ਤੇ ਸੰਦੇਹ ਜਤਾਇਆ ਹੈ। ਇਸ ਤੋਂ ਇਲਾਵਾ ਕਈ ਅੰਤਰਰਾਸ਼ਟਰੀ ਸੰਗਠਨਾਂ ਨੇ ਵੀ ਇਸ ਖੇਤਰ ਵਿੱਚ ਜਾਨ ਵਾਲੇ ਯਾਤਰੀਆਂ ਨੂੰ ਜਾਗਰੂਕ ਰਹਿਣ ਦੀ ਸਲਾਹ ਦਿੱਤੀ ਹੈ। This report was written by Simranjit Singh as part of the Local Journalism Initiative.






# ਬੈਂਕ ਆਫ ਕੈਨੇਡਾ ਨੇ ਡਿਜ਼ਿਟਲ ਮੁਦਰਾ ਲਈ ਯੋਜਨਾਵਾਂ ਫਿਲਹਾਲ ਰੋਕੀਆਂ




ਸਰੀ, (ਸਿਮਰਨਜੀਤ ਸਿੰਘ): ਬੈਂਕ ਆਫ ਕੈਨੇਡਾ ਨੇ ਸੰਕੇਤ ਦਿੱਤਾ ਹੈ ਕਿ ਉਹ ਡਿਜ਼ਿਟਲ ਲੂਨੀ (ਡਿਜ਼ਿਟਲ ਮੁਦਰਾ) ਲਈ ਆਪਣੀਆਂ ਯੋਜਨਾਵਾਂ ਨੂੰ ਫਿਲਹਾਲ ਠੰਡੇ ਬਸਤੇ 'ਚ ਪਾਉਣ ਜਾ ਰਿਹਾ ਹੈ। ਇਹ ਫੈਸਲਾ ਲੰਬੀ ਵਿਚਾਰ ਚਰਚਾ ਅਤੇ ਟੈਸਟਾਂ ਦੇ ਬਾਅਦ ਆਇਆ ਹੈ, ਜਦੋਂ ਇਹ ਦੇਖਿਆ ਗਿਆ ਕਿ ਫਿਲਹਾਲ ਲੋਕਾਂ ਵਿੱਚ ਡਿਜ਼ਿਟਲ ਮੁਦਰਾ ਲਈ ਕੋਈ ਵੱਡੀ ਮੰਗ ਨਹੀਂ ਹੈ।

ਬੈਂਕ ਨੇ ਕਿਹਾ ਕਿ ਡਿਜ਼ਿਟਲ ਲੂਨੀ ਦਾ ਮੁੱਖ ਮਕਸਦ ਕੈਨੇਡਾ ਦੇ ਵਿੱਤੀ ਪ੍ਰਣਾਲੀ ਨੂੰ ਹੋਰ ਸੰਵੇਦਨਸ਼ੀਲ ਅਤੇ ਤਕਨਾਲੋਜੀ-ਅਧਾਰਿਤ ਬਣਾਉਣਾ ਹੈ। ਹਾਲਾਂਕਿ, ਹੁਣ ਤੱਕ ਦੀਆਂ ਰਿਸਰਚਾਂ ਤੋਂ ਪਤਾ ਲੱਗਾ ਹੈ ਕਿ ਜਨਤਾ ਇਸ ਡਿਜ਼ਿਟਲ ਮੁਦਰਾ ਦੀ ਤੁਰੰਤ ਜ਼ਰੂਰਤ ਮਹਿਸੂਸ ਨਹੀਂ ਕਰ ਰਹੀ। ਇਸ ਕਾਰਨ, ਬੈਂਕ ਨੇ ਇਹ ਯੋਜਨਾ ਨੂੰ ਰੋਕਣ ਦਾ ਫੈਸਲਾ ਕੀਤਾ ਹੈ, ਜਦੋਂ ਤੱਕ ਹੋਰ ਵੱਧ ਸਪੱਸ਼ਟ ਮੰਗ ਅਤੇ ਜ਼ਰੂਰਤ ਮਹਿਸੂਸ ਨਹੀਂ ਹੁੰਦੀ।

ਬੈਂਕ ਆਫ ਕੈਨੇਡਾ ਦੇ ਗਵਰਨਰ ਟੀਫ਼ ਮੈਕਲਮ ਨੇ ਕਿਹਾ, "ਅਸੀਂ ਇਸ ਸਮੇਂ ਪਾਰੰਪਰਿਕ ਮੁਦਰਾ ਨਾਲ ਸਿਸਟਮ ਨੂੰ ਚੰਗੀ ਤਰ੍ਹਾਂ ਕੰਮ ਕਰਦੇ ਦੇਖ ਰਹੇ ਹਾਂ। ਡਿਜ਼ਿਟਲ ਲੂਨੀ ਦੀ ਵਰਤੋਂ ਬਾਰੇ ਭਵਿੱਖ ਵਿੱਚ ਜ਼ਰੂਰ ਵਧੇਰੇ ਖੋਜ ਕੀਤੀ ਜਾਵੇਗੀ, ਪਰ ਫਿਲਹਾਲ ਇਸ ਨੂੰ ਲਾਗੂ ਕਰਨ ਦੀ ਜ਼ਰੂਰਤ ਨਹੀਂ ਦਿਖਾਈ ਦੇ ਰਹੀ।"

ਡਿਜ਼ਿਟਲ ਮੁਦਰਾ ਦੇ ਮਕਸਦ ਵਿੱਚ ਖਰੀਦ-ਫਰੋਖਤ ਨੂੰ ਆਸਾਨ ਬਣਾਉਣਾ, ਗਲੋਬਲ ਵਪਾਰ ਨੂੰ ਹੋਰ ਵਧੀਆ ਕਰਨਾ ਅਤੇ ਭਵਿੱਖ ਵਿੱਚ ਨਕਦ ਦੀ ਲੋੜ ਨੂੰ ਘਟਾਉਣਾ ਸ਼ਾਮਲ ਸੀ। ਪਰ, ਇਹ ਗੱਲ ਵੀ ਮਹੱਤਵਪੂਰਨ ਹੈ ਕਿ ਲੋਕਾਂ ਵਿੱਚ ਡਿਜ਼ਿਟਲ ਨਕਦ ਦੀ ਭਰੋਸੇਯੋਗਤਾ ਅਤੇ ਇਸ ਦੀ ਸੁਰੱਖਿਆ ਨੂੰ ਲੈ ਕੇ ਸੰਦੇਹ ਬਰਕਰਾਰ ਹਨ।

ਇਸੇ ਤਰ੍ਹਾਂ, ਬੈਂਕ ਆਫ ਕੈਨੇਡਾ ਦਾ ਅਧਿਕਾਰੀ ਕਹਿਣਾ ਹੈ ਕਿ ਜਦੋਂ ਤਕ ਟੈਕਨਾਲੋਜੀ, ਕਾਨੂੰਨੀ ਢਾਂਚਾ ਅਤੇ ਲੋਕਾਂ ਵਿੱਚ ਡਿਜ਼ਿਟਲ ਮੁਦਰਾ ਪ੍ਰਤੀ ਭਰੋਸਾ ਪੂਰਾ ਨਹੀਂ ਹੋ ਜਾਂਦਾ, ਉਹ ਇਸ ਯੋਜਨਾ ਨੂੰ ਪੂਰੀ ਤਰ੍ਹਾਂ ਅੱਗੇ ਨਹੀਂ ਵਧਾਉਣਗੇ।

ਡਿਜ਼ਿਟਲ ਮੁਦਰਾ ਨੂੰ ਲੈ ਕੇ ਕਈ ਦੇਸ਼ਾਂ ਵਿੱਚ ਵਿਚਾਰ ਚਰਚਾ ਹੋ ਰਹੀ ਹੈ। ਚੀਨ ਅਤੇ ਯੂਰਪੀ ਯੂਨੀਅਨ ਨੇ ਵੀ ਆਪਣੀਆਂ ਡਿਜ਼ਿਟਲ ਮੁਦਰਾਵਾਂ ਦੀ ਪਲੈਨਿੰਗ ਕੀਤੀ ਹੈ, ਪਰ ਜ਼ਿਆਦਾਤਰ ਦੇਸ਼ਾਂ ਨੇ ਅਜੇ ਇਸ ਤਕਨਾਲੋਜੀ ਨੂੰ ਪੂਰੀ ਤਰ੍ਹਾਂ ਅਪਨਾਉਣ ਵਿੱਚ ਸਮੇਂ ਦੀ ਲੋੜ ਮਹਿਸੂਸ ਕੀਤੀ ਹੈ।

ਅੱਜ ਦੇ ਸਮੇਂ ਵਿੱਚ ਕੈਨੇਡਾ ਵਿਚ ਨਕਦ ਦੀ ਵਰਤੋਂ ਹੌਲੀ-ਹੌਲੀ ਘਟ ਰਹੀ ਹੈ, ਅਤੇ ਅਧਿਕਾਰੀ ਇਸ ਤੱਥ ਨੂੰ ਵੇਖਦੇ ਹੋਏ ਭਵਿੱਖ ਲਈ ਤਿਆਰੀਆਂ ਕਰ ਰਹੇ ਹਨ। This report was written by Simranjit Singh as part of the Local Journalism Initiative.

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਬ੍ਰਿਟਿਸ਼ ਕੋਲੰਬੀਆ ਵਾਸੀ ਸੂਬੇ 'ਚ ਵੱਧ ਰਹੇ ਹਿੰਸਕ ਅਪਰਾਧਾਂ ਤੋਂ ਪ੍ਰੇਸ਼ਾਨ




ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ ਕੀਤੇ ਇੱਕ ਨਵੇਂ ਸੂਬਾ-ਵਿਆਪੀ ਸਰਵੇਖਣ ਨੇ ਦਰਸਾਇਆ ਹੈ ਕਿ ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਉਨ੍ਹਾਂ ਦੇ ਇਲਾਕੇ ਵਿੱਚ ਅਪਰਾਧਕ ਗਤੀਵਿਧੀਆਂ ਵਧ ਰਹੀਆਂ ਹਨ, ਪਰ ਸਟੈਟਿਸਟਿਕਸ ਕੈਨੇਡਾ ਦੇ ਅੰਕੜੇ ਇਸ ਦ੍ਰਿਸ਼ਟੀਕੋਣ ਨਾਲ ਸਹਿਮਤ ਨਜ਼ਰ ਨਹੀਂ ਆਉਂਦੇ। ਸੇਵ ਆਵਰ ਸਟ੍ਰੀਟਸ ਮੁਹਿੰਮ ਵਲੋਂ ਆਪਣੇ ਸਰਵੇਖਣ ਦੇ ਨਤੀਜੇ ਜਾਰੀ ਕੀਤੇ, ਜੋ ਕਿ ਰਿਸਰਚ ਕੰਪਨੀ ਵੱਲੋਂ ਰਿਟੇਲ ਅਪਰਾਧ ਅਤੇ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਕੀਤੇ ਗਏ ।

ਇਸ ਗਰੁੱਪ ਦਾ ਕਹਿਣਾ ਹੈ ਕਿ ਉਹ "ਇਹ ਦਿਖਾਉਣ ਲਈ ਨਿਰਣਾਯਕ ਅੰਕੜੇ ਪੇਸ਼ ਕਰ ਰਹੇ ਹਨ ਕਿ ਸੂਬੇ ਦੇ ਲੋਕ ਆਪਣੇ ਇਲਾਕਿਆਂ ਵਿੱਚ ਖੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਅਤੇ ਉਨ੍ਹਾਂ ਨੂੰ ਨਿਆਂ ਪ੍ਰਣਾਲੀ ਤੇ ਭਰੋਸਾ ਨਹੀਂ।"

ਸੇਵ ਆਵਰ ਸਟ੍ਰੀਟਸ ਦੇ ਸਹਿ-ਸੰਸਥਾਪਕ ਜੈਸ ਕੇਚਮ ਨੇ ਕਿਹਾ, "ਬ੍ਰਿਟਿਸ਼ ਕੋਲੰਬੀਆ ਦੇ ਹਰ ਇਕ ਕੋਨੇ 'ਚ ਵਾਪਰ ਰਹੇ ਅਪਰਾਧਾਂ 'ਤੇ ਸਰਕਾਰਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ ਇਨ੍ਹਾਂ ਸਮੱਸਿਆਵਾਂ, ਅਪਰਾਧਾਂ ਅਤੇ ਹਿੰਸਾ ਦੇ ਬਦਤਰ ਹੋਣ ਨਾਲ ਸਾਡੇ ਸਮਾਜਾਂ ਵਿੱਚ ਸਹਿਮ ਦਾ ਮਾਹੌਲ ਵਧ ਰਿਹਾ ਹੈ ਜਿਸ ਦੇ ਲਈ ਸਰਕਾਰਾਂ ਨੂੰ ਤੁਰੰਤ ਉਪਰਾਲੇ ਲਭਣ ਦੀ ਜ਼ਰੂਰਤ ਹੈ।

ਕਾਰੋਬਾਰੀਆਂ 'ਤੇ ਵੱਧ ਰਹੇ ਹਮਲੇ ਸਭ ਤੋਂ ਵੱਡਾ ਵਿਸ਼ਾ ਬਣ ਕੇ ਉਭਰਿਆ ਹੈ ਕਿਉਂਕਿ 100 ਤੋਂ ਵੱਧ ਕਾਰੋਬਾਰੀ ਹਿੰਸਕ ਅਪਰਾਧਾਂ ਦੇ ਸ਼ਿਕਾਰ ਹੋਏ ਹਨ।

ਲੰਡਨ ਡਰੱਗਜ਼ ਦੇ ਪ੍ਰਧਾਨ ਕਲਿੰਟ ਮਾਹਲਮੈਨ ਇਸ ਦੇ ਸਹਿ-ਸੰਸਥਾਪਕ ਹਨ। ਉਨ੍ਹਾਂ ਨੇ ਕਿਹਾ ਕਿ ਸੇਵ ਆਵਰ ਸਟ੍ਰੀਟਸ ਇੱਕ "ਗੈਰ-ਰਾਜਨੀਤਕ, ਤਥ-ਆਧਾਰਿਤ ਸੰਗਠਨ" ਹੈ ਜੋ ਮਜ਼ਬੂਤੀ ਨਾਲ ਮੰਨਦਾ ਹੈ ਕਿ ਅਪਰਾਧ, ਜਨਤਕ ਅਸੁਰੱਖਿਆ, ਸ਼ਰੇਆਮ ਨਸ਼ਾ ਸੇਵਨ, ਹਿੰਸਾ ਅਤੇ ਗੈਂਗ ਗਤੀਵਿਧੀਆਂ ਵਰਗੇ ਮੁੱਦੇ ਇਸ ਚੋਣ ਮੁਹਿੰਮ ਦਾ ਹਿੱਸਾ ਬਣਾਏ ਜਾਣੇ ਚਾਹੀਦੇ ਹਨ। ਮਾਹਲਮੈਨ ਨੇ ਕਿਹਾ, "ਅਸਲ ਗੱਲ ਇਹ ਹੈ ਕਿ ਅੱਜ ਸੂਬੇ ਦੇ ਹਰ ਇਕ ਕੋਨੇ ਵਿੱਚ, ਹਰੇਕ ਕਮਿਊਨਿਟੀ, ਛੋਟੀ ਹੋਵੇ ਜਾਂ ਵੱਡੀ, ਉਹ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ।" ਸਰਵੇਖਣ ਵਿੱਚ ਸ਼ਾਮਲ 87 ਫੀਸਦੀ ਲੋਕ ਸਾਰੇ ਪੱਧਰਾਂ ਤੇ ਸਰਕਾਰਾਂ ਤੋਂ ਇਹ ਮੰਗ ਕਰ ਰਹੇ ਹਨ ਕਿ ਹਿੰਸਾਕ ਹਮਲਿਆਂ ਨੂੰ ਰੋਕਣ ਲਈ ਹੋਰ ਕਦਮ ਚੁੱਕੇ ਜਾਣ। 80 ਫੀਸਦੀ ਲੋਕ ਮੰਨਦੇ ਹਨ ਕਿ ਰਿਟੇਲ ਅਪਰਾਧ ਉਨ੍ਹਾਂ ਦੇ ਖਰੀਦਦਾਰੀ ਕੀਮਤਾਂ ਨੂੰ ਵਧਾ ਰਿਹਾ ਹੈ। ਸਰਵੇਖਣ ਵਿੱਚ ਪਤਾ ਲੱਗਾ ਕਿ 55 ਫੀਸਦੀ ਲੋਕ ਮੰਨਦੇ ਹਨ ਕਿ "ਉਨ੍ਹਾਂ ਦੇ ਇਲਾਕੇ ਵਿੱਚ ਅਪਰਾਧਕ ਗਤੀਵਿਧੀਆਂ ਵਧ ਰਹੀਆਂ ਹਨ।" 74 ਫੀਸਦੀ ਲੋਕ ਕਹਿੰਦੇ ਹਨ ਕਿ ਅਪਰਾਧ ਅਤੇ ਹਿੰਸਾ "ਉਨ੍ਹਾਂ ਦੀ ਕਮਿਊਨਿਟੀ ਦੀ ਜੀਵਨ ਗੁਣਵੱਤਾ ਨੂੰ ਪ੍ਰਭਾਵਿਤ ਕਰ ਰਹੇ ਹਨ," ਜਦਕਿ 50 ਫੀਸਦੀ ਲੋਕ ਆਪਣੇ ਇਲਾਕੇ ਵਿੱਚ ਆਪਣੀ ਸੁਰੱਖਿਆ ਲਈ ਡਰਦੇ ਹਨ। 52 ਫੀਸਦੀ ਆਪਣੇ ਦੋਸਤਾਂ ਦੀ ਸੁਰੱਖਿਆ ਲਈ ਅਤੇ 57 ਫੀਸਦੀ ਆਪਣੇ ਪਰਿਵਾਰ ਲਈ ਚਿੰਤਤ ਹਨ।

ਹਾਲਾਂਕਿ ਸਟੈਟਿਸਟਿਕਸ ਕੈਨੇਡਾ ਨੇ ਜੁਲਾਈ ਵਿੱਚ ਆਪਣੇ ਸਾਲਾਨਾ ਅਪਰਾਧ ਗੰਭੀਰਤਾ ਸੂਚਕਾਂਕ ਜਾਰੀ ਕੀਤਾ, ਜਿਸ ਵਿੱਚ ਦਰਸਾਇਆ ਗਿਆ ਕਿ ਹਿੰਸਾਤਮਕ ਅਪਰਾਧਾਂ ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ 4.3 ਫੀਸਦੀ ਗਿਰਾਵਟ ਆਈ ਹੋਈ। This report was written by Simranjit Singh as part of the Local Journalism Initiative.

# ਸਰੀ ਵਿੱਚ ਵੱਡੀ ਮਾਤਰਾ ਵਿੱਚ ਹਥਿਆਰ, ਨਸ਼ੇ ਅਤੇ ਵਿਸਫੋਟਕ ਸਮੱਗਰੀ ਬਰਾਮਦ



ਸਰੀ, (ਸਿਮਰਨਜੀਤ ਸਿੰਘ): ਸਸਰੀ ਵਿੱਚ ਦੋ ਵੱਖ-ਵੱਖ ਛਾਪੇਮਾਰ ਕਾਰਵਾਈਆਂ ਦੌਰਾਨ ਆਰ.ਸੀ.ਐਮ.ਪੀ. ਨੇ ਵੱਡੀ ਮਾਤਰਾ ਵਿੱਚ ਹਥਿਆਰ, ਵਿਸਫੋਟਕ ਸਮੱਗਰੀ, ਨਸ਼ੇ ਅਤੇ ਨਕਦੀ ਬਰਾਮਦ ਕੀਤੀ ਹੈ। ਪਹਿਲਾ ਛਾਪਾ ਇੰਡਸਟਰੀਅਲ ਰੋਡ ਦੇ 12200-ਬਲਾਕ ਵਿੱਚ ਮਾਰਿਆ ਗਿਆ ਸੀ, ਜਿਸ ਵਿੱਚ 12 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਛਾਪੇ ਵਿੱਚ ਪੁਲਿਸ ਨੇ 13 ਕਿਲੋਗ੍ਰਾਮ (30 ਪਾਊਂਡ) ਤੋਂ ਵੱਧ ਵਿਸਫੋਟਕ ਸਮੱਗਰੀ, 16 ਹਥਿਆਰ ਅਤੇ ਚਾਰ ਹੈਂਡਗਨ, ਗੋਲੀਬਾਰੀ, ਮੈਗਜ਼ੀਨ, $10,000 ਨਕਦ ਅਤੇ ਇੱਕ ਕਿਲੋਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਕੀਤੇ।

ਇਸਦੇ ਨਾਲ ਹੀ ਪੁਲਿਸ ਨੇ ਦੋ ਚੋਰੀ ਦੀਆਂ ਗੱਡੀਆਂ, ਚੋਰੀ ਦੇ ਲਾਈਸੰਸ ਪਲੇਟ ਅਤੇ ਰੇਡੀਓ ਜੈਮਰ ਵੀ ਜ਼ਬਤ ਕੀਤੇ।

ਮਾਊਂਟੀਆਂ ਨੇ 10 ਸਤੰਬਰ ਨੂੰ ਦੂਸਰੇ ਛਾਪੇ ਦੌਰਾਨ ਹੋਰ ਤਿੰਨ ਵੱਡੇ ਹਥਿਆਰ, ਇੱਕ ਸਾਇਲੰਸਰ, ਗੋਲੀਬਾਰੀ, ਇੱਕ ਜੋੜਾ ਕ੍ਰੌਸਬੋ ਅਤੇ ਹੋਰ ਨਸ਼ੀਲੇ ਪਦਾਰਥਾਂ ਦੇ ਨਾਲ-ਨਾਲ $3,000 ਤੋਂ ਵੱਧ ਨਕਦ ਵੀ ਜ਼ਬਤ ਕੀਤੀ।

ਦੂਸਰੇ ਛਾਪੇ ਦੌਰਾਨ ਆਠ ਲੋਕ ਗ੍ਰਿਫ਼ਤਾਰ ਕੀਤੇ ਗਏ। ਪਰ ਫਿਲਹਾਲ ਪੁਲਿਸ ਨੇ ਹੁਣ ਤੱਕ ਕੋਈ ਦੋਸ਼ ਜਾਂ ਚਾਰਜ ਉਨ੍ਹਾਂ 'ਤੇ ਨਹੀਂ ਲਗਾਏ ਹਨ।

ਇਹ ਗ੍ਰਿਫ਼ਤਾਰੀਆਂ ਅਤੇ ਛਾਪੇ ਸਰੀ ਵਿੱਚ ਨਸ਼ਿਆਂ ਦੇ ਵਿਆਪਕ ਨੈੱਟਵਰਕ ਵੱਲ ਇਸ਼ਾਰਾ ਕਰਦੇ ਹਨ, ਜਿਸ ਨੂੰ ਪੁਲਿਸ ਸਮਝਣ ਦੀ ਕੋਸ਼ਿਸ਼ ਕਰ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਸਰਕਾਰ ਅਤੇ ਪੁਲਿਸ ਸੰਸਥਾਵਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਥਾਨਕ ਸਮੂਹਾਂ ਵਿੱਚ ਸੁਰੱਖਿਆ ਬਣਾਈ ਰੱਖਣ ਲਈ ਕੰਮ ਕਰਨਗੇ।

This report was written by Simranjit Singh as part of the Local Journalism Initiative.

# ਇਜ਼ਰਾਇਲ-ਹਿਜਬੁੱਲਾ ਜੰਗ ਦੌਰਾਨ ਲਿਬਨਾਨ 'ਚ ਦੋ ਕੈਨੇਡੀਅਨ ਨਾਗਰਿਕਾਂ ਦੀ ਹੋਈ ਮੌਤ



ਸਰੀ, (ਸਿਮਰਨਜੀਤ ਸਿੰਘ): ਇਜ਼ਰਾਇਲ ਅਤੇ ਲਬਨਾਨੀ ਸੰਗਠਨ ਹਿਜਬੁੱਲਾ ਦੇ ਵਿਚਕਾਰ ਹੋ ਰਹੇ ਸੰਘਰਸ਼ ਦੇ ਵਧਣ ਨਾਲ ਲਬਨਾਨ ਵਿੱਚ ਦੋ ਕੈਨੇਡੀਅਨ ਮਾਰੇ ਗਏ ਹਨ। ਗਲੋਬਲ ਅਫੇਅਰਜ਼ ਕੈਨੇਡਾ ਨੇ ਬੁੱਧਵਾਰ ਨੂੰ ਇਹ ਪੁਸ਼ਟੀ ਕੀਤੀ। ਗਲੋਬਲ ਅਫੇਅਰਜ਼ ਕੈਨੇਡਾ ਨੇ ਦੱਸਿਆ ਕਿ ਹਾਲੀ ਵਿੱਚ ਹੋਏ ਹਮਲਿਆਂ ਵਿੱਚ ਜ਼ਖਮੀ ਹੋਏ ਕਿਸੇ ਨਾਗਰਿਕ ਤੋਂ ਸਹਾਇਤਾ ਲਈ ਇਕ ਅਰਜ਼ੀ ਵੀ ਮਿਲੀ ਹੈ। ਇਸ ਤੋਂ ਇਲਾਵਾ ਫਿਲਹਾਲ ਹੋਰ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ।

ਪਿਛਲੇ ਹਫ਼ਤੇ ਲਬਨਾਨ ਵਿੱਚ ਹੋਏ ਇਕ ਘਾਤਕ ਬੰਬ ਹਮਲੇ ਤੋਂ ਬਾਅਦ ਇਜ਼ਰਾਇਲ ਅਤੇ ਹਿਜਬੁੱਲਾ ਵਿੱਚ ਤਣਾਅ ਵਧ ਗਿਆ ਹੈ। ਇਹ ਹਮਲੇ ਦੌਰਾਨ ਰਿਮੋਟ ਕੰਟਰੋਲਡ ਡਿਵਾਈਸਾਂ, ਜਿਵੇਂ ਕਿ ਪੇਜਰ ਅਤੇ ਵਾਕੀ-ਟਾਕੀ ਰਾਹੀਂ ਵੀ ਧਮਾਕੇ ਕੀਤੇ ਗਏ ਸਨ, ਜਿਨ੍ਹਾਂ ਕਾਰਨ ਦਰਜ਼ਨਾਂ ਲੋਕਾਂ ਦੀ ਮੌਤ ਹੋਈ ਅਤੇ ਹਜ਼ਾਰਾਂ ਲੋਕ ਜ਼ਖਮੀ ਹੋਏ ਹਨ ਇਸ ਦੌਰਾਨ ਕਈ ਹਿਜਬੁੱਲਾ ਦੇ ਮੈਂਬਰ ਵੀ ਸ਼ਾਮਿਲ ਸਨ।

ਲਿਬਨਾਨ ਦੀ ਸਰਕਾਰ ਅਤੇ ਹਿਜਬੁੱਲਾ ਨੇ ਇਸ ਹਮਲੇ ਲਈ ਇਜ਼ਰਾਇਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਪਰ ਇਜ਼ਰਾਇਲ ਨੇ ਨਾ ਤਾਂ ਇਸ ਦੀ ਪੁਸ਼ਟੀ ਕੀਤੀ ਹੈ ਅਤੇ ਨਾ ਹੀ ਇਸ ਤੋਂ ਇਨਕਾਰ। ਬੁੱਧਵਾਰ ਨੂੰ, ਇਸਰਾਇਲੀ ਫੌਜ ਨੇ ਹਿਜਬੁੱਲਾ ਨਾਲ ਵਧ ਰਹੇ ਤਣਾਅ ਦੇ ਜਵਾਬ ਵਿੱਚ ਤਿਆਰੀਆਂ ਦੀ ਘੋਸ਼ਣਾ ਕੀਤੀ ਹੈ।

ਹਿਜਬੁੱਲਾ ਵੱਲੋਂ ਪਹਿਲੀ ਵਾਰ ਤਲ ਅਵੀਵ 'ਤੇ ਮਿਸਾਇਲ ਤਾਣੀ ਗਈ ਹੈ, ਜਿਸ ਤੋਂ ਬਾਅਦ ਇਹ ਤਣਾਅ ਹੋਰ ਵਧ ਗਿਆ।

ਤਣਾਅ ਵਧਣ ਨਾਲ ਕੈਨੇਡਾ ਸਰਕਾਰ ਵਲੋਂ ਕੈਨੇਡੀਅਨਾਂ ਨੂੰ ਲਿਬਨਾਨ ਛੱਡਣ ਦੀ ਅਪੀਲ ਕੀਤੀ ਜਾ ਰਹੀ ਹੈ ਅਤੇ ਉਹਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਸਰਕਾਰ ਦੀ ਸਹਾਇਤਾ ਲਈ ਇੰਤਜ਼ਾਰ ਨਾ ਕਰਨ।" ਗਲੋਬਲ ਅਫੇਅਰਜ਼ ਕੈਨੇਡਾ ਨੇ ਕਿਹਾ, "ਕੈਨੇਡਾ ਦੀ ਸਰਕਾਰ ਦੁਬਾਰਾ ਇਹ ਦੋਹਰਾ ਰਹੀ ਹੈ ਕਿ ਕੈਨੇਡੀਅਨ ਲੋਕ ਹੁਣ ਜਦ ਤੱਕ ਹਵਾਈ ਅੱਡਾ ਖੁਲਾ ਹੈ ਅਤੇ ਵਪਾਰਕ ਏਅਰਲਾਈਨਾਂ ਰਾਹੀਂ ਸਮਾਂ ਰਹਿੰਦੇ ਦੇਸ਼ ਵਾਪਸੀ ਕਰ ਲੈਣ।

ਗਲੋਬਲ ਅਫੇਅਰਜ਼ ਕੈਨੇਡਾ ਨੇ ਕਿਹਾ ਕਿ ਹਫ਼ਤੇ ਦੇ ਅੰਤ ਵਿੱਚ ਉਨ੍ਹਾਂ ਲਿਬਨਾਨ ਤੋਂ ਐਮਰਜੈਂਸੀ ਸਹਾਇਤਾ ਮੰਗਣ ਵਾਲੇ ਲੋਕਾਂ ਦੀ ਗਿਣਤੀ 'ਚ ਕਾਫੀ ਵਾਧਾ ਵੇਖਣ ਨੂੰ ਮਿਲਿਆ ਹੈ।

ਉਨ੍ਹਾਂ ਕਿਹਾ "ਕੈਨੇਡਾ ਇਸ ਸਮੇਂ ਲਿਬਨਾਨ ਵਿੱਚ ਕਿਸੇ ਵੀ ਕਿਸਮ ਦੀ ਸਹਾਇਤਾ ਵਾਲੀ ਬਚਾਅ ਦੀ ਸਹੂਲਤ ਨਹੀਂ ਦੇ ਰਿਹਾ, ਅਤੇ ਕਿਸੇ ਵੀ ਸੰਕਟਕਾਲੀਨ ਸਥਿਤੀ ਵਿੱਚ ਕੈਨੇਡਾ ਦੀ ਸਰਕਾਰ ਵੱਲੋਂ ਕੈਨੇਡੀਅਨਾਂ ਦੀ ਬਚਾਅ ਦੀ ਕੋਈ ਗਾਰੰਟੀ ਨਹੀਂ ਹੈ।" This report was written by Simranjit Singh as part of the Local Journalism Initiative.

# ਮਿਸਰ ਜਾਣ ਲਈ ਕੈਨੇਡੀਅਨ ਯਾਤਰੀਆਂ ਲਈ ਮੁੜ ਸ਼ੁਰੂ ਹੋਈ ਈ-ਵੀਜ਼ਾ ਸਹੂਲਤਾਂ: ਜੋਲੀ



ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਦੀ ਵਿਦੇਸ਼ ਮਾਮਲਿਆਂ ਮੰਤਰੀ, ਮੈਲਾਨੀ ਜੋਲੀ ਨੇ ਕਿਹਾ ਹੈ ਕਿ ਕੈਨੇਡੀਅਨ ਯਾਤਰੀ ਜਿੰਨ੍ਹਾਂ ਨੇ ਮਿਸਰ ਦੀ ਯਾਤਰਾ ਕਰਨੀ ਹੈ, ਉਹ ਹੁਣ ਮੁੜ ਈ-ਵੀਜ਼ਾ ਪ੍ਰਾਪਤ ਕਰ ਸਕਣਗੇ। ਮਿਸਰ ਸਰਕਾਰ ਨੇ ਇਹ ਫੈਸਲਾ ਕੈਨੇਡਾ ਨਾਲ ਆਪਣੇ ਯਾਤਰੀ ਸੰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਦੇ ਮਕਸਦ ਨਾਲ ਲਿਆ ਹੈ।

ਜੋਲੀ ਨੇ ਇਹ ਘੋਸ਼ਣਾ ਬੁੱਧਵਾਰ ਨੂੰ ਕੀਤੀ ਅਤੇ ਕਿਹਾ ਕਿ ਮਿਸਰ ਕੈਨੇਡੀਅਨ ਸੈਲਾਨੀਆਂ ਲਈ ਇੱਕ ਮਹੱਤਵਪੂਰਨ ਸਥਾਨ ਹੈ, ਅਤੇ ਹੁਣ ਉਨ੍ਹਾਂ ਨੂੰ ਮਿਸਰ ਵਿੱਚ ਯਾਤਰਾ ਦੀ ਯੋਜਨਾ ਬਣਾਉਣ ਵਿੱਚ ਸੁਵਿਧਾ ਹੋਵੇਗੀ। ਕੈਨੇਡਾ ਦੇ ਨਾਗਰਿਕ ਹੁਣ ਮਿਸਰ ਦਾ ਈ-ਵੀਜ਼ਾ ਆਨਲਾਈਨ ਲੈ ਸਕਣਗੇ, ਜਿਸ ਨਾਲ ਉਨ੍ਹਾਂ ਨੂੰ ਮਿਸਰ ਦੇ ਹਵਾਈ ਅੱਡਿਆਂ 'ਤੇ ਆਨ-ਅਰਾਈਵਲ ਵੀਜ਼ਾ ਦੀ ਲੰਮੀ ਪ੍ਰਕਿਰਿਆ ਤੋਂ ਬਚਣ ਦਾ ਮੌਕਾ ਮਿਲੇਗਾ।

ਈ-ਵੀਜ਼ਾ ਪ੍ਰਾਪਤ ਕਰਨ ਦੀ ਸਹੂਲਤ ਮੁੜ ਮਿਲਣ ਨਾਲ ਯਾਤਰੀਆਂ ਲਈ ਪ੍ਰਵਾਨਗੀ ਪ੍ਰਕਿਰਿਆ ਸੌਖੀ ਅਤੇ ਤੇਜ਼ ਹੋਵੇਗੀ। ਕੈਨੇਡੀਅਨ ਯਾਤਰੀ ਆਪਣੇ ਘਰੋਂ ਹੀ ਆਨਲਾਈਨ ਵੀਜ਼ਾ ਲਈ ਅਰਜ਼ੀ ਦੇ ਸਕਣਗੇ ਅਤੇ ਕੁਝ ਦਿਨਾਂ ਵਿੱਚ ਮੰਗੀ ਹੋਈ ਸੂਚਨਾ ਪ੍ਰਾਪਤ ਕਰ ਸਕਣਗੇ। ਮਿਸਰ, ਜੋ ਪੁਰਾਤਨ ਇਤਿਹਾਸ ਅਤੇ ਕਲਾਕਾਰਿਤ ਦਾ ਮਹਾਨ ਕੇਂਦਰ ਹੈ, ਕੈਨੇਡਾ ਸਹਿਤ ਸਾਰੀ ਦੁਨੀਆ ਦੇ ਸੈਲਾਨੀਆਂ ਲਈ ਇੱਕ ਪ੍ਰਮੁੱਖ ਸਥਾਨ ਬਣਿਆ ਹੋਇਆ ਹੈ। ਇਹ ਕਦਮ ਮਿਸਰ ਦੀ ਸੈਲਾਨੀ ਉਦਯੋਗ ਨੂੰ ਹੋਰ ਵਧੇਰੇ ਉਤਸ਼ਾਹ ਦੇਵੇਗਾ, ਖਾਸ ਕਰਕੇ ਕੋਵਿਡ-19 ਮਹਾਂਮਾਰੀ ਦੇ ਬਾਅਦ।

ਮਿਸਰ ਦੇ ਅਧਿਕਾਰੀਆਂ ਨੇ ਵੀ ਕਿਹਾ ਹੈ ਕਿ ਇਸ ਤਰੀਕੇ ਨਾਲ ਵਿਦੇਸ਼ੀ ਯਾਤਰੀਆਂ ਨੂੰ ਆਕਰਸ਼ਿਤ ਕਰਨ ਵਿੱਚ ਮਦਦ ਮਿਲੇਗੀ ਅਤੇ ਇਹ ਮਿਸਰ ਦੀ ਅਰਥਵਿਵਸਥਾ ਲਈ ਇੱਕ ਵੱਡਾ ਹਿੱਸਾ ਹੈ। ਈ-ਵੀਜ਼ਾ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰਨ ਦਾ ਫੈਸਲਾ ਸੈਲਾਨੀਆਂ ਦੀਆਂ ਵਧਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਕੀਤਾ ਗਿਆ ਹੈ।

ਮਿਸਰ ਜਾਣ ਵਾਲੇ ਕੈਨੇਡੀਅਨ ਯਾਤਰੀ ਹੁਣ ਵੀਜ਼ਾ ਲਈ ਆਸਾਨ ਅਤੇ ਤੇਜ਼ ਪ੍ਰਕਿਰਿਆ ਦੇ ਆਧਾਰ 'ਤੇ ਆਪਣੀਆਂ ਯਾਤਰਾਵਾਂ ਦੀ ਯੋਜਨਾ ਬਣਾ ਸਕਣਗੇ, ਜਿਸ ਨਾਲ ਉਨ੍ਹਾਂ ਦੀ ਯਾਤਰਾ ਹੋਰ ਸੁਵਿਧਾਜਨਕ ਹੋਵੇਗੀ। This report was written by Simranjit Singh as part of the Local Journalism Initiative.

# ਬੀ.ਸੀ. ਹਾਈਡਰੋ ਵਲੋਂ ਤੂਫਾਨ ਕਾਰਨ ਬਿਜਲੀ ਬੰਦ ਹੋਣ ਦੀ ਚੇਤਾਵਨੀ ਜਾਰੀ




ਸਰੀ, (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ ਇਸ ਸੀਜ਼ਨ ਦਾ ਪਹਿਲਾ ਵੱਡਾ ਤੂਫ਼ਾਨ ਆਉਣ ਵਾਲਾ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਬੀ.ਸੀ. ਹਾਈਡਰੋ ਨੇ ਬਿਜਲੀ ਬੰਦ ਹੋਣ ਦੀ ਚੇਤਾਵਨੀ ਦਿੱਤੀ ਹੈ। ਮੌਸਮ ਵਿਭਾਗ ਦੇ ਅਨੁਸਾਰ, ਇਹ ਤੂਫਾਨ ਬ੍ਰਿਟਿਸ਼ ਕੋਲੰਬੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਜ਼ੋਰਦਾਰ ਬਾਰਿਸ਼, ਤੇਜ਼ ਹਵਾਵਾਂ ਅਤੇ ਥੰਡਰਸਟਾਰਮ ਲਿਆ ਸਕਦਾ ਹੈ।

ਪੂਰਬੀ ਕੈਨੇਡਾ ਵਿੱਚ ਠੰਡੀਆਂ ਹਵਾਵਾਂ ਨਾਲ ਇਹ ਤੂਫ਼ਾਨ ਬੀ.ਸੀ. ਦੇ ਮੱਧ ਤੱਕ ਸ਼ੁੱਕਰਵਾਰ ਨੂੰ ਪਹੁੰਚਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਰਾਤ ਤੋਂ ਸ਼ਨੀਵਾਰ ਤੱਕ ਇਹ ਤੂਫ਼ਾਨ ਪ੍ਰੋਵਿੰਸ ਵਿੱਚ ਫੈਲ ਸਕਦਾ ਹੈ।

ਐਨਵਾਇਰਮੈਂਟ ਕੈਨੇਡਾ ਨੇ ਸੂਬੇ ਦੇ ਦੱਖਣੀ ਹਿੱਸਿਆਂ ਲਈ ਕਈ ਚੇਤਾਵਨੀਆਂ ਜਾਰੀ ਕੀਤੀਆਂ ਹਨ। ਕੁਝ ਖੇਤਰਾਂ ਜਿਵੇਂ ਕਿ ਕੋਟਨੇ, ਬਾਊਂਡਰੀ, ਈਸਟ ਕੋਲੰਬੀਆ ਅਤੇ ਐਰੋ ਲੇਕਸ ਲਈ 90 ਕਿਮੀ/ਘੰਟਾ ਤੱਕ ਦੀਆਂ ਤੇਜ਼ ਹਵਾਵਾਂ ਦੀ ਚਿਤਾਵਨੀ ਦਿੱਤੀ ਗਈ ਹੈ।

ਉੱਤਰੀ ਅਤੇ ਦੱਖਣੀ ਓਕਨਾਗਨ, ਸ਼ੁਸਵਾਪ ਅਤੇ ਵੈਸਟ ਕੋਲੰਬੀਆ ਖੇਤਰਾਂ ਵਿੱਚ ਵੀ ਗੰਭੀਰ ਥੰਡਰਸਟਾਰਮ ਦੇ ਸੰਕੇਤ ਹਨ। ਇਸ ਤੋਂ ਇਲਾਵਾ, ਹਾਈਡਾ ਗੁਆਈ, ਸੈਂਟਰਲ ਕੋਸਟ ਅਤੇ ਉੱਤਰੀ ਵੈਨਕੂਵਰ ਟਾਪੂ ਵਿੱਚ ਵੀ ਤੇਜ਼ ਹਵਾਵਾਂ ਅਤੇ ਮੀਂਹ ਦੀਆਂ ਚਿਤਾਵਨੀਆਂ ਦਿੱਤੀਆਂ ਗਈਆਂ ਹਨ।

ਇਸ ਤੂਫ਼ਾਨ ਦੇ ਨਾਲ ਨਾਲ, ਟੈਲਕਵਾ ਨਦੀ 'ਚ ਹੜ੍ਹ ਆਉਣ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ ਅਤੇ ਕੈਨੋ, ਬਲੂ, ਕਿਟਸਮਕਲਮ, ਕਿਟਿਮਾਟ-ਕੇਮਾਨੋ ਅਤੇ ਕਿੰਗਕੋਮ ਨਦੀਆਂ ਲਈ 'ਚ ਪਾਣੀ ਵੱਧਣ ਦੀ ਚਿਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ। This report was written by Simranjit Singh as part of the Local Journalism Initiative.






ਕੈਨੇਡੀਅਨ
**ਪੰਜਾਬ ਟਾਈਮਜ਼**
**Canadian Punjab Times**

- **Brar Bhagta Bhai Ka**
  **Editor**
  604-751-1113

Funded by the Government of Canada | Financé par le gouvernement du Canada | Canada

**ADVISORY BOARD**

- **Dr. Puran Singh**
  Vancouver, Canada
- **S. Jarnail Singh**
  Surrey, Canada
- **Simranjit Singh**
  News Reporter
- **Karamjit Singh Butter**
  Journalist
- **Gora Sandhu Khurd**
  News Reporter (Punjab)
- **Paramjit Singh**
  Graphic Designer

Ishpreet Kaur as part of the Local Journalism Initiative.

Distributed in B.C.,
Greater Vancouver,
Fraser Valley,
Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Contact :
**604-338-7310**
Fax :
**604-572-3638**
Website :
**www.thepunjabtimes.ca**
E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed. Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੈਨੇਡਾ ਦੇ ਰੰਗ-ਢੰਗ ਅਤੇ ਸਾਡੀਆਂ ਕਦਰਾਂ-ਕੀਮਤਾਂ

ਲੇਖਕ : ਮਲਵਿੰਦਰ, ਸੰਪਰਕ: 3659946744




ਸਮਾਜਿਕ ਕਦਰਾਂ ਕੀਮਤਾਂ ਦੇ ਸਮਕਾਲੀ ਸਮਿਆਂ ਅੰਦਰ ਕਈ ਅਰਥ ਹਨ। ਮਸਲਨ ਪਰਿਵਾਰਕ ਕੀਮਤਾਂ, ਜਿਹੜੀਆਂ ਵੱਖ-ਵੱਖ ਧਰਮਾਂ ਤੇ ਭਾਈਚਾਰਕ ਸਮੂਹਾਂ ਅੰਦਰ ਵੱਖਰੇ ਮਾਪਦੰਡਾਂ ਵਾਲੀਆਂ ਹੋ ਸਕਦੀਆਂ ਹਨ। ਬਹੁਤ ਵਾਰੀ ਇਹ ਕਦਰਾਂ ਕੀਮਤਾਂ ਕਿਸੇ ਪਰਿਵਾਰਕ ਢਾਂਚੇ ਅੰਦਰ ਮਿੱਥੇ ਹੋਏ ਰਾਹਾਂ ਦੀਆਂ ਪਾਬੰਦ ਹੁੰਦੀਆਂ ਹਨ। ਮੁੱਖ ਤੌਰ 'ਤੇ ਇਹ ਕਦਰਾਂ ਕੀਮਤਾਂ ਸਾਡਾ ਰਹਿਣ-ਸਹਿਣ, ਖਾਣ-ਪੀਣ, ਕਿਰਤ ਕਰਨਾ, ਸਾਡਾ ਵਿਹਾਰ ਤੇ ਚਾਲ-ਚੱਲਣ ਤੈਅ ਕਰਦੀਆਂ ਹਨ। ਇਹ ਰਚਨਾਤਮਕ ਤੇ ਮੂਲ ਵਿਸ਼ਵਾਸ ਉਮਰ ਦੇ ਮੁੱਢਲੇ ਸਾਲਾਂ ਵਿੱਚ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਘੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਪਰ ਬਾਅਦ ਵਾਲੇ ਸਾਲਾਂ ਦੇ ਤਜਰਬੇ, ਪਰਿਵਾਰ ਤੋਂ ਬਾਹਰ ਦੇ ਰਿਸ਼ਤੇ, ਸਾਂਝਾਂ, ਮਿਲਵਰਤਨ, ਵਿਚਰਨ, ਘਟਨਾਵਾਂ ਤੇ ਵੱਖਰੇ ਵਿਚਾਰ ਵਧੇਰੇ ਪ੍ਰਭਾਵਿਤ ਕਰਦੇ ਹਨ। ਇੰਝ ਕਦਰਾਂ ਕੀਮਤਾਂ ਆਪਣਾ ਰੂਪ ਬਦਲਦੀਆਂ ਰਹਿੰਦੀਆਂ ਹਨ। ਇਹ ਬਦਲਾਅ ਹਰ ਪਰਿਵਾਰ, ਭਾਈਚਾਰੇ ਲਈ ਸੁਖਾਵਾਂ ਨਹੀਂ ਹੁੰਦਾ। ਪਰਵਾਸ ਕਦਰਾਂ ਕੀਮਤਾਂ ਦੇ ਟੁੱਟਣ ਅਤੇ ਨਵੇਂ ਆਕਾਰ ਗ੍ਰਹਿਣ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ।

ਪਰਵਾਸ, ਕੈਨੇਡਾ ਤੇ ਇੱਥੇ ਆ ਰਹੀਆਂ ਸਮੱਸਿਆਵਾਂ ਚਰਚਾ ਵਿੱਚ ਹਨ। ਵਿਦਿਆਰਥੀ ਵੀਜ਼ੇ 'ਤੇ ਆਏ ਨੌਜਵਾਨਾਂ ਦੇ ਵਿਹਾਰ ਵਿਚਲੀਆਂ ਬੇਤਰਤੀਬੀਆਂ ਤੇ ਕੈਨੇਡਾ ਸਰਕਾਰ ਵੱਲੋਂ ਲਏ ਗਏ ਕੁਝ ਸਖ਼ਤ ਫ਼ੈਸਲਿਆਂ ਤੋਂ ਵੱਖਰਾ ਵੀ ਬਹੁਤ ਕੁਝ ਹੈ ਜੋ ਏਸ਼ਿਆਈ ਤੇ ਖ਼ਾਸ ਕਰਕੇ ਪੰਜਾਬੀ ਭਾਈਚਾਰੇ ਲਈ ਚੁਣੌਤੀ ਬਣਿਆ ਹੋਇਆ ਹੈ। ਸਾਡਾ ਸੱਭਿਆਚਾਰ ਤੇ ਕਦਰਾਂ ਕੀਮਤਾਂ, ਜਿਸ ਨੂੰ ਅਸੀਂ ਆਪਣਾ ਮਾਣ ਸਨਮਾਨ ਬਣਾ ਰੱਖਿਆ ਹੈ, ਉਹ ਸਾਡੇ ਘਰਾਂ, ਸੰਸਥਾਵਾਂ ਅਤੇ ਸਮਾਜ ਵਿੱਚ ਪਰੇਸ਼ਾਨੀਆਂ ਪੈਦਾ ਕਰ ਰਿਹਾ ਹੈ। ਸਾਡੇ ਘਰਾਂ ਵਿੱਚ ਘਰ ਦਾ ਮੁਖੀ ਬੰਦਾ ਹੁੰਦਾ ਹੈ ਜੋ ਬਾਹਰੀ ਤੌਰ 'ਤੇ ਬਾਕੀ ਜੀਆਂ ਦਾ ਸਲਾਹਕਾਰ ਤੇ ਮਦਦਗਾਰ ਲੱਗਦਾ ਹੈ, ਪਰ ਅਸਲ ਵਿੱਚ ਉਹ ਘਰ ਦੇ ਜੀਆਂ ਨੂੰ ਕੰਟਰੋਲ ਕਰ ਰਿਹਾ ਹੁੰਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਘਰ ਦੇ ਹੋਰ ਜੀਅ ਆਪਣੀ ਮਰਜ਼ੀ ਨਾਲ ਕੁਝ ਨਹੀਂ ਕਰ ਸਕਦੇ। ਉਨ੍ਹਾਂ ਦੀ ਆਜ਼ਾਦ ਸੋਚ ਉੱਪਰ ਪਹਿਰਾ ਲੱਗਾ ਹੁੰਦਾ ਹੈ। ਪੰਜ ਛੇ ਦਹਾਕੇ ਪਹਿਲਾਂ ਇਹ ਸਿਸਟਮ ਚੱਲਦਾ ਸੀ। ਘਰ ਅਨੁਸ਼ਾਸਨ ਵਿੱਚ ਬੱਝਾ ਆਪਣੇ ਹਿੱਸੇ ਦੇ ਕੰਮ ਜਾਂ ਜ਼ਿੰਮੇਵਾਰੀਆਂ ਨਿਭਾਉਂਦਾ ਸੀ। ਇਹ ਸਵੈ ਸਾਂਝੀ ਨਿਰਭਰਤਾ ਸੀ ਜਿਸ ਦੇ ਬਹੁਤ ਸਾਰੇ ਦੁਰਪ੍ਰਭਾਵ ਹੁੰਦੇ ਸਨ।

ਤਬਦੀਲੀ ਕੁਦਰਤ ਦਾ ਨੇਮ ਹੈ। ਵਕਤ ਨਾਲ ਬੜਾ ਕੁਝ ਬਦਲ ਗਿਆ ਹੈ। ਪਰਵਾਸ ਕਰਕੇ ਹੋਰਨਾਂ ਵਿਕਸਤ ਦੇਸ਼ਾਂ ਵਿੱਚ ਆ ਕੇ ਰਹਿ ਰਹੇ ਲੋਕਾਂ ਨੂੰ ਇਸ ਤਬਦੀਲੀ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ ਤੇ ਕਰ ਰਹੀ ਹੈ। ਸੱਤ ਅੱਠ ਦਹਾਕੇ ਪਹਿਲਾਂ ਪੈਦਾ ਹੋਏ ਤੇ ਪਰਵਾਸ ਕਰਕੇ ਕੈਨੇਡਾ ਆ ਗਏ ਲੋਕਾਂ ਨੂੰ ਇਹ ਤਬਦੀਲੀ ਪਚ ਨਹੀਂ ਰਹੀ। ਉਹ ਘਰ ਦੇ ਕਿਸੇ ਮਸਲੇ ਵਿੱਚ ਸਲਾਹ ਨਹੀਂ ਦੇ ਸਕਦੇ। ਕਿਸੇ ਨਿਆਣੇ ਨੂੰ ਝਿੜਕ ਨਹੀਂ ਸਕਦੇ। ਸਖ਼ਤ ਬਾਪ ਦੀ ਕੁੱਟ ਤੇ ਅਧਿਆਪਕਾਂ ਦੇ ਡੰਡਿਆਂ ਦੀ ਚੀਸ ਦੇ ਸੋਹਲੇ ਗਾਉਣ ਵਾਲੇ ਵੇਲ਼ੇ ਵਿਹਾ ਗਏ ਹਨ। ਰਾਤ ਵੇਲ਼ੇ ਤੁਹਾਡਾ ਕੋਈ ਜਵਾਨ ਧੀ-ਪੁੱਤ ਘਰੋਂ ਬਾਹਰ ਜਾਣ ਲੱਗਦਾ ਹੈ ਤਾਂ ਤੁਸੀਂ ਉਸ ਨੂੰ ਰੋਕ ਤੇ ਟੋਕ ਨਹੀਂ ਸਕਦੇ। ਜੇ ਕੋਸ਼ਿਸ਼ ਕਰੋਗੇ ਤਾਂ ਉਹ ਤੁਹਾਨੂੰ ਦਲੀਲ ਨਾਲ ਸਮਝਾਉਣਗੇ ਕਿ ਤੁਸੀਂ ਉਨ੍ਹਾਂ ਨੂੰ ਨਹੀਂ ਰੋਕ ਸਕਦੇ। ਕੈਨੇਡਾ ਦਾ ਕਾਨੂੰਨ ਉਨ੍ਹਾਂ ਨੂੰ ਘੁੰਮਣ ਫਿਰਨ ਦੀ ਆਜ਼ਾਦੀ ਦਿੰਦਾ ਹੈ। ਤੁਹਾਡੀਆਂ ਕਦਰਾਂ ਕੀਮਤਾਂ ਉਸ ਕਾਨੂੰਨ ਸਾਹਮਣੇ ਬੇਵਸ ਹਨ। ਕਿੱਲੇ ਨਾਲ ਬੱਧਾ ਸੱਭਿਆਚਾਰ ਤੇ ਕਦਰਾਂ ਕੀਮਤਾਂ ਨੂੰ ਖੋਲ੍ਹਣਾ ਪੈਣਾ ਹੈ। ਕਦਰਾਂ ਕੀਮਤਾਂ ਨੂੰ ਲਚਕਦਾਰ ਬਣਾਉਣਾ ਪੈਣਾ ਹੈ।

ਸਾਡਾ ਸਮਾਜ, ਸਾਡਾ ਸੱਭਿਆਚਾਰ ਬੱਚਿਆਂ ਨੂੰ ਆਪਣੀ ਮਨਮਰਜ਼ੀ ਕਰਨ ਦੀ ਆਗਿਆ ਨਹੀਂ ਦਿੰਦਾ। ਇੰਝ ਹੀ ਘਰ ਦੀਆਂ ਔਰਤਾਂ ਨਾਲ ਵਾਪਰਦਾ ਹੈ। ਸਾਡਾ ਮਾਡਲ ਬੱਚਿਆਂ ਤੇ ਔਰਤਾਂ ਨੂੰ ਘਰ ਦੇ ਮਰਦ ਮੁਖੀ ਉੱਪਰ ਨਿਰਭਰ ਕਰਨ ਦੇ ਦਹਾਕਿਆਂ ਪੁਰਾਣੇ ਸਿਧਾਂਤ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ। ਇੰਝ ਕਰਦਿਆਂ ਉਹ ਸਮੁੱਚੇ ਘਰ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਰਿਹਾ ਹੁੰਦਾ ਹੈ। ਹੋਰਾਂ ਨੂੰ ਉਨ੍ਹਾਂ ਦੀ ਸਮਰੱਥਾ ਅਤੇ ਸੋਚ ਤੋਂ ਮਹਿਰੂਮ ਕਰ ਰਿਹਾ ਹੁੰਦਾ ਹੈ। ਇਸ ਦੇ ਮਨੋਵਿਗਿਆਨਕ ਅਸਰ ਹੁੰਦੇ ਹਨ। ਘਰ ਵਿੱਚ ਕਲੇਸ਼ ਰਹਿੰਦਾ ਹੈ। ਕੋਈ ਆਪਣੇ ਮਨ ਦੀ ਗੱਲ ਖੁੱਲ੍ਹੇ ਦਿਲ ਨਾਲ ਨਹੀਂ ਕਰਦਾ, ਪਰ ਮਰਦ ਠੰਢੇ ਦਿਮਾਗ਼ ਨਾਲ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਘਰ ਦੀ ਇਸ ਬੇਤਰਤੀਬੀ ਲਈ ਮੇਰੀ ਕੀ ਭੂਮਿਕਾ ਹੈ। ਘਰ ਦੇ ਜੀਆਂ ਦੀ ਆਜ਼ਾਦ ਸੋਚ ਨੂੰ ਦਬਾਉਣ ਦਾ ਕਾਰਨ ਤੁਹਾਡੀ ਇੱਥੋਂ ਦੇ ਸਿਸਟਮ ਪ੍ਰਤੀ ਬੇਸਮਝੀ ਹੈ। ਇਸ ਬੇਸਮਝੀ ਕਰਕੇ ਹੀ ਸਮੱਸਿਆਵਾਂ ਹਨ। ਜਿਨ੍ਹਾਂ ਲੋਕਾਂ ਨੇ ਕੈਨੇਡਾ ਦੇ ਸਿਸਟਮ ਨੂੰ ਸਮਝ ਲਿਆ ਹੈ, ਉਹ ਜਾਣਦੇ ਹਨ ਕਿ ਇਸ ਸਿਸਟਮ ਦੇ ਦਾਇਰੇ ਦੀ ਸਮਝ ਵਿੱਚ ਵੀ ਸਮੱਸਿਆਵਾਂ ਦਾ ਹੱਲ ਸੰਭਵ ਹੈ।

ਘਰ ਦੇ ਜੀਆਂ ਤੇ ਖ਼ਾਸ ਕਰਕੇ ਬੱਚਿਆਂ ਨਾਲ ਸਾਡਾ ਰਿਸ਼ਤਾ ਸੁਖਾਵਾਂ ਹੋਣਾ ਚਾਹੀਦਾ ਹੈ। ਉਸ ਲਈ ਇਮਾਨਦਾਰੀ, ਵਿਸ਼ਵਾਸ, ਸਤਿਕਾਰ ਅਤੇ ਖੁੱਲ੍ਹੇ ਸੰਵਾਦ ਦੀ ਲੋੜ ਹੁੰਦੀ ਹੈ। ਸਾਡੀਆਂ ਕਦਰਾਂ ਕੀਮਤਾਂ ਵਿੱਚ ਇਨ੍ਹਾਂ ਗੱਲਾਂ ਦੀ ਅਣਹੋਂਦ ਹੈ। ਗੁੱਸਾ, ਕ੍ਰੋਧ, ਸਖ਼ਤੀ ਹਰ ਸਮੱਸਿਆ ਲਈ ਸਾਡੇ ਫੌਰੀ ਹੱਲ ਹਨ। ਆਪਣੇ ਉੱਪਰ ਕੰਟਰੋਲ ਨਾ ਰੱਖ ਸਕਣਾ ਸਾਡੀ ਕਮਜ਼ੋਰੀ ਹੁੰਦੀ ਹੈ, ਪਰ ਅਸੀਂ ਇਸ ਨੂੰ ਵਡੱਪਣ ਸਮਝਦੇ ਹਾਂ। ਸੁਖਾਵਾਂ ਰਿਸ਼ਤਾ ਰੱਖਣ ਲਈ ਇਨ੍ਹਾਂ ਕਮਜ਼ੋਰੀਆਂ 'ਤੇ ਕਾਬੂ ਪਾਉਣਾ ਪਵੇਗਾ। ਸੁਖਾਵਾਂ ਰਿਸ਼ਤਾ ਬੱਚਿਆਂ ਅੰਦਰ ਵਿਸ਼ਵਾਸ ਪੈਦਾ ਕਰਦਾ ਹੈ। ਅਸੀਂ ਬੱਚੇ ਦੀ ਗ਼ਲਤੀ ਦਾ ਫੌਰੀ ਹੱਲ ਉਸ ਨੂੰ ਡਾਂਟਣਾ ਸਮਝਦੇ ਹਾਂ। ਲੋੜ ਤਾਂ ਸਹਿਜ, ਸਬਰ ਤੇ ਉਡੀਕ ਕਰਨ ਦੀ ਹੁੰਦੀ ਹੈ। ਉਸ ਗ਼ਲਤੀ ਨਾਲ ਜੁੜੀਆਂ ਹੋਰ ਗੁੰਝਲਾਂ ਦਾ ਪਤਾ ਲਗਾਉਣ ਲਈ ਕਿਸੇ ਸ਼ਾਂਤ ਤੇ ਖ਼ੁਸ਼ਗਵਾਰ ਮਾਹੌਲ ਦੀ ਉਡੀਕ ਕਰਨੀ ਪੈਂਦੀ ਹੈ। ਉਸ ਮਾਹੌਲ ਵਿੱਚ ਰਚਾਏ ਗਏ ਸੰਵਾਦ ਨਾਲ ਸੁਖਾਵੇਂ ਨਤੀਜੇ ਸਾਹਮਣੇ ਆਉਣਗੇ। ਕੈਨੇਡਾ ਦੇ ਸਿਸਟਮ ਵਿੱਚ ਕਿਸੇ ਮਾਮੂਲੀ ਮਦਦ ਲਈ ਵੀ ਅਗਲੇ ਦਾ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਸਾਨੂੰ ਵੀ ਆਪਣੇ ਘਰਾਂ ਵਿੱਚ ਜੀਆਂ ਨੂੰ ਪਿਆਰ ਕਰਨਾ, ਉਨ੍ਹਾਂ ਦੀ ਦੇਖ-ਭਾਲ ਕਰਨੀ, ਸਤਿਕਾਰ ਕਰਨਾ, ਜ਼ਿੰਮੇਵਾਰੀ ਸਮਝਣੀ, ਸਭ ਨੂੰ ਖ਼ੁਸ਼ ਰੱਖਣਾ ਤੇ ਆਨੰਦ ਦੀ ਅਵਸਥਾ ਵਿੱਚ ਰਹਿਣ ਦੀ ਆਦਤ ਪਾਉਣੀ ਚਾਹੀਦੀ ਹੈ।

ਭਾਈਚਾਰਾ ਜੋ ਅਸੀਂ ਆਪਣੇ ਵਤਨ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ ਵਿੱਚ ਛੱਡ ਆਏ ਹਾਂ, ਇੱਥੇ ਕੈਨੇਡਾ ਵਿੱਚ ਰਹਿੰਦਿਆਂ ਉਸ ਦੀ ਪੁਨਰ ਸਿਰਜਣਾ ਕਰਨੀ ਪਵੇਗੀ। ਇਸ ਭਾਈਚਾਰਕ ਸਾਂਝ ਦੇ ਦਾਇਰੇ ਅੰਦਰ ਜਦ ਧਾਰਮਿਕ, ਸਮਾਜਿਕ ਤੇ ਹੋਰ ਕਾਰਜਾਂ ਲਈ ਇਕੱਠੇ ਹੋਵਾਂਗੇ ਤਾਂ ਸਹਿਜ ਸੁਭਾਅ ਅਗਲੀ ਪੀੜ੍ਹੀ ਸਾਡੀਆਂ ਕਦਰਾਂ ਕੀਮਤਾਂ ਤੋਂ ਜਾਣੂ ਹੋਵੇਗੀ, ਰਿਸ਼ਤਿਆਂ ਦੀ ਪਛਾਣ ਕਰਕੇ ਸਤਿਕਾਰ ਕਰਨਾ ਸਿੱਖੇਗੀ। ਕੈਨੇਡਾ ਆ ਕੇ ਵੀ ਜੇਕਰ ਅਸੀਂ ਧੰਨ ਦੌਲਤ ਇਕੱਠੀ ਕਰਨ, ਜਾਇਦਾਦ ਬਣਾਉਣ ਵਿੱਚ ਰੁੱਝੇ ਰਹਾਂਗੇ ਤਾਂ ਬੱਚਿਆਂ ਲਈ ਸਾਡੇ ਕੋਲ ਸਮਾਂ ਨਹੀਂ ਹੋਵੇਗਾ। ਰਾਤ-ਦਿਨ ਮਿਹਨਤ ਕਰਕੇ ਜੋੜਿਆ ਸਾਡਾ ਧੰਨ ਬੱਚਿਆਂ ਨੂੰ ਸਾਡੀਆਂ ਕਦਰਾਂ ਕੀਮਤਾਂ ਤੋਂ ਦੂਰ ਤੇ ਬੁਰਾਈਆਂ ਦੇ ਨੇੜੇ ਲੈ ਕੇ ਜਾਵੇਗਾ। ਬੱਚਿਆਂ ਸਮੇਤ ਕੈਨੇਡਾ ਆਉਣ ਦਾ ਸਾਡਾ ਸੁਪਨਾ ਚੀਸ ਨਾਲ ਭਰ ਜਾਵੇਗਾ। ਭਾਸ਼ਾ ਵੀ ਕਦਰਾਂ ਕੀਮਤਾਂ ਸਿਖਾਉਣ ਵਿੱਚ ਸਹਾਈ ਹੁੰਦੀ ਹੈ। ਸਾਨੂੰ ਘਰ ਵਿੱਚ ਆਪਣੀ ਮਾਂ-ਬੋਲੀ ਵਿੱਚ ਹੀ ਗੱਲ ਕਰਨੀ ਚਾਹੀਦੀ ਹੈ। ਹੋਰ ਭਾਸ਼ਾਵਾਂ ਤਾਂ ਬੱਚਿਆਂ ਨੇ ਸਿੱਖ ਹੀ ਜਾਣੀਆਂ ਹਨ। ਉਸ ਦੀ ਚਿੰਤਾ ਸਾਨੂੰ ਨਹੀਂ ਕਰਨੀ ਚਾਹੀਦੀ। ਪੰਜਾਬੀ ਬੋਲੀ ਅੰਦਰ ਪੰਜਾਬੀਅਤ ਸਾਂਭੀ ਹੋਈ ਹੈ। ਪੰਜਾਬੀਅਤ ਪੰਜਾਬੀਆਂ ਦਾ ਜੀਵਨ ਵਿਹਾਰ ਹੈ। ਇਸ ਵਿਹਾਰ ਵਿੱਚ ਹੀ ਸਾਡਾ ਸੱਭਿਆਚਾਰ ਪਿਆ ਹੈ। ਮਾਂ-ਬੋਲੀ ਦੀ ਅਹਿਮੀਅਤ ਨੂੰ ਕਦੀ ਵੀ ਘਟਾ ਕੇ ਨਹੀਂ ਵੇਖਣਾ ਚਾਹੀਦਾ।

ਕੈਨੇਡਾ ਬਹੁਤ ਸਾਰੇ ਸੱਭਿਆਚਾਰਾਂ ਦਾ ਦੇਸ਼ ਹੈ। ਇਸ ਵਿੱਚ ਦੋ ਸੌ ਦੇ ਕਰੀਬ ਦੇਸ਼ਾਂ ਵਿੱਚੋਂ ਪਰਵਾਸ ਕਰਕੇ ਆਏ ਲੋਕ ਵਸਦੇ ਹਨ। ਨਵੀਂ ਪੀੜ੍ਹੀ ਇਸ ਬਹੁ-ਸੱਭਿਆਚਾਰ ਵਿੱਚ ਪਲ਼ ਰਹੀ ਹੈ। ਸਕੂਲਾਂ ਵਿੱਚ, ਖੇਡ ਮੈਦਾਨਾਂ ਵਿੱਚ ਤੇ ਹੋਰ ਬਹੁਤ ਥਾਈਂ ਵੱਖ-ਵੱਖ ਧਰਮਾਂ, ਕਦਰਾਂ ਕੀਮਤਾਂ, ਵਿਸ਼ਵਾਸਾਂ ਤੇ ਭਾਵਨਾਵਾਂ ਵਾਲੇ ਬੱਚੇ ਇਕੱਠੇ ਵਿਚਰਦੇ, ਖੇਡਦੇ, ਪੜ੍ਹਦੇ ਤੇ ਦੋਸਤੀ ਕਰਦੇ ਹਨ। ਅਜਿਹੇ ਸਿਸਟਮ ਦੇ ਹਾਣ ਦਾ ਹੋਣ ਲਈ ਸਾਨੂੰ ਲਚਕਦਾਰ ਸੱਭਿਆਚਾਰ ਦੀ ਲੋੜ ਹੈ। ਸਦੀਆਂ ਪੁਰਾਣੀਆਂ ਕਦਰਾਂ ਕੀਮਤਾਂ ਵਿੱਚ ਤਬਦੀਲੀ ਆਉਣੀ ਹੁੰਦੀ ਹੈ। ਇਸ ਪੀੜ੍ਹੀ ਦੇ ਅੰਤਰ ਜਾਤੀ, ਅੰਤਰ ਨਸਲੀ ਰਿਸ਼ਤੇ ਬਣਨੇ ਹੁੰਦੇ ਹਨ। ਜਾਤਾਂ, ਧਰਮਾਂ, ਰੰਗਾਂ, ਨਸਲਾਂ ਨੂੰ ਇਹ ਪੀੜ੍ਹੀ ਤਿਲਾਂਜਲੀ ਦੇ ਰਹੀ ਹੈ। ਜਿਸ ਪੀੜ੍ਹੀ ਨੇ ਫ਼ਲੇ ਵਗਦੇ ਵੀ ਵੇਖੇ ਹਨ ਤੇ ਚੱਲਦੇ ਖੂਹਾਂ ਦੀ ਟਿੱਕ ਟਿੱਕ ਵੀ ਸੁਣੀ ਹੈ, ਉਨ੍ਹਾਂ ਲਈ ਇਹ ਤਬਦੀਲੀ ਤੇ ਨਵੇਂ ਸੱਭਿਆਚਾਰ ਨੂੰ ਸਵੀਕਾਰ ਕਰਨਾ ਕਠਿਨ ਹੈ, ਪਰ ਨਵੀਆਂ ਸੋਚਾਂ ਦੇ ਵਿਗਸਣ ਤੇ ਨਵੇਂ ਵਿਚਾਰਾਂ ਦੇ ਪਨਪਣ ਲਈ ਇਹ ਕੌੜਾ ਘੁੱਟ ਭਰਨਾ ਹੀ ਪੈਣਾ ਹੈ। ਨਹੀਂ ਤਾਂ ਕੈਨੇਡਾ ਦੇ ਇਸ ਸਿਸਟਮ ਮੂਹਰੇ ਸਾਡੀਆਂ ਕਦਰਾਂ ਕੀਮਤਾਂ ਢਹਿ-ਢੇਰੀ ਹੁੰਦੀਆਂ ਲੱਗਣਗੀਆਂ। ਹੁਣ ਤਾਂ ਕੈਨੇਡਾ ਦੇ ਸਕੂਲਾਂ ਵਿੱਚ ਜੈਂਡਰ ਪਛਾਣ ਵੀ ਖ਼ਤਮ ਕਰਨ ਜਾ ਰਹੇ ਹਨ। ਬਾਕੀ ਪਰਿਵਾਰਕ ਢਾਂਚੇ ਅੰਦਰ ਇਹ ਤਬਦੀਲੀ ਕਿਧਰੇ ਸਹਿਜ ਵੀ ਹੋ ਸਕਦੀ ਹੈ ਤੇ ਕਿਧਰੇ ਕਲੇਸ਼ ਤੇ ਪਰੇਸ਼ਾਨੀਆਂ ਨਾਲ ਭਰੀ ਵੀ।

ਆਪਣੇ ਪਰਿਵਾਰ ਨੂੰ ਵਕਤ ਦੇਣਾ ਤੇ ਭਾਈਚਾਰੇ ਨਾਲ ਮਿਲ ਕੇ ਰੀਤੀ ਰਿਵਾਜਾਂ, ਤਿਉਹਾਰਾਂ ਨੂੰ ਮਨਾਉਣਾ ਤੇ ਧਾਰਮਿਕ ਅਕੀਦਿਆਂ ਦਾ ਸਹਿਜ ਪਾਲਣ ਕਰਨਾ ਬਿਨ੍ਹਾਂ ਉਚੇਚ ਕੀਤਿਆਂ ਬਹੁਤ ਸਾਰੇ ਮਸਲਿਆਂ ਦਾ ਸ਼ੋਰ-ਰਹਿਤ ਸਮਾਧਾਨ ਬਣ ਸਕਦਾ ਹੈ। ਇਸ ਸਭ ਕਾਸੇ ਦੇ ਦਾਇਰੇ ਅੰਦਰ ਵੀ ਸੁਤੰਤਰ ਸੋਚ ਪਨਪਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹਰ ਸੋਚ, ਵਿਚਾਰ, ਵਿਹਾਰ ਦਾ ਸਤਿਕਾਰ ਕਰਨਾ ਤੇ ਬੇਲੋੜੀਆਂ ਬੰਦਸ਼ਾਂ ਨਾ ਲਾਉਣੀਆਂ ਮਹੀਨ ਜਿਹੀ ਖੁੱਲ੍ਹ ਹੁੰਦੀ ਹੈ। ਸਾਡੀਆਂ ਕਦਰਾਂ ਕੀਮਤਾਂ ਵਿੱਚ ਬਹੁਤ ਕੁਝ ਚੰਗਾ ਹੈ। ਇਸ 'ਮਲਟੀਕਲਚਰਡ ਸਿਸਟਮ' ਵਿੱਚ ਵੀ ਕੁਝ ਗੱਲਾਂ ਚੰਗੀਆਂ ਹਨ। ਚੰਗੀਆਂ ਗੱਲਾਂ, ਚੀਜ਼ਾਂ ਨੂੰ ਅਪਨਾ ਲੈਣਾ ਤੇ ਬਾਕੀਆਂ ਨੂੰ ਵਿਸਾਰ ਦੇਣਾ ਵਕਤ ਦੀ ਲੋੜ ਹੈ। ਅਸੀਂ, ਸਾਡਾ ਘਰ, ਭਾਈਚਾਰਾ ਤੇ ਸਮਾਜ ਕਿੰਝ ਸਹਿਜ, ਸੰਤੁਲਤ ਤੇ ਖ਼ੁਸ਼ ਰਹਿ ਸਕਦਾ ਹੈ, ਉਸ ਲਈ ਕੁਝ ਸਮਝੌਤੇ ਤਾਂ ਕਰਨੇ ਹੀ ਪੈਣਗੇ। ਚਿੰਤਾ ਮੁਕਤ ਕਰਨ ਵਾਲੇ ਸਮਝੌਤਿਆਂ ਦਾ ਸਵਾਗਤ ਕਰਨਾ ਬਣਦਾ ਹੈ।

# ਜਪਾਨ ਵਿੱਚ ਪਹਿਲੀ ਦਸਤਾਰਧਾਰੀ ਬੀਬੀ ਗਗਨਦੀਪ ਕੌਰ ਨੂੰ ਮਿਲੀ ਡਾਕਟ੍ਰੇਟ (ਪੀਐੱਚ. ਡੀ) ਦੀ ਉਪਾਧੀ

ਟੋਕੀਓ: ਸੰਸਾਰ ਅੰਦਰ ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਸਦਕਾ ਸਿੱਖੀ ਨੂੰ ਬੁਲੰਦੀਆਂ ਤੇ ਪਹੁੰਚਾਇਆ ਹੈ । ਇਸੇ ਕੜੀ ਵਿਚ ਬੀਬੀ ਗਗਨਦੀਪ ਕੌਰ ਜੋ ਕਿ ਸਾਲ 2021 ਵਿਚ ਜਪਾਨ ਯੂਨੀਵਰਸਿਟੀ ਵਲੋਂ ਮਿਲੀ ਸਕੌਲਰਸ਼ਿਪ ਰਾਹੀਂ ਡਾਕਟਰੀ ਕਰਣ ਗਏ ਸਨ ਆਪਣੀ ਅਣਥੱਕ ਮਿਹਨਤ ਸਦਕਾ ਡਾਕਟ੍ਰੇਟ ਪੀ ਐਚ ਡੀ ਦੀ ਉਪਾਧੀ ਹਾਸਿਲ ਕਰਣ ਵਿਚ ਸਫਲ ਹੋ ਗਏ ਹਨ । ਇਸ ਬਾਰੇ ਜਾਣਕਾਰੀ ਦੇਂਦਿਆ ਬੀਬੀ ਗੁਰਸ਼ਰਨਜੀਤ ਕੌਰ ਨੇ ਦਸਿਆ ਕਿ ਬੀਬੀ ਗਗਨਦੀਪ ਕੌਰ ਜੋ ਕਿ ਦੁਮਾਲਾ ਸਜਾਂਦੇ ਹਨ, ਵਲੋਂ ਡਾਕਟ੍ਰੇਟ ਦੀ ਉਪਾਧੀ ਹਾਸਿਲ ਕਰਨਾ ਸਿੱਖ ਕੌਮ ਲਈ ਵੱਡੇ ਮਾਣ ਦੀ ਗੱਲ ਹੈ । ਉਨ੍ਹਾਂ ਦਸਿਆ ਕਿ ਬੀਬੀ ਗਗਨਦੀਪ ਕੌਰ ਜਿਨ੍ਹਾਂ ਨੇ ਚੰਡੀਗੜ੍ਹ ਤੋਂ ਆਪਣੀ ਬੁਨਿਆਦੀ ਪੜਾਈ ਦੀ ਸ਼ੁਰੂਆਤ ਕੀਤੀ ਉਪਰੰਤ ਜਪਾਨ ਦੀ ਯੋਕੋਹਾਮਾ



ਯੂਨੀਵਰਸਿਟੀ ਵਲੋਂ ਉਨ੍ਹਾਂ ਨੂੰ ਪੀ ਐਚ ਡੀ ਕਰਣ ਲਈ ਪੂਰੀ ਸਕੌਲਰਸ਼ਿਪ ਦਿੱਤੀ ਗਈ ਸੀ, ਨੇ ਆਪਣਾ ਕੋਰਸ ਪੂਰਾ ਕਰਦਿਆਂ ਪ੍ਰੋਫੈਸਰ ਕਾਜੂਹੋ ਨਾਕਾਹੋਮਾ ਦੇ ਦੇਖ ਰੇਖ ਪੜਦੇ ਹੋਏ ਡਾਕਟ੍ਰੇਰਟ ਦੀ ਉਪਾਧੀ ਹਾਸਿਲ ਕਰ ਲਈ ਹੈ । ਉਨ੍ਹਾਂ ਦਸਿਆ ਕਿ ਉਨ੍ਹਾਂ ਦੀ ਪੜਾਈ ਦੌਰਾਨ ਉਨ੍ਹਾਂ ਦੇ ਸਿੰਘ ਭਾਈ ਜਸਵਿੰਦਰ ਸਿੰਘ ਵਲੋਂ ਉਨ੍ਹਾਂ ਦਾ ਪੂਰਾ ਸਾਥ ਦਿੱਤਾ ਗਿਆ ਹੈ ਤੇ ਓਹ ਵੀ ਆਪਣੀ ਸਿੰਘਣੀ ਬੀਬੀ ਗਗਨਦੀਪ ਕੌਰ ਦੀ ਸਫਲਤਾ ਤੇ ਮਾਣ ਮਹਿਸੂਸ ਕਰ ਰਹੇ ਹਨ ।ਜਿਕਰਯੋਗ ਹੈ ਕਿ ਜਪਾਨ ਵਰਗੇ ਦੇਸ਼ ਅੰਦਰ ਜਿੱਥੇ ਉਂਗਲਾਂ ਤੇ ਗਿਣੀ ਜਾਣ ਵਾਲੀ ਸਿੱਖਾਂ ਦੀ ਵਸੋਂ ਹੈ, ਜਿਸ ਵਿਚ ਬੀਬੀ ਗੁਰਸ਼ਰਨਜੀਤ ਕੌਰ ਓਥੇ ਰਹਿ ਰਹੇ ਪਰਿਵਾਰਾਂ ਅਤੇ ਬੱਚਿਆਂ ਨੂੰ ਗੁਰਮਤ ਨਾਲ ਜੋੜਦੇ ਰਹਿੰਦੇ ਹਨ ।

# ਪਾਕਿਸਤਾਨ ਨੂੰ ਮਿਲੇਗਾ 7 ਅਰਬ ਡਾਲਰ ਦਾ ਲੋਨ

ਵਾਸ਼ਿੰਗਟਨ : ਆਰਥਿਕ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਨੂੰ ਜਦੋਂ ਕਿਤੋਂ ਵੀ ਰਾਹਤ ਮਿਲਦੀ ਨਜ਼ੇਰ ਨਹੀਂ ਆ ਰਹੀ ਸੀ, ਅਜਿਹੇ ਹਾਲਾਤ ਵਿੱਚ ਪਾਕਿਸਤਾਨ ਲਈ ਇੱਕ ਚੰਗੀ ਖਬਰ ਸਾਹਮਣੇ ਆਈ ਹੈ। ਪਾਕਿਸਤਾਨ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ ਨੇ ਵੱਡਾ ਤੋਹਫਾ ਦਿੱਤਾ ਹੈ। ਅੰਤਰਰਾਸ਼ਟਰੀ ਮੁਦਰਾ ਫੰਡ ਨੇ ਪਾਕਿਸਤਾਨ ਨੂੰ 7 ਅਰਬ ਡਾਲਰ ਦਾ ਕਰਜ਼ਾ ਦਿੱਤਾ ਹੈ। ਇਸ ਨਾਲ ਨਕਦੀ ਦੀ ਘਾਟ ਵਾਲੇ ਦੇਸ਼ ਦੇ ਮੌਜੂਦਾ ਆਰਥਿਕ ਸੰਕਟ ਨਾਲ ਨਜਿੱਠਣ ਲਈ ਯਤਨਾਂ ਨੂੰ ਮਜ਼ਬੂਤ ਕਰਨ ਲਈ $1.1 ਅਰਬ ਤੋਂ ਘੱਟ ਦੇ ਕਰਜ਼ੇ ਦੀ ਪਹਿਲੀ ਕਿਸ਼ਤ ਤੁਰੰਤ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। 37 ਮਹੀਨਿਆਂ ਦੀ ਕਿਸ਼ਤ 'ਤੇ ਦਿੱਤਾ ਜਾ ਰਿਹਾ ਲੋਨ: ਅਧਿਕਾਰੀਆਂ ਨੇ ਦੱਸਿਆ ਕਿ ਕੌਮਾਂਤਰੀ ਮੁਦਰਾ ਫੰਡ (ਆਈ.ਐੱਮ.ਐੱਫ.) ਦੇ ਕਾਰਜਕਾਰੀ ਬੋਰਡ ਨੇ ਨਕਦੀ ਸੰਕਟ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਲਈ 7 ਅਰਬ ਡਾਲਰ ਦੇ ਨਵੇਂ ਕਰਜ਼ੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪਾਕਿਸਤਾਨ ਨੂੰ ਇਹ ਮਨਜ਼ੂਰੀ ਦੋ ਮਹੀਨੇ ਪਹਿਲਾਂ ਦੋਵਾਂ ਧਿਰਾਂ ਵਿਚਾਲੇ ਹੋਏ ਸਮਝੌਤੇ ਤੋਂ ਬਾਅਦ ਮਿਲੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਸਲਾਮਾਬਾਦ ਨੂੰ ਇਹ ਕਰਜ਼ਾ 37 ਮਹੀਨਿਆਂ ਦੀਆਂ ਕਿਸ਼ਤਾਂ ਵਿੱਚ ਦਿੱਤਾ ਜਾਵੇਗਾ।

# ਸਵਿਟਜ਼ਰਲੈਂਡ ਵਿੱਚ 'ਸੁਆਇਸਾਈਡ ਪੌਡ' ਦੇ ਰਾਹੀਂ ਔਰਤ ਦੀ ਮੌਤ, ਕਈ ਲੋਕ ਗ੍ਰਿਫਤਾਰ

ਬਰਨ : ਸਵਿਟਜ਼ਰਲੈਂਡ ਵਿੱਚ ਇੱਕ ਅਜਿਹੀ ਘਟਨਾ ਸਾਹਮਣੇ ਆਈ ਹੈ, ਜਿਸ ਵਿੱਚ ਇੱਕ ਔਰਤ ਦੀ ਮੌਤ 'ਸੁਆਇਸਾਈਡ ਪੌਡ' ਦੀ ਵਰਤੋਂ ਨਾਲ ਕੀਤੀ ਗਈ। ਇਹ ਆਤਮਹੱਤਿਆ ਕਰਨ ਵਾਲਾ ਯੰਤਰ ਜਾਂ ਪੌਡ ਇੱਕ ਵਿਵਾਦਗ੍ਰਸਤ ਉਪਕਰਣ ਹੈ, ਜੋ ਖੁਦਕੁਸ਼ੀ ਕਰਨ ਦੇ ਚਾਹਵਾਨਾਂ ਲਈ ਬਣਾਇਆ ਗਿਆ ਹੈ। ਇਸ ਘਟਨਾ ਨਾਲ ਸਬੰਧਤ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਸਵਿਟਜ਼ਰਲੈਂਡ ਦੇ ਸਥਾਨਕ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਮੰਗਲਵਾਰ ਨੂੰ ਇਸ ਮਾਮਲੇ ਵਿੱਚ ਕਈ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਹਾਲਾਂਕਿ ਅਧਿਕਾਰੀਆਂ ਨੇ ਇਸ ਮਾਮਲੇ ਦੇ ਸਬੰਧ ਵਿੱਚ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ, ਪਰ ਇਹ ਮੰਨਿਆ ਜਾ ਰਿਹਾ ਹੈ ਕਿ ਗ੍ਰਿਫਤਾਰ ਕੀਤੇ ਲੋਕਾਂ ਦਾ ਸੰਬੰਧ ਇਸ ਪੌਡ ਨੂੰ ਬਣਾਉਣ ਜਾਂ ਇਸ ਦੀ ਸਪਲਾਈ ਨਾਲ ਹੋ ਸਕਦਾ ਹੈ।

ਇਹ 'ਸੁਆਇਸਾਈਡ ਪੌਡ', ਜੋ ਕਿ ਸਰਕੋ ਪੌਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ। ਇਸ ਪੌਡ ਦੀ ਖਾਸੀਅਤ ਇਹ ਹੈ ਕਿ ਇਹ ਵਿਅਕਤੀ ਨੂੰ ਆਪਣਾ ਜੀਵਨ ਖਤਮ ਕਰਨ ਲਈ ਇੱਕ



'ਮੈਡੀਕਲ ਸਹੂਲਤ' ਦਿੰਦਾ ਹੈ। ਇਹ ਉਪਕਰਣ ਆਟੋਮੈਟਿਕ ਕੰਟਰੋਲ ਹੇਠ ਹੁੰਦਾ ਹੈ, ਜੋ ਆਕਸੀਜਨ ਦੀ ਘਾਟ ਪੈਦਾ ਕਰਦਾ ਹੈ ਅਤੇ ਕੁਝ ਹੀ ਮਿੰਟਾਂ ਵਿੱਚ ਮੌਤ ਹੋ ਜਾਂਦੀ ਹੈ।

ਇਸ ਉਪਕਰਣ ਦੇ ਵਰਤੋਂ ਦਾ ਮੁੱਦਾ ਕਈ ਨੈਤਿਕ ਅਤੇ ਕਾਨੂੰਨੀ ਚਰਚਾਵਾਂ ਨੂੰ ਜਨਮ ਦੇ ਰਿਹਾ ਹੈ, ਖਾਸਕਰ ਖੁਦਕੁਸ਼ੀ ਦੇ ਸਮਰਥਨ ਅਤੇ ਇਸਦੇ ਵਿਰੋਧ ਵਿੱਚ ਖੜ੍ਹੇ ਹੋਣ ਵਾਲੇ ਦੋ ਗਰੁੱਪਾਂ ਵਿੱਚ। ਕੁਝ ਲੋਕ ਮੰਨਦੇ ਹਨ ਕਿ ਇਹ ਪੌਡ ਖੁਦਕੁਸ਼ੀ ਦੇ ਇਛੁਕਾਂ ਲਈ ਸਹੀ ਕਦਮ ਹੈ ਹੋ ਸਰੀਰਕ ਪੱਖੋ ਕਿਸੇ ਤਰ੍ਹਾਂ ਕਮਜ਼ੋਰ ਜਾਂ ਕਿਸੇ ਦਰਦਨਾਕ ਬਿਮਾਰੀ ਤੋਂ ਪੀੜ੍ਹਤ ਹਨ। ਜਦਕਿ ਦੂਸਰੇ ਲੋਕ ਇਸਨੂੰ ਨੈਤਿਕ ਤੌਰ 'ਤੇ ਗਲਤ ਅਤੇ ਖਤਰਨਾਕ ਕਰਾਰ ਦਿੰਦੇ ਹਨ।

ਸਵਿਟਜ਼ਰਲੈਂਡ, ਜੋ ਕਿ ਦੁਨੀਆ ਵਿੱਚ ਕਈ ਸਾਲਾਂ ਤੋਂ ਖੁਦਕੁਸ਼ੀ ਦੇ ਕਾਨੂੰਨਾਂ ਲਈ ਚਰਚਿਤ ਰਿਹਾ ਹੈ ਇਸ ਘਟਨਾ ਤੋਂ ਬਾਅਦ ਕਈ ਕਾਨੂੰਨੀ ਪਹਲੂਆਂ ਦੀ ਜਾਂਚ ਕਰ ਰਿਹਾ ਹੈ।

ਅਧਿਕਾਰੀਆਂ ਵੱਲੋਂ ਦੱਸਿਆ ਗਿਆ ਹੈ ਕਿ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਦੇਖਿਆ ਜਾ ਰਿਹਾ ਹੈ ਕਿ ਕੀ ਇਹ ਪੌਡ ਦੀ ਵਰਤੋਂ ਖੁਦਕੁਸ਼ੀ ਕਰਨ ਦੇ ਲਈ ਕਾਨੂੰਨੀ ਢੰਗ ਨਾਲ ਕੀਤੀ ਗਈ ਸੀ ਜਾਂ ਨਹੀਂ।

ਇਸ ਘਟਨਾ ਨੇ ਦੁਨੀਆ ਭਰ ਵਿੱਚ ਸਵੈ-ਹਤਿਆਕਾਰੀ ਤਕਨਾਲੋਜੀ ਦੇ ਪ੍ਰਯੋਗ ਨੂੰ ਲੈ ਕੇ ਚਰਚਾ ਨੂੰ ਹੋਰ ਗਹਿਰਾ ਕਰ ਦਿੱਤਾ ਹੈ, ਅਤੇ ਅੱਗੇ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਕਾਨੂੰਨੀ ਅਤੇ ਨੈਤਿਕ ਪੱਖਾਂ ਤੇ ਹੋਰ ਵੀ ਗਹਿਰਾਈ ਨਾਲ ਵਿਚਾਰ ਹੋ ਸਕਦਾ ਹੈ।

DHESI MEAT SHOP
SERVING THE COMMUNITY FOR OVER 16 YEARS.

FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258(ਸਰੀ)

# ਕਾਰਪੋਰੇਟ ਕਲਚਰ ਨੇ ਲੋਕਾਂ ਦੀ ਜੀਵਨ ਸ਼ੈਲੀ ਕਿਵੇਂ ਬਦਲ ਦਿੱਤੀ?

ਲੇਖਕ : ਡਾਕਟਰ ਅਮਨਪ੍ਰੀਤ ਸਿੰਘ ਬਰਾੜ



ਇਸ ਨਾਲ ਇਕ ਪੰਥ ਦੋ ਕਾਜ ਹੁੰਦੇ ਸਨ। ਕਹਿਣ ਦਾ ਭਾਵ ਨਾਲੇ ਸਾਮਾਨ ਲੈ ਆਂਦਾ, ਨਾਲੇ ਤੋਰਾ ਫੇਰਾ ਹੋ ਗਿਆ। ਪਰ ਸਮੇਂ ਦੇ ਚੱਕਰ ਅਤੇ ਤਰੱਕੀ ਦੇ ਰਾਹ ਨੇ ਪੱਛਮੀ ਅਦਾਰੇ ਅਜਿਹੇ ਲਿਆਂਦੇ ਕਿ ਉਸ ਨਾਲ ਪੱਛਮੀ ਸੱਭਿਅਤਾ ਵੀ ਨਾਲ ਹੀ ਆ ਗਈ। ਇਸ ਵਿਚ ਸਭ ਤੋਂ ਵੱਡਾ ਬਦਲਾਓ ਆਇਆ ਦਫ਼ਤਰਾਂ ਦੇ ਸਮੇਂ ਦਾ ਜੋ ਸਵੇਰੇ 9 ਜਾਂ 10 ਵਜੇ ਖੁੱਲ੍ਹ ਕੇ ਰਾਤ ਦੇ 10 ਤੋਂ 11 ਵਜੇ ਤੱਕ ਹੋ ਗਿਆ ਜਾਂ ਦਫ਼ਤਰ ਘਰੋਂ ਹੀ ਚੱਲਣ ਲੱਗ ਪਏ। ਛੁੱਟੀਆਂ ਵੀ ਘਟਾ ਦਿੱਤੀਆਂ ਗਈਆਂ ਜੇ ਕੋਈ ਵੱਧ ਛੁੱਟੀ ਲੈਂਦਾ ਹੈ ਤਾਂ ਉਸ ਦੀ ਤਨਖਾਹ ਵੀ ਕੱਟੀ ਜਾਂਦੀ ਹੈ। ਇਸ ਤਰ੍ਹਾਂ ਲੋਕਾਂ ਨੂੰ ਘਰ ਦੇ ਕੰਮ ਲਈ ਟਾਈਮ ਦੀ ਘਾਟ ਹੋਣ ਲੱਗੀ। ਫੇਰ ਦੌਰ ਆ ਗਿਆ ਕਿ ਮਹਿੰਗਾਈ ਵਧਣ ਲੱਗੀ, ਜਿਸ ਕਾਰਨ ਘਰ ਦੇ ਦੋਵੇਂ ਜੀਆਂ ਨੂੰ ਕੰਮ ਕਰਨ ਦੀ ਲੋੜ ਪਈ। ਇਸ ਨਾਲ ਘਰ ਦਾ ਸਿਸਟਮ ਉਖੜਨ ਲੱਗਾ, ਘਰ ਲਈ ਜ਼ਰੂਰੀ ਚੀਜ਼ਾਂ ਖਰੀਦਣ ਦਾ ਅਤੇ ਖਾਣਾ ਬਣਾਉਣ ਦਾ ਸਮਾਂ ਵੀ ਨਾ ਰਿਹਾ। ਇਸ ਦਾ ਫਾਇਦਾ ਫੇਰ ਕਾਰਪੋਰੇਟ ਨੇ ਚੁੱਕਿਆ ਅਤੇ ਉਨ੍ਹਾਂ ਘਰ ਦੇ ਸਾਮਾਨ ਭਾਵ ਕਰਿਆਨਾ, ਕੱਪੜੇ ਤੋਂ ਲੈ ਕੇ ਇਲੈਕਟ੍ਰੋਨਿਕ ਆਦਿ ਲਈ ਡਿਜ਼ੀਟਲ ਪਲੇਟਫਾਰਮ ਤੇ ਮਾਰਕਿਟ ਬਣਾਉਣੀ ਸ਼ੁਰੂ ਕਰ ਦਿੱਤੀ ਅਤੇ ਇਸ ਨੂੰ ਈ-ਕਾਮਰਸ ਦਾ ਨਾਂਅ ਦਿੱਤਾ। ਇਸ ਨੇ ਭਾਰਤ ਵਿਚ ਵੀ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ ਅਤੇ ਉਮੀਦ ਹੈ ਕਿ ਇਹ ਵਪਾਰ 2024 ਵਿਚ ਤਕਰੀਬਨ 441 ਕਰੋੜ ਰੁਪਏ ਦਾ ਹੋ ਜਾਏਗਾ। ਇਹ ਤਕਰੀਬਨ 11.45 ਫੀਸਦੀ ਦੀ ਦਰ ਨਾਲ ਵੱਧ ਰਿਹਾ ਹੈ ਅਤੇ ਅਨੁਮਾਨ ਹੈ 2029 ਤੱਕ ਇਹ 759 ਕਰੋੜ ਰੁਪਏ 'ਤੇ ਪਹੁੰਚ ਜਾਵੇਗਾ। ਇਸ ਵੇਲੇ ਕੁਝ ਕੰਪਨੀਆਂ ਜਿਹੜੀਆਂ ਇਸ ਵਪਾਰ ਵਿਚ ਵੱਡਾ ਯੋਗਦਾਨ ਪਾ ਰਹੀਆਂ ਹਨ, ਉਹ ਹਨ ਐਮਾਜ਼ੋਨ ਅਤੇ ਫਲਿਪਕਾਰਟ। ਫਲਿਪਕਾਰਟ ਨੇ ਮਨਤਰਾਂ ਅਤੇ ਜਬੋਅੰਗ ਖ਼ਰੀਦ ਲਿਆ ਅਤੇ ਵਾਲਮਾਰਟ ਨੇ ਫਲਿਪਕਾਰਟ ਖਰੀਦ ਲਿਆ; ਇਸ ਤੋਂ ਇਲਾਵਾ ਟਾਟਾ ਕਲਿਕ, ਸਨੈਪਡੀਲ, ਮੀਸ਼ੋ, ਨਏਕਾ, ਜੀਓਮਾਰਟ, ਅਜੀਓ, ਬਲਿੰਕਟ, ਬਿੱਗ ਬਾਸਕਟ ਆਦਿ ਵੀ ਹਨ। ਇਨ੍ਹਾਂ ਦਾ ਪਿਛੋਕੜ ਦੇਖੋ ਤਾਂ ਪਤਾ ਲੱਗਦਾ ਹੈ ਕਿ ਇਹ ਸਾਰੇ ਹੀ ਵੱਡੇ ਕਾਰਪੋਰੇਟਰਾਂ ਦੇ ਬਣਾਏ ਹੋਏ ਪੋਰਟਲ ਹਨ। ਇਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਸੌਖਾਲੀ ਕੀਤੀ ਕਿ ਦਫ਼ਤਰ ਜਾਂ ਘਰ ਬੈਠੇ ਹੀ ਤੁਸੀਂ ਖਰੀਦਦਾਰੀ ਕਰ ਸਕਦੇ ਹੋ। ਇਨ੍ਹਾਂ ਸਾਇਟਾਂ 'ਤੇ ਬਰੈਂਡਿਡ ਸਾਮਾਨ 'ਤੇ ਵੀ ਡਿਸਕਾਊਂਟ ਮਿਲਣ ਲੱਗਾ ਜੋ ਕਿ ਆਮ ਸਟੋਰ 'ਤੇ ਨਹੀਂ ਮਿਲਦਾ।

ਕੋਰੋਨਾ ਕਾਲ ਵਿਚ ਇਸ ਨੇ ਲੋਕਾਂ ਨੂੰ ਸਹਾਰਾ ਵੀ ਦਿੱਤਾ ਅਤੇ ਇਸ ਦਾ ਫੈਲਾਅ ਵੀ ਹੋਇਆ। ਈ ਵਪਾਰ ਦਾ ਹੋਰ ਵਿਸਥਾਰ ਕਰਨ ਲਈ ਕਿਓ-ਕਾਮਰਸ ਜਾਂ ਤੁਰੰਤ ਵਪਾਰ ਲਿਆਂਦਾ ਗਿਆ। ਇਸ ਵਿਚ ਕਰਿਆਨੇ ਦੀਆਂ ਉਹ ਚੀਜ਼ਾਂ ਲਿਆਂਦੀਆਂ ਗਈਆਂ, ਜੋ ਜਲਦੀ ਚਾਹੀਦੀਆਂ ਹਨ ਜਿਵੇਂ ਕੋਲਡ ਡਰਿੰਕ, ਸਨੈਕਸ ਅਤੇ ਫਲ ਆਦਿ ਪਰ ਸਮੇਂ ਦੇ ਨਾਲ ਇਨ੍ਹਾਂ ਨੇ ਪੂਰਨ ਕਰਿਆਨੇ ਦਾ ਸਾਮਾਨ ਵੇਚਣਾ ਸ਼ੁਰੂ ਕਰ ਦਿੱਤਾ। ਕਰਿਆਨੇ ਦਾ ਸਾਮਾਨ ਵੇਚਣ ਵਾਲੀਆਂ ਮੁੱਖ ਕਿਊ-ਕਾਮਰਸ ਕੰਪਨੀਆਂ ਹਨ, ਬਲਿੰਕਿਟ , ਜੈਪਟੋ ਅਤੇ ਸਵਿਗੀ। ਇਨ੍ਹਾਂ ਕੰਪਨੀਆਂ ਦਾ ਡਲਿਵਰੀ ਟਾਈਮ 15 ਤੋਂ 30 ਮਿੰਟ ਦਾ ਹੈ, ਜਦਕਿ ਕਰਿਆਨੇ ਦੇ ਵਪਾਰ ਵਿਚ ਟਾਟਾ ਦੀ ਬਿੱਗ ਬਾਸਕਟ ਅਤੇ ਰਿਲਾਇੰਸ ਦਾ ਜੀਓ ਮਾਰਟ ਵੀ ਹੈ ਪਰ ਇਨ੍ਹਾਂ ਦਾ ਡਲਿਵਰੀ ਟਾਈਮ 24 ਤੋਂ 48 ਘੰਟੇ ਹੈ। ਇਸ ਵੇਲੇ ਦੇਸ਼ ਭਰ ਵਿਚ ਤਕਰੀਬਨ 120 ਲੱਖ ਕਰਿਆਨਾ ਸਟੋਰ ਹਨ। ਇਨ੍ਹਾਂ ਵਿਚੋਂ ਤਕਰੀਬਨ 8000 ਸਟੋਰ ਸੰਗਠਿਤ ਬਾਜ਼ਾਰ ਵਿਚ ਹਨ, ਜਦਕਿ ਬਾਕੀ ਅਸੰਗਠਿਤ ਬਾਜ਼ਾਰ ਵਿਚ, ਭਾਵ ਗਲੀਆਂ ਮੁਹੱਲਿਆਂ ਵਿਚ ਹਨ। ਇਨ੍ਹਾਂ ਸੰਗਠਿਤ ਸਟੋਰਾਂ ਵਿਚ ਸਭ ਤੋਂ ਵੱਡੇ ਅਤੇ ਜ਼ਿਆਦਾ ਰਿਲਾਇੰਸ ਦੇ ਸਟੋਰ ਹਨ। ਰਿਲਾਇੰਸ ਦਾ ਜੀਓ ਮਾਰਟ ਹੁਣ ਬਲਿੰਕਿਟ, ਜਮੈਟੋ ਅਤੇ ਸਵਿਗੀ ਨੂੰ ਪਛਾੜਨ ਦੀ ਫਰਾਕ ਵਿਚ ਹੈ।

ਇਸ ਵੇਲੇ ਬਲਿੰਕਿਟ ਦੇ 25000 ਅਤੇ ਜੈਪਟੋ ਦੇ 10000, ਬਿਗ ਬਾਸਕਟ (ਟਾਟਾ) ਦੇ 30000 ਸਟੋਰ ਹਨ ਅਤੇ ਇਹ 10 ਮਿੰਟ ਦਾ ਡਲਿਵਰੀ ਟਾਈਮ ਕਰਨ ਦਾ ਸੋਚ ਰਹੇ ਹਨ। ਬਿਗ ਬਾਸਕਟ ਦੇ 400 ਡੰਪ ਹਨ, ਜਿਨ੍ਹਾਂ ਨੂੰ ਡਾਰਕ ਸਟੋਰ ਕਿਹਾ ਜਾ ਰਿਹਾ ਹੈ, ਜਿਨ੍ਹਾਂ ਨੂੰ ਵਧਾ ਕਿ 600 ਕਰਨ ਦੀ ਤਜਵੀਜ਼ ਹੈ।

ਜਿੱਥੇ ਹੁਣ ਤੱਕ ਈ ਵਪਾਰ ਦੇ ਫਾਇਦੇ ਨਜ਼ਰ ਆਉਂਦੇ ਹਨ, ਉਥੇ ਹੀ ਆਉਣ ਵਾਲੇ ਸਮੇਂ ਵਿਚ ਇਸ ਦੇ ਵੱਡੇ ਖ਼ਤਰੇ ਵੀ ਹੋ ਹਨ। ਕੋਈ ਵੀ ਵਪਾਰੀ ਘਾਟਾ ਪਾ ਕੇ ਕੋਈ ਚੀਜ਼ ਨਹੀਂ ਦਿੰਦਾ, ਜਦ ਤੱਕ ਉਸ ਨੂੰ ਆਉਣ ਵਾਲੇ ਸਮੇਂ ਵਿਚ ਫਾਇਦਾ ਨਾ ਨਜ਼ਰ ਆਏ। ਇਹ ਕੰਪਨੀਆਂ ਆਉਣ ਵਾਲੇ ਸਮੇਂ ਵਿਚ ਛੋਟੇ ਦੁਕਾਨਦਾਰਾਂ ਅਤੇ ਵਪਾਰੀਆਂ ਨੂੰ ਕਾਰੋਬਾਰ ਤੋਂ ਬਾਹਰ ਕੱਢ ਦੇਣਗੀਆਂ ਅਤੇ ਆਪ ਇਥੇ ਆਪਣੀ ਇਜਾਰੇਦਾਰੀ ਲੈਣਗੀਆਂ ਤੇ ਫੇਰ ਇਹ ਕੰਪਨੀਆਂ ਮਨਮਰਜ਼ੀ ਦਾ ਮੁਨਾਫਾ ਲੈਣਗੀਆਂ। ਭਾਰਤ ਦੇ ਉਦਯੋਗ ਅਤੇ ਕਾਮਰਸ ਮੰਤਰੀ ਮਾਣਯੋਗ ਸ੍ਰੀ ਪਿਊਸ਼ ਗੋਇਲ ਨੇ ਵੀ ਚਿੰਤਾ ਜ਼ਾਹਿਰ ਕੀਤੀ ਹੈ। ਉਨ੍ਹਾਂ ਨੇ ਐਮਾਜ਼ੋਨ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਆਉਣ ਵਾਲੇ 10 ਸਾਲਾਂ ਵਿਚ ਈ-ਕਾਮਰਸ ਤਕਰੀਬਨ 10 ਕਰੋੜ ਲੋਕਾਂ ਨੂੰ ਬੇਰੁਜ਼ਗਾਰੀ ਵੱਲ ਧੱਕੇਗਾ। ਅਸਲ ਵਿਚ ਐਮਾਜ਼ੋਨ ਨੇ ਪਰੀਡੇਟਰੀ ਪ੍ਰਾਈਸਿੰਗ ਕਰਨੀ ਸ਼ੁਰੂ ਕੀਤੀ ਹੈ। ਇਸ ਦਾ ਮਤਲਬ ਹੈ ਕਿ ਕੀਮਤ ਐਨੀ ਹੇਠਾਂ ਕਰ ਦਿਓ ਕਿ ਉਸ ਕੀਮਤ 'ਤੇ ਕੋਈ ਦੁਕਾਨਦਾਰ ਚੀਜ਼ ਵੇਚ ਨਾ ਸਕੇ। ਇਸ ਦਾ ਸਿੱਧਾ ਮਕਸਦ ਹੁੰਦਾ ਹੈ ਆਪਣੇ ਮੁਕਾਬਲੇ ਵਾਲੇ ਦੁਕਾਨਦਾਰਾਂ, ਵਪਾਰੀਆਂ ਨੂੰ ਮੰਡੀ ਵਿਚੋਂ ਬਾਹਰ ਕਰਨਾ। ਸੇਲ ਦੇ ਨਾਂਅ 'ਤੇ ਮੋਟੇ ਡਿਸਕਾਊਂਟ ਦੇਣਾ ਆਮ ਹੀ ਗੱਲ ਬਣ ਗਈ ਹੈ। ਇਸ ਕੰਮ ਵਿਚ ਐਮਾਜ਼ੋਨ ਨੇ 6000 ਕਰੋੜ ਦਾ ਘਾਟਾ ਵੀ ਖਾਧਾ ਹੈ, ਜੋ ਉਨ੍ਹਾਂ ਨੇ ਆਪਣੀਆਂ ਬਾਹਰਲੀਆਂ ਕੰਪਨੀਆਂ ਵਿਚੋਂ ਨਿਵੇਸ਼ ਦਿਖਾ ਕੇ ਪੂਰਾ ਕੀਤਾ ਹੈ। ਇਸ ਦੇ ਨਾਲ ਹੀ ਬੀਤੇ ਸਾਲ ਵਿਚ ਐਮਾਜ਼ੋਨ ਨੇ ਤਕਰੀਬਨ 1000 ਕਰੋੜ ਰੁਪਏ ਪ੍ਰੋਫੈਸ਼ਨਲ ਨੂੰ ਵੀ ਦਿੱਤੇ ਤਾਂ ਜੋ ਉਨ੍ਹਾਂ ਖ਼ਿਲਾਫ਼ ਕੋਈ ਖੜ੍ਹਾ ਹੀ ਨਾ ਹੋਵੇ। ਅਜਿਹਾ ਇਕੱਲਾ ਐਮਾਜ਼ੋਨ ਨਹੀਂ ਕਰਦੀ, ਬਲਕਿ ਹੋਰ ਕੰਪਨੀਆਂ ਵੀ ਕਰਦੀਆਂ ਹਨ।

ਅਸਲ ਵਿਚ ਸਰਕਾਰ ਨੂੰ ਹੁਣ ਥੋੜੀ ਸੋਚ ਆਈ ਹੋ ਸਕਦੀ ਹੈ। ਇਨ੍ਹਾਂ ਕੰਪਨੀਆਂ ਖ਼ਿਲਾਫ਼ ਪਹਿਲੀ ਸ਼ਿਕਾਇਤ 2016 ਵਿਚ ਰਿਟੇਲਰਾਂ ਨੇ ਦਿੱਤੀ ਸੀ, ਜਿਸ ਵਿਚ ਉਨ੍ਹਾਂ ਕਿਹਾ ਕਿ ਇਹ ਕੰਪਨੀਆਂ 15 ਤੋਂ 20 ਫੀਸਦੀ ਰਿਆਇਤ ਦੇ ਰਹੀਆਂ ਹਨ। ਇਹੋ ਕੀਮਤ ਰਿਟੇਲਰਾਂ ਨੂੰ ਪੈਂਦੀ ਹੈ। ਸਾਲ 2020 ਵਿਚ ਆਨਲਾਈਨ ਰਿਟੇਲਰ ਐਸੋਸੀਏਸ਼ਨ ਦੇ 2000 ਮੈਂਬਰਾਂ ਨੇ ਕੰਪੀਟੀਸ਼ਨ ਕਮਿਸ਼ਨ ਆਫ ਇੰਡੀਆ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਇਸ 'ਤੇ ਕਮਿਸ਼ਨ ਨੇ 2021 ਵਿਚ ਇਹ ਕਹਿ ਕੇ ਮਾਮਲਾ ਰਫਾ-ਦਫਾ ਕਰ ਦਿੱਤਾ ਕਿ ਉਨ੍ਹਾਂ ਵਲੋਂ ਦਿੱਤੇ ਗਏ ਸਬੂਤਾਂ ਦੇ ਆਧਾਰ 'ਤੇ ਕੋਈ ਵੀ ਐਕਸ਼ਨ ਨਹੀਂ ਲਿਆ ਜਾ ਸਕਦਾ। ਕਨਫੈਡਰੇਸ਼ਨ ਆਫ ਆਲ ਇੰਡੀਆ ਟਰੇਡਰਜ਼ ਨੇ ਭਾਰਤ ਦੇ ਕੇਂਦਰੀ ਉਦਯੋਗ ਅਤੇ ਕਾਮਰਸ ਮੰਤਰੀ ਸ੍ਰੀ ਪਿਊਸ਼ ਗੋਇਲ ਨੂੰ ਮਾਰਚ 2022 ਨੂੰ ਖ਼ਤ ਲਿਖ ਕੇ ਇਨ੍ਹਾਂ ਕੰਪਨੀਆਂ ਵਲੋਂ ਕੀਤੀ ਜਾ ਰਹੀ ਐਫ ਡੀ ਆਈ ਐਕਟ 2016/18 ਦੀ ਉਲੰਘਣਾ ਬਾਰੇ ਜ਼ਿਕਰ ਕੀਤਾ ਅਤੇ ਕਿਹਾ ਕੰਪਨੀਆਂ-ਭਾਰਤ ਦੇ ਰਿਟੇਲ ਬਾਜ਼ਾਰ ਉੱਪਰ ਕਬਜ਼ਾ ਕਰਕੇ 40 ਕਰੋੜ ਲੋਕਾਂ ਤੋਂ ਰੁਜ਼ਗਾਰ ਖੋਹਣ ਦੀ ਵਿਉਂਤ ਹੈ, ਪਰ ਗੱਲ ਸੁਣੀ ਨਹੀਂ ਗਈ। ਅੱਜ 2024 ਵਿਚ ਉਹੀ ਕੇਂਦਰੀ ਮੰਤਰੀ ਆਪ ਉਸ ਗੱਲ ਦੀ ਪ੍ਰੋੜਤਾ ਕਰ ਰਹੇ ਹਨ। ਮੰਤਰੀ ਸਾਹਿਬ ਦਾ ਇਹ ਬਿਆਨ ਅਤੇ ਸਰਕਾਰ ਦੀ ਨਵੀਂ ਈ-ਕਾਮਰਸ ਪਾਲਸੀ ਜੋ ਆ ਰਹੀ ਹੈ, ਕੀ ਉਹ ਆਮ ਲੋਕਾਂ ਦੇ ਹਿੱਤ ਵਿਚ ਹੋਵੇਗੀ ਜਾਂ ਫਿਰ ਇਸ ਦੀ ਆੜ ਵਿਚ ਫਾਇਦਾ ਜੀਓ ਮਾਰਟ ਲੈ ਜਾਵੇਗਾ।

ਇਸੇ ਤਰ੍ਹਾਂ ਅਮੂਲ ਵੇਰਕਾ ਨੂੰ ਖ਼ਤਮ ਕਰਨ 'ਤੇ ਲੱਗਾ ਹੋਇਆ ਹੈ। ਵੇਰਕਾ ਦਾ ਮੁਨਾਫਾ ਪੰਜਾਬ ਦੇ ਕਿਸਾਨਾਂ ਵਿਚ ਵੰਡਿਆ ਜਾਂਦਾ ਹੈ, ਜਦ ਕਿ ਅਮੁਲ ਦਾ ਗੁਜਰਾਤ ਨੂੰ ਜਾਵੇਗਾ। ਈ-ਕਾਮਰਸ ਕੰਪਨੀਆਂ ਨੇ ਜਦੋਂ ਛੋਟਾ ਵਪਾਰੀ ਖ਼ਤਮ ਕਰ ਦਿੱਤਾ ਅਤੇ ਰਿਟੇਲ ਸਟੋਰ ਵੀ ਖੂੰਜੇ ਲਾ ਦਿੱਤੇ ਫੇਰ ਅਸਲ ਖੇਡ ਖੇਡੀ ਜਾਵੇਗੀ। ਉਸ ਵੇਲੇ ਪਤਾ ਲੱਗੇਗਾ ਕਿ ਇਹ ਵਸਤੂਆਂ ਕੀ ਭਾਅ ਵਿਕਦੀਆਂ ਹਨ?

ਦੂਜੀ ਗੱਲ ਰੋਜ਼ਗਾਰ ਦੇਣ ਦੀ ਤਾਂ ਜਦੋਂ ਇਹ ਇਜਾਰੇਦਾਰ ਬਣ ਗਏ, ਫੇਰ ਇਹ ਆਟੋਮੇਸ਼ਨ ਵੱਲ ਵਧਣਗੇ। ਅਮਰੀਕਾ ਦੇ ਕਈ ਸ਼ਹਿਰਾਂ ਵਿਚ ਐਮਾਜ਼ੋਨ ਡਿਲੀਵਰੀਆਂ ਲਈ ਡਰੋਨ ਦੀ ਵਰਤੋਂ ਦਾ ਅਭਿਆਸ ਕਰ ਰਿਹਾ ਹੈ। ਇਥੇ ਇਹ ਵੀ ਗੱਲ ਕਰੀਏ ਕਿ ਕਿਸਾਨ ਐਮ. ਐਸ.ਪੀ. ਕਿਉਂ ਮੰਗਦੇ ਹਨ? ਅਸਲ ਵਿਚ ਜਿਨ੍ਹਾਂ ਵਪਾਰੀਆਂ ਨੂੰ ਕਾਰਰਪੋਰੇਟ ਤੋਂ ਅਸੀਂ ਬਚਾਉਣ ਦੀ ਗੱਲ ਕਰਦੇ ਹਾਂ ਉਹੀ ਕਿਸਾਨਾਂ ਦੀ ਲੁੱਟ ਕਰਦੇ ਹਨ।

ਅਸਲ ਵਿਚ ਕਾਰਪੋਰੇਟ ਹੁਣ ਖੇਤੀ ਪੈਦਾਵਾਰ ਵੀ ਆਪਣੇ ਹੱਥ ਵਿਚ ਲੈਣਾ ਚਾਹੁੰਦੇ ਹਨ। ਸ਼ਾਇਦ ਸਾਡੇ ਉਦਯੋਗ ਮੰਤਰੀ ਜੀ ਨੂੰ ਹੁਣ ਕਿਸਾਨਾਂ ਦੀ ਗੱਲ ਵੀ ਸਮਝ ਆ ਜਾਵੇ। ਇਸ ਵੇਲੇ ਵਿਚਾਰਨ ਯੋਗ ਗੱਲ ਇਹ ਹੈ ਕਿ ਤਕਰੀਬਨ ਸਾਰੀ ਦੁਨੀਆ ਦੇ ਦੇਸ਼ ਹੀ ਸਿਰਫ ਕਾਰਪੋਰੇਟਾਂ ਨੂੰ ਉੱਪਰ ਚੁੱਕਣ ਦੇ ਮਕਸਦ ਨਾਲ ਹੀ ਨੀਤੀਆਂ ਬਣਾਉਂਦੇ ਹਨ। ਕਾਰਨ ਪੈਸਾ ਕਾਰਪੋਰੇਟਾਂ ਦੇ ਹੱਥ ਵਿਚ ਹੈ। ਪੈਸੇ ਨੂੰ ਪੈਸਾ ਕਮਾਉਂਦਾ ਹੈ। ਅੱਜ ਭਾਰਤ ਵਿਚ ਗਰੀਬ ਅਮੀਰ ਦਾ ਪਾੜਾ ਵੱਧ ਰਿਹਾ ਹੈ। ਦੇਸ਼ ਦੇ 10 ਫੀਸਦੀ ਲੋਕ ਤਕਰੀਬਨ 72 ਫੀਸਦੀ ਦੌਲਤ ਕੰਟਰੋਲ ਕਰਦੇ ਹਨ। ਉਧਰ ਹੇਠਲੇ 50 ਫੀਸਦੀ ਲੋਕ ਮੁਫ਼ਤ ਦੇ ਅਨਾਜ ਦੀ ਉਡੀਕ ਵਿਚ ਜੀ ਰਹੇ ਹਨ।

ਨਿਚੋੜ:- ਇਸ ਵੇਲੇ ਹੁਕਮਰਾਨਾਂ ਅਤੇ ਕਾਰਪੋਰਟਾਂ ਨੂੰ ਸੋਚਣ ਦੀ ਲੋੜ ਹੈ ਕਿ ਜੇ ਲੋਕਾਂ ਕੋਲ ਰੋਜ਼ਗਾਰ ਅਤੇ ਪੈਸਾ ਹੀ ਨਾ ਰਿਹਾ ਤਾਂ ਉਹ ਤੁਹਾਡੀਆਂ ਮਹਿੰਗੀਆਂ ਚੀਜ਼ਾਂ ਕਿਵੇਂ ਖਰੀਦਣਗੇ? ਸ਼ਾਇਦ ਉਨ੍ਹਾਂ ਨੂੰ ਇਹ ਲੱਗਦਾ ਹੋਵੇਗਾ ਕਿ ਮਹਿੰਗੀਆਂ ਵਸਤੂਆਂ ਵੇਚਣ ਲਈ 10 ਫੀਸਦੀ ਆਬਾਦੀ ਜੋ 72 ਫੀਸਦੀ ਪੈਸਾ ਕੰਟਰੋਲ ਕਰਦੀ ਹੈ ਉਹ ਹੀ ਕਾਫੀ ਹੈ। ਪਰ ਇਹ ਵੀ ਸੋਚਣ ਦੀ ਲੋੜ ਹੈ ਕਿ ਜਿਹੜੇ 81 ਕਰੋੜ ਲੋਕ ਮੁਫ਼ਤ ਦੇ ਅਨਾਜ 'ਤੇ ਪਲ ਰਹੇ ਹਨ ਕੀ ਉਹ ਕਾਨੂੰਨ ਵਿਵਸਥਾ ਨੂੰ ਠੀਕ ਰਹਿਣ ਦੇਣਗੇ? ਅੱਜ ਪੰਜਾਬ ਵਿਚ ਨਸ਼ਾ ਅਤੇ ਵਿਗੜਦੀ ਹੋਈ ਕਾਨੂੰਨ ਦੀ ਵਿਵਸਥਾ ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਹੀ ਦੇਣ ਹੈ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ

24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
It's Time To Grow Your Business
Advertise with us...
: canadianpunjabtimes@gmail.com
Contact : 604-338-7310

# ਸੋਸ਼ਲ ਮੀਡੀਆ ਤੇ ਮੀਡੀਆ ਸਾਖਰਤਾ

ਲੇਖਕ : ਅਮਨਦੀਪ ਸਿੰਘ
ਈਮੇਲ : amanysingh@gmail.com



ਅੱਜ ਦੇ ਜਾਣਕਾਰੀ ਦੇ ਦਬਾਅ ਭਰਪੂਰ ਯੁੱਗ ਵਿੱਚ ਸਾਡੇ ਸਭ ਲਈ ਮੀਡੀਆ ਸਾਖਰਤਾ ਦੀ ਯੋਗਤਾ ਅਤਿ ਜ਼ਰੂਰੀ ਹੈ। ਇੱਕ ਲੋਕਤੰਤਰੀ ਸਮਾਜ ਵਿੱਚ ਵਿਭਿੰਨ ਦ੍ਰਿਸ਼ਟੀਕੋਣ ਮਹੱਤਵਪੂਰਨ ਹੁੰਦੇ ਹਨ ਅਤੇ ਮੀਡੀਆ ਸਾਖਰਤਾ ਆਲੋਚਨਾਤਮਕ ਸੋਚ ਨੂੰ ਸਮਰੱਥ ਬਣਾਉਂਦੀ ਹੈ। ਲੋਕਾਂ ਨੂੰ ਵਿਸ਼ਾਲ ਮੀਡੀਆ ਸਾਗਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤੈਰਨ ਵਿੱਚ ਮਦਦ ਕਰਦੀ ਹੈ। ਹਰ ਰੋਜ਼ ਅਸੀਂ ਇੰਨੀ ਜ਼ਿਆਦਾ ਜਾਣਕਾਰੀ ਸੁਣਦੇ-ਪੜ੍ਹਦੇ ਤੇ ਦੇਖਦੇ ਹਾਂ ਕਿ ਸਾਡੇ ਲਈ ਝੂਠ ਤੇ ਭਰੋਸੇਯੋਗ ਜਾਣਕਾਰੀ ਨੂੰ ਪਛਾਣਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਲੋਕ ਰੋਜ਼ਾਨਾ ਕਈ ਘੰਟੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਇਸ ਕਰਕੇ ਉਸ ਸਮੱਗਰੀ ਨੂੰ ਗੰਭੀਰਤਾ ਨਾਲ ਸਮਝਣ ਅਤੇ ਉਸ ਦਾ ਵਿਸ਼ਲੇਸ਼ਣ ਕਰਨਾ ਬਹੁਤ ਮਹੱਤਵਪੂਰਨ ਹੈ। ਇੰਨਾ ਜ਼ਿਆਦਾ ਮੀਡੀਆ ਦਾ ਉਪਭੋਗ ਕਰਨ ਨਾਲ ਸਾਡੇ ਦਿਲੋ-ਦਿਮਾਗ਼ 'ਤੇ ਅਸਰ ਹੋਣਾ ਸੁਭਾਵਿਕ ਹੈ ਜਿਸ ਨਾਲ ਅਸੀਂ ਹੋਰ ਵੀ ਜ਼ਿਆਦਾ ਭੰਬਲਭੂਸੇ ਵਿੱਚ ਪੈ ਜਾਂਦੇ ਹਾਂ। ਸਾਡੀ ਆਲੋਚਨਾਤਮਕ/ਤਰਕਸ਼ੀਲ ਸੋਚ ਰੁਕ ਜਾਂਦੀ ਹੈ ਤੇ ਸਾਡੇ ਲਈ ਸੱਚੀ ਤੇ ਝੂਠੀ ਜਾਣਕਾਰੀ ਵਿੱਚ ਫ਼ਰਕ ਕੱਢਣਾ ਮੁਸ਼ਕਿਲ ਹੋ ਜਾਂਦਾ ਹੈ ਜਿਸ ਨਾਲ ਸਹੀ ਫ਼ੈਸਲੇ ਲੈਣੇ ਮੁਸ਼ਕਿਲ ਹੋ ਸਕਦੇ ਹਨ।

ਮਨੁੱਖ ਇੱਕ ਸਮਾਜਿਕ ਜੀਵ ਹੈ ਤੇ ਮੀਡੀਆ ਇੱਕ ਮੁੱਖ ਸਾਧਨ ਹੈ ਜਿਸ ਨਾਲ ਅਸੀਂ ਇੱਕ-ਦੂਜੇ ਨਾਲ ਤਾਲਮੇਲ ਰੱਖਦੇ ਹਾਂ। ਮੀਡੀਆ ਸਾਡੀ ਸਵੈ ਦੀ ਭਾਵਨਾ, ਸਮਾਜ ਅਤੇ ਸੰਸਾਰ ਦੀ ਸਮਝ ਵਿੱਚ ਯੋਗਦਾਨ ਪਾਉਂਦਾ ਹੈ, ਪਰ ਮੀਡੀਆ ਦੇ ਸਕਾਰਾਤਮਕ ਅਤੇ ਨਕਾਰਾਤਮਕ, ਦੋਵੇਂ ਤਰ੍ਹਾਂ ਦੇ ਪ੍ਰਭਾਵ ਹੋ ਸਕਦੇ ਹਨ। ਇਹ ਗੱਲ ਗੌਰ ਕਰਨ ਵਾਲੀ ਹੈ ਕਿ ਲੋਕ ਆਪਣੇ ਸਮਾਜਿਕ ਗੁੱਟਾਂ ਤੋਂ ਮਿਲੀ ਜਾਣਕਾਰੀ ਜੋ ਉਨ੍ਹਾਂ ਦੇ ਪਹਿਲਾਂ ਤੋਂ ਮੌਜੂਦ ਵਿਸ਼ਵਾਸਾਂ ਅਤੇ ਡਰਾਂ ਨਾਲ ਮੇਲ ਖਾਂਦੀ ਹੈ, 'ਤੇ ਜ਼ਿਆਦਾ ਭਰੋਸਾ ਕਰਦੇ ਹਨ ਅਤੇ ਉਸ ਨੂੰ ਅੱਗੇ ਸਾਂਝਾ ਕਰਦੇ ਹਨ। ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਮੀਡੀਆ ਇੱਕ ਵਪਾਰ ਹੈ! ਮੀਡੀਆ ਕੰਪਨੀਆਂ ਤੇ ਉਨ੍ਹਾਂ ਦੇ ਮਾਲਕਾਂ ਦਾ ਮੁੱਖ ਮੰਤਵ ਉਸ ਵਿੱਚੋਂ ਮੁਨਾਫ਼ਾ ਲੈਣਾ ਹੀ ਹੁੰਦਾ ਹੈ। ਸਾਨੂੰ ਮੀਡੀਆ ਨੂੰ ਸਿਸਟਮ ਦੀ ਸੋਚ ਦੇ ਰੂਪ ਵਿੱਚ ਦੇਖਣਾ ਚਾਹੀਦਾ ਹੈ। ਜ਼ਿਆਦਾਤਰ ਮੀਡੀਆ ਵੱਡੇ ਪੱਧਰ ਦੀਆਂ ਮੀਡੀਆ ਕਾਰਪੋਰੇਸ਼ਨਾਂ ਨਾਲ ਜੁੜਿਆ ਹੋਇਆ ਹੈ।

ਅੱਜਕੱਲ੍ਹ ਸੋਸ਼ਲ ਮੀਡੀਆ ਦਾ ਬਹੁਤ ਜ਼ੋਰ ਹੈ। ਸੋਸ਼ਲ ਮੀਡੀਆ ਪਲੇਟਫਾਰਮ ਕਿਸੇ ਵੀ ਖ਼ਬਰ ਜਾਂ ਪੋਸਟ ਨੂੰ ਵਾਇਰਲ ਕਰਨ ਤੇ ਵਧਾਉਣ ਲਈ ਐਲਗੋਰਿਦਮ ਦੀ ਵਰਤੋਂ ਕਰਦੇ ਹਨ ਜੋ ਅਕਸਰ ਸਨਸਨੀਖੇਜ਼ ਜਾਂ ਭਾਵਨਾਤਮਕ ਸਮੱਗਰੀ ਨੂੰ ਉਤਸ਼ਾਹਿਤ ਕਰਦੇ ਹਨ ਜਿਸ ਵਿੱਚ ਜਾਅਲੀ ਖ਼ਬਰਾਂ ਸ਼ਾਮਲ ਹੁੰਦੀਆਂ ਹਨ। ਇਸ ਤਰ੍ਹਾਂ ਸੋਸ਼ਲ ਮੀਡੀਆ 'ਤੇ ਲੋਕਾਂ ਦਾ ਆਪਸੀ ਤਾਲਮੇਲ ਵਧਦਾ ਹੈ, ਪਰ ਇਹ ਵਰਤਾਰਾ ਗ਼ਲਤ ਜਾਣਕਾਰੀ ਨੂੰ ਵੀ ਵਧਾਉਂਦਾ ਹੈ। ਸਵੈਚਲਿਤ ਖਾਤੇ ਜਾਂ ਬੋਟ (ਭੋਟਸ) ਗ਼ਲਤ ਜਾਣਕਾਰੀ ਨੂੰ ਵਧੇਰੇ ਕੁਸ਼ਲਤਾ ਅਤੇ ਵਿਆਪਕ ਤੌਰ 'ਤੇ ਫੈਲਾ ਸਕਦੇ ਹਨ ਤੇ ਕਿਸੇ ਵੀ ਮੁੱਦੇ ਨੂੰ ਹੋਰ ਗੁੰਝਲਦਾਰ ਬਣਾ ਸਕਦੇ ਹਨ। ਚਲਾਕ ਤੇ ਖ਼ਤਰਨਾਕ ਲੋਕ ਉਨ੍ਹਾਂ ਦੀ ਵਰਤੋਂ ਸੋਸ਼ਲ ਮੀਡੀਆ ਪ੍ਰਣਾਲੀਆਂ ਅਤੇ ਮਨੁੱਖੀ ਮਨੋਵਿਗਿਆਨ ਦੀਆਂ ਕਮਜ਼ੋਰੀਆਂ ਦਾ ਸ਼ੋਸ਼ਣ ਕਰਨ ਲਈ ਕਰਦੇ ਹਨ।

ਅੱਜ ਮਸਨੂਈ ਬੁੱਧੀ (ਏ.ਆਈ.) ਦੇ ਯੁੱਗ ਵਿੱਚ ਤੱਥਾਂ ਨੂੰ ਚੈੱਕ ਕਰਨ ਦੇ ਤਰੀਕੇ ਵੀ ਬਦਲ ਗਏ ਹਨ। ਡੈਨ ਐਵਨ (ਸੀਨੀਅਰ ਮੈਨੇਜਰ, ਨਿਊਜ਼ ਲਿਟ ਡਾਟ ਓਰਗ) ਸਾਨੂੰ ਤੱਥਾਂ ਨੂੰ ਚੈੱਕ ਕਰਨ ਦੇ ਪੰਜ ਨਿਯਮ ਸੁਝਾਉਂਦਾ ਹੈ:

ਸੰਦਰਭ - ਝੂਠਾ ਜਾਂ ਪੁਰਾਣਾ ਜਿਸ ਦੀ ਅੱਜ ਕੋਈ ਅਹਿਮੀਅਤ ਨਹੀਂ। ਜਿਵੇਂ ਕਿ ਬਹੁਤ ਵਾਰੀ ਪੁਰਾਣੀ ਤੇ ਅਸਲੀ ਫੋਟੋ ਜਾਂ ਵੀਡੀਓ ਨੂੰ ਕਿਸੇ ਹੋਰ ਸੰਦਰਭ ਵਿੱਚ ਪੇਸ਼ ਕਰਨਾ ਤਾਂ ਜੋ ਝੂਠੀ ਜਾਣਕਾਰੀ ਸੱਚੀ ਦਿਖੇ। ਇਸ ਨੂੰ ਚੈੱਕ ਕਰਨ ਲਈ ਤੁਸੀਂ ਉਸ ਫੋਟੋ ਜਾਂ ਵੀਡੀਓ ਨੂੰ ਇੰਟਰਨੈੱਟ 'ਤੇ ਲੱਭ ਸਕਦੇ (ਣਵੲਰਸੲ ਮਿੳਗੲ ਸ਼ੲੳਰਚਹ) ਹੋ ਤੇ ਸਹੀ ਸੰਦਰਭ ਜਾਣ ਸਕਦੇ ਹੋ। ਇਹ ਔਨਲਾਈਨ ਗ਼ਲਤ ਜਾਣਕਾਰੀ ਫੈਲਾਉਣ ਲਈ ਵਰਤੀਆਂ ਜਾਣ ਵਾਲੀਆਂ ਸਭ ਤੋਂ ਆਮ ਚਾਲਾਂ ਹਨ।

ਪ੍ਰਮਾਣ - ਇਹ ਤੱਥ ਜਾਂਚ ਕਰਨ ਦੀ ਇੱਕ ਬੁਨਿਆਦੀ ਯੋਗਤਾ ਹੈ ਕਿ ਤੁਸੀਂ ਔਨਲਾਈਨ ਜੋ ਕੁਝ ਵੀ ਦੇਖਦੇ ਹੋ ਕੀ ਉਹ ਅਸਲੀ ਹੈ, ਬਦਲਿਆ ਹੋਇਆ ਜਾਂ ਮਨਘੜਤ ਤਾਂ ਨਹੀਂ ਹੈ। ਜਿਵੇਂ ਕਿ ਫੋਟੋ/ਵੀਡੀਓ ਏ.ਆਈ. ਨੇ ਬਣਾਇਆ ਹੈ ਜਾਂ ਮਨੁੱਖਾਂ ਨੇ। ਕੀ ਅਸਲੀ ਫੋਟੋ ਵਿੱਚ ਫੇਰ-ਬਦਲ ਤਾਂ ਨਹੀਂ ਕੀਤਾ ਗਿਆ? ਅਸੀਂ ਜਿੰਨੇ ਜ਼ਿਆਦਾ ਪ੍ਰਮਾਣ ਚੈੱਕ ਕਰੀਏ ਓਨਾ ਵਧੀਆ ਹੈ। ਉਦਾਹਰਨ ਦੇ ਤੌਰ 'ਤੇ ਜਨਵਰੀ 2024 ਵਿੱਚ ਸੋਸ਼ਲ ਮੀਡੀਆ 'ਤੇ ਇੱਕ ਨਕਲੀ ਫੋਟੋ ਵਿੱਚ ਆਈਫਲ ਟਾਵਰ ਨੂੰ ਅੱਗ ਦੀਆਂ ਲਪਟਾਂ ਵਿੱਚ ਸੜਦਾ ਦਿਖਾਇਆ ਗਿਆ ਸੀ, ਪਰ ਜੇ ਦੇਖਿਆ ਜਾਵੇ ਤਾਂ ਹੋਰ ਕੋਈ ਵੀ ਨਿਊਜ਼ ਏਜੰਸੀ ਜਾਂ ਚੈਨਲ ਉਸ ਖ਼ਬਰ ਨੂੰ ਨਹੀਂ ਦਿਖਾ ਰਿਹਾ ਸੀ ਕਿਉਂਕਿ ਉਹ ਖ਼ਬਰ ਸੱਚੀ ਨਹੀਂ ਸੀ। ਜੇ ਤੁਸੀਂ ਕਿਤੇ ਇਹੋ ਜਿਹੀ ਸਨਸਨੀਖੇਜ਼ ਖ਼ਬਰ ਦੇਖੋ-ਸੁਣੋ ਤਾਂ ਖ਼ਬਰਾਂ ਦੇ ਪ੍ਰਮਾਣਿਕ ਸਰੋਤ ਦੇਖੋ ਜਾਂ ਸੁਣੋ ਤੇ ਆਪਣੇ ਆਪ ਨੂੰ ਇਹ ਸਵਾਲ ਪੁੱਛੋ ਕਿ ਜੇ ਉਹ ਖ਼ਬਰ ਸੱਚ ਹੈ ਤਾਂ ਹੋਰ ਕੀ ਸੱਚ ਹੋ ਸਕਦਾ ਹੈ?

ਤਰਕ - ਗ਼ਲਤ ਜਾਣਕਾਰੀ ਅਕਸਰ ਸਾਡੇ ਬੋਧਾਤਮਕ ਪੱਖਪਾਤ/ਝੁਕਾ ਅਤੇ ਤਰਕਪੂਰਨ ਭੁਲੇਖਿਆਂ ਪ੍ਰਤੀ ਕਮਜ਼ੋਰੀ ਦਾ ਸ਼ੋਸ਼ਣ ਕਰਨ ਲਈ ਤਿਆਰ ਕੀਤੀ ਜਾਂਦੀ ਹੈ। ਜਿਵੇਂ ਕਿ ਪਿੱਛੇ ਜਿਹੇ ਜਦੋਂ ਇੱਕ ਅਮਰੀਕਨ ਫੁੱਟਬਾਲ ਖਿਡਾਰੀ ਖੇਡਦੇ ਹੋਏ ਡਿੱਗ ਪਿਆ ਤਾਂ ਮਿੰਟਾਂ ਵਿੱਚ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਅਫ਼ਵਾਹ ਫੈਲਾਉਣੀ ਸ਼ੁਰੂ ਕਰ ਦਿੱਤੀ ਕਿ ਉਹ ਕੋਵਿਡ-19 ਵੈਕਸੀਨ ਕਰਕੇ ਡਿੱਗ ਪਿਆ। ਜਦੋਂਕਿ ਅਜੇ ਉਹ ਹਸਪਤਾਲ ਵੀ ਨਹੀਂ ਪਹੁੰਚਿਆ ਸੀ ਤੇ ਡਾਕਟਰਾਂ ਨੇ ਉਸ ਨੂੰ ਚੈੱਕ ਵੀ ਨਹੀਂ ਸੀ ਕੀਤਾ। ਬਾਅਦ ਵਿੱਚ ਡਾਕਟਰਾਂ ਨੇ ਦੱਸਿਆ ਕਿ ਅਸਲ ਵਿੱਚ ਉਸ ਨੂੰ ਜ਼ੋਰ ਦੇਣੀ ਧੱਕਾ ਲੱਗਣ 'ਤੇ ਦਿਲ ਦਾ ਦੌਰਾ ਪੈ ਗਿਆ ਸੀ। ਇਸ ਤਰ੍ਹਾਂ ਚਲਾਕ ਲੋਕ ਇਹੋ ਜਿਹੀਆਂ ਸਨਸਨੀਖੇਜ਼ ਖ਼ਬਰਾਂ ਨੂੰ ਗ਼ਲਤ ਜਾਣਕਾਰੀ ਫੈਲਾਉਣ ਲਈ ਵਰਤਦੇ ਹਨ।

ਸਬੂਤ - ਜਿਵੇਂ ਕਿ ਕਹਿੰਦੇ ਹਨ ਕਿ ਝੂਠ ਦੇ ਪੈਰ ਨਹੀਂ ਹੁੰਦੇ, ਉਵੇਂ ਹੀ ਗ਼ਲਤ ਜਾਣਕਾਰੀ ਵਿੱਚ ਕੁਦਰਤੀ ਹੀ ਠੋਸ ਸਬੂਤਾਂ ਦੀ ਘਾਟ ਹੁੰਦੀ ਹੈ, ਪਰ ਉਹ ਅਕਸਰ ਲੋਕਾਂ ਨੂੰ ਜਾਂ ਤਾਂ ਉਸ ਤੱਥ ਨੂੰ ਨਜ਼ਰਅੰਦਾਜ਼ ਕਰਨ ਜਾਂ ਝੂਠੇ ਸਬੂਤ ਨੂੰ ਮੰਨਣ ਲਈ ਉਕਸਾਉਂਦੀ ਹੈ। ਦਾਅਵੇ ਲਈ ਸਬੂਤ ਦਾ ਮੁਲਾਂਕਣ ਕਰਨਾ ਤੱਥ-ਜਾਂਚ ਕਰਨ ਦੀ ਇੱਕ ਪ੍ਰਮੁੱਖ ਯੋਗਤਾ ਹੈ।

ਸਰੋਤ - ਕਿਸੇ ਵੀ ਖ਼ਬਰ ਦੇ ਸਾਰੇ ਸਰੋਤ ਇੱਕੋ ਜਿਹੇ ਨਹੀਂ ਹੁੰਦੇ, ਪਰ ਜਦੋਂ ਅਸੀਂ ਔਨਲਾਈਨ ਸਮੱਗਰੀ ਫਟਾ-ਫਟ ਦੇਖਦੇ ਹਾਂ ਤਾਂ ਆਸਾਨੀ ਨਾਲ ਮਹੱਤਵਪੂਰਨ ਅੰਤਰ ਅੱਖੋਂ-ਪਰੋਖੇ ਕਰ ਸਕਦੇ ਹਾਂ। ਖ਼ਾਸ ਤੌਰ ਤੇ ਜਦੋਂ ਉਹ ਖ਼ਬਰਾਂ ਸਾਡੀਆਂ ਭਾਵਨਾਵਾਂ ਨੂੰ ਉਕਸਾਉਂਦੀਆਂ ਹਨ।

ਉੱਪਰ ਦਿੱਤੇ ਨਿਯਮ ਸਾਨੂੰ ਥੋੜ੍ਹਾ ਠਹਿਰ ਕੇ, ਠਰੰਮੇ ਨਾਲ ਸੰਦਰਭ ਬਾਰੇ ਸੋਚਣ ਲਈ ਪ੍ਰੇਰਿਤ ਕਰਦੇ ਹਨ ਤਾਂ ਕਿ ਅਸੀਂ ਹੇਠਾਂ ਦਿੱਤੇ ਸਵਾਲ ਪੁੱਛ ਸਕੀਏ:

ਕੀ ਇਹ ਪ੍ਰਮਾਣਿਕ ਹੈ?

ਕੀ ਇਹ ਠੋਸ ਤਰਕ 'ਤੇ ਆਧਾਰਿਤ ਹੈ।

ਇਸ ਦਾ ਸਬੂਤ ਕੀ ਹੈ?

ਜਦੋਂ ਅਸੀਂ ਇਨ੍ਹਾਂ ਸਵਾਲਾਂ ਨੂੰ ਹਮੇਸ਼ਾ ਆਪਣੇ ਮਨ ਵਿੱਚ ਰੱਖਦੇ ਹਾਂ ਤਾਂ ਕਿਸੇ ਜਾਣਕਾਰੀ/ਪੋਸਟ/ਤਸਵੀਰ ਨੂੰ ਬਿਨਾਂ ਸੋਚੇ ਸਮਝੇ ਸੱਚ ਮੰਨਣ ਦੀ ਬਜਾਏ ਅਸੀਂ ਥੋੜ੍ਹਾ ਰੁਕ ਕੇ ਆਲੋਚਨਾਤਮਕ ਤੌਰ 'ਤੇ ਸੋਚ ਸਕਦੇ ਹਾਂ ਕਿ ਸਾਡੇ ਅੱਗੇ ਪੇਸ਼ ਕੀਤੀ ਗਈ ਸਮੱਗਰੀ ਅਸਲ ਵਿੱਚ ਕੀ ਹੈ? ਅਤੇ ਹੋ ਸਕਦਾ ਹੈ ਕਿ ਸਾਨੂੰ ਪਤਾ ਲੱਗ ਜਾਵੇ ਕਿ ਉਹ ਸਮੱਗਰੀ ਪ੍ਰਮਾਣਿਕ ਨਹੀਂ ਹੈ।

ਇੱਕ ਇੰਟਰਵਿਊ ਵਿੱਚ ਡਾ. ਐਂਥਨੀ ਫੌਚੀ (ਅਮਰੀਕਾ ਦੇ ਰਾਸ਼ਟਰਪਤੀ ਦਾ ਸਾਬਕਾ ਮੁੱਖ ਮੈਡੀਕਲ ਸਲਾਹਕਾਰ ਅਤੇ ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਅਤੇ ਛੂਤ ਦੀਆਂ ਬਿਮਾਰੀਆਂ ਦਾ ਡਾਇਰੈਕਟਰ) ਕਹਿੰਦਾ ਹੈ ਕਿ ਕੋਵਿਡ ਪ੍ਰਤੀ ਸਾਡੀ ਜਨਤਕ ਸਿਹਤ ਪ੍ਰਤੀਕਿਰਿਆ ਨੂੰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੁਆਰਾ ਗ਼ਲਤ ਜਾਣਕਾਰੀ ਦੇ ਫੈਲਾਅ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ ਸੰਸਾਰ ਵਿੱਚ ਕਿੰਨੀ ਗ਼ਲਤ ਜਾਣਕਾਰੀ ਭਰੀ ਪਈ ਹੈ ਤੇ ਬਦਕਿਸਮਤੀ ਨਾਲ ਲੋਕਾਂ ਦੀਆਂ ਜਾਨਾਂ ਵੀ ਲੈ ਰਹੀ ਹੈ। ਜਿਵੇਂ ਕਿ ਗ਼ਲਤ ਜਾਣਕਾਰੀ ਕਰਕੇ ਬਹੁਤ ਲੋਕ ਕੋਵਿਡ ਜਾਂ ਕੋਈ ਹੋਰ ਵੈਕਸੀਨ (ਟੀਕਾ) ਨਹੀਂ ਲਗਵਾਉਂਦੇ। ਇਸੇ ਤਰ੍ਹਾਂ ਹੀ ਕੋਵਿਡ-19 ਦੀ ਉਤਪਤੀ ਬਾਰੇ ਵੀ ਬਹੁਤ ਗ਼ਲਤ ਖ਼ਬਰਾਂ ਹਨ, ਜਿਵੇਂ ਕਿ ਕੋਵਿਡ ਵਾਇਰਸ ਇੱਕ ਚੀਨੀ ਪ੍ਰਯੋਗਸ਼ਾਲਾ ਵਿੱਚੋਂ ਲੀਕ ਹੋਇਆ ਸੀ, ਪਰ ਬਹੁਤੇ ਵਿਗਿਆਨਕਾਂ ਦਾ ਮੰਨਣਾ ਹੈ ਕਿ ਕੋਵਿਡ ਵਾਇਰਸ ਕੁਦਰਤੀ ਤੌਰ 'ਤੇ ਵਿਕਸਤ ਹੋਇਆ। ਫਿਰ ਵੀ ਸਾਨੂੰ ਆਪਣੇ ਆਪ ਨੂੰ ਨਿਰਪੱਖ ਰੱਖਣਾ ਚਾਹੀਦਾ ਹੈ ਜਦੋਂ ਤੱਕ ਅਸਲੀ ਅੰਕੜੇ, ਤੱਥ ਤੇ ਸਬੂਤ ਸਾਹਮਣੇ ਨਾ ਆ ਜਾਣ।

ਹਿਡਨ ਬ੍ਰੇਨ ਰੇਡੀਓ ਪੌਡਕਾਸਟ ਵਿੱਚ ਅਰਥਸ਼ਾਸਤਰੀ ਐਲੈਕਸ ਐਡਮਨਜ਼ ਦੱਸਦਾ ਹੈ ਕਿ ਆਸਟਰੇਲੀਆ ਵੱਸਦੀ ਇੱਕ ਠੱਗ ਤੇ ਨਕਲੀ-ਵਿਗਿਆਨ ਦੀ ਸਲਾਹਕਾਰ ਬੈੱਲ ਗਿਬਸਨ ਨੇ 2014 ਵਿੱਚ ਆਪਣੇ ਬਲਾਗ ਰਾਹੀਂ ਇਹ ਦਾਅਵਾ ਕੀਤਾ ਕਿ ਸਾਫ਼-ਸੁਥਰੇ ਖਾਣੇ ਤੇ ਕੁਦਰਤੀ ਉਪਚਾਰ ਨਾਲ ਉਸ ਦਾ ਕੈਂਸਰ ਠੀਕ ਹੋ ਗਿਆ ਹੈ ਜੋ ਕਿ ਕੀਮੋਥੈਰੇਪੀ ਤੇ ਹੋਰ ਡਾਕਟਰੀ ਇਲਾਜ ਨਾਲ ਠੀਕ ਨਹੀਂ ਹੋ ਰਿਹਾ ਸੀ। ਉਸ ਦੀ ਇਹ ਕਹਾਣੀ ਵਾਇਰਲ ਹੋ ਗਈ ਤੇ ਪੂਰੀ ਦੁਨੀਆ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਸਿੱਟੇ ਵਜੋਂ ਹੋ ਸਕਦਾ ਹੈ ਕਿ ਅਨੇਕਾਂ ਲੋਕਾਂ ਨੇ ਆਪਣੀਆਂ ਬਿਮਾਰੀਆਂ ਦਾ ਡਾਕਟਰੀ ਇਲਾਜ ਛੱਡ ਕੇ ਕੁਦਰਤੀ ਇਲਾਜ ਤੇ ਸਾਫ਼-ਸੁਥਰਾ ਭੋਜਨ ਖਾਣਾ ਸ਼ੁਰੂ ਕਰ ਦਿੱਤਾ ਹੋਵੇ। ਬੈੱਲ ਗਿਬਸਨ ਨੂੰ ਪੈਂਗੁਇਨ ਆਸਟਰੇਲੀਆ ਵੱਲੋਂ ਕੈਂਸਰ ਖ਼ਤਮ ਕਰਨ ਵਾਲੇ ਖਾਣੇ ਬਣਾਉਣ ਦੇ ਨੁਸਖ਼ਿਆਂ ਦੀ ਕਿਤਾਬ ਛਾਪਣ ਦੀ ਪੇਸ਼ਕਸ਼ ਵੀ ਹੋਈ। ਉਸ ਨੇ ਇੱਕ ਐਪ ਵੀ ਲਾਂਚ ਕੀਤੀ, ਜਿੱਥੇ ਬਿਮਾਰੀਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਵਾਲੇ ਕੁਦਰਤੀ ਨੁਸਖ਼ੇ ਦੱਸੇ ਗਏ ਸਨ। ਪਰ ਇਸ ਸਭ ਕਾਸੇ ਵਿੱਚ ਇਸ ਗੱਲ ਦਾ ਲੁਕਾ ਸੀ ਕਿ ਉਸ ਨੂੰ ਕਦੇ ਕੈਂਸਰ ਸੀ ਹੀ ਨਹੀਂ। ਉਸ ਨੇ ਝੂਠ ਬੋਲਿਆ ਸੀ ਕਿ ਉਸ ਨੂੰ ਕੈਂਸਰ ਸੀ ਜੋ ਕੁਦਰਤੀ ਤਰੀਕੇ ਨਾਲ ਬਿਨਾਂ ਡਾਕਟਰੀ ਇਲਾਜ ਦੇ ਠੀਕ ਹੋ ਗਿਆ ਸੀ। ਇਹ ਕਹਾਣੀ ਉਨ੍ਹਾਂ ਲੋਕਾਂ ਬਾਰੇ ਵੀ ਹੈ ਜੋ ਬਿਨਾਂ ਤੱਥਾਂ ਦੀ ਪਰਖ ਕੀਤਿਆਂ ਮੰਨ ਲੈਂਦੇ ਹਨ ਕਿ ਅਜਿਹਾ ਸੱਚ ਹੋ ਸਕਦਾ ਹੈ ਕਿ ਕਹਾਣੀ ਓਹੀ ਦੱਸਦੀ ਹੈ ਜੋ ਅਸੀਂ ਸੁਣਨਾ ਚਾਹੁੰਦੇ ਹਾਂ। ਇਹ ਪੁਸ਼ਟੀਕਰਨ ਝੁਕਾ (ਛੋਨਡਿਰਮੳਟਿੋਨ ਭਿੳਸ) ਦੀ ਉਦਾਹਰਨ ਹੈ - ਪੁਸ਼ਟੀਕਰਨ ਝੁਕਾ ਮਨੋਵਿਗਿਆਨ ਅਨੁਸਾਰ ਇੱਕ ਤਰ੍ਹਾਂ ਦਾ ਤਰਕਦੋਸ਼ ਹੈ ਜਿਸ ਵਿੱਚ ਕੋਈ ਵਿਅਕਤੀ ਅਚੇਤ ਹੀ ਅਜਿਹੀ ਜਾਣਕਾਰੀ ਨੂੰ ਮਹੱਤਵ ਦਿੰਦਾ ਹੈ ਜੋ ਉਸ ਦੀਆਂ ਆਪਣੀਆਂ ਧਾਰਨਾਵਾਂ 'ਤੇ ਵਿਸ਼ਵਾਸਾਂ ਨਾਲ ਮੇਲ ਖਾਂਦੀ ਹੈ ਤੇ ਅਜਿਹੀ ਜਾਣਕਾਰੀ ਨੂੰ ਰੱਦ ਕਰ ਦੇਣਾ ਜੋ ਉਸ ਦੇ ਵਿਸ਼ਵਾਸਾਂ 'ਤੇ ਖਰੀ ਨਹੀਂ ਉਤਰਦੀ। ਚਲਾਕ ਲੋਕ ਮੀਡੀਆ ਰਾਹੀਂ ਲੋਕਾਂ ਦੇ ਪੁਸ਼ਟੀਕਰਨ ਝੁਕਾ ਦਾ ਫ਼ਾਇਦਾ ਉਠਾਉਂਦੇ ਹਨ। ਲੋਕ ਬੈੱਲ ਗਿਬਸਨ ਵਰਗੀਆਂ ਕਹਾਣੀਆਂ ਨੂੰ ਪਸੰਦ ਕਰਦੇ ਹਨ ਕਿਉਂਕਿ ਅਜਿਹਾ ਉਹ ਬਚਪਨ ਤੋਂ ਹੀ ਸੁਣਦੇ ਆਏ ਹਨ ਕਿ ਕੁਦਰਤੀ ਇਲਾਜ ਵਧੀਆ ਹੈ ਤੇ ਦਵਾਈਆਂ ਤੇ ਟੀਕਿਆਂ ਰਾਹੀਂ ਵੱਡੀਆਂ ਮੈਡੀਕਲ ਕੰਪਨੀਆਂ ਉਨ੍ਹਾਂ ਦੇ ਸਰੀਰਾਂ ਵਿੱਚ ਖ਼ਤਰਨਾਕ ਰਸਾਇਣਕ ਪਦਾਰਥਾਂ ਦਾ ਜ਼ਹਿਰ ਪਾ ਰਹੀਆਂ ਹਨ। ਸਾਨੂੰ ਆਪਣੇ ਪੁਸ਼ਟੀਕਰਨ ਝੁਕਾ ਸਮਝ ਕੇ ਤੇ ਇਹ ਜਾਣ ਕੇ ਕਿ ਕਿਵੇਂ ਚਲਾਕ ਲੋਕ, ਸੋਸ਼ਲ ਮੀਡੀਆ ਐਲਗੋਰਿਥਮ ਤੇ ਬੋਟ (ਭੋਟਸ) ਸਾਨੂੰ ਭਰਮਾਉਂਦੇ ਹਨ, ਅਸੀਂ ਝੂਠ ਨੂੰ ਪਹਿਚਾਨਣ ਦੇ ਯੋਗ ਬਣ ਸਕਦੇ ਹਾਂ।

ਇਨ੍ਹਾਂ ਪ੍ਰਤੀ ਸੁਚੇਤ ਰਹਿੰਦੇ ਹੋਏ ਤੁਸੀਂ ਤਰਕਸ਼ੀਲ ਸੋਚ ਵਿਕਸਤ ਕਰ ਸਕਦੇ ਹੋ, ਜਿਸ ਨਾਲ ਤੁਸੀਂ ਵਧੇਰੇ ਜਾਗਰੂਕਤਾ ਅਤੇ ਸਮਝ ਨਾਲ ਸੋਸ਼ਲ ਮੀਡੀਆ ਦੇ ਸੈਲਾਬ ਵਿੱਚ ਤੈਰ ਸਕਦੇ ਹੋ। ਜਿਸ ਤਰ੍ਹਾਂ ਸੋਸ਼ਲ ਮੀਡੀਆ ਨੂੰ ਡਿਜ਼ਾਇਨ ਕੀਤਾ ਗਿਆ ਹੈ ਉਸ ਦਾ ਮੰਤਵ ਸਾਨੂੰ ਜਾਣਕਾਰੀ ਨਾਲ ਭਰਨਾ ਹੈ। ਸਿਰਫ਼ ਸੋਸ਼ਲ ਮੀਡੀਆ ਸੁਰਖੀਆਂ ਨੂੰ ਪੜ੍ਹਨਾ ਅਤੇ ਖ਼ਬਰਾਂ ਦੀਆਂ ਸੁਰਖੀਆਂ ਦੀ ਵਰਤੋਂ ਕਰਨਾ ਬਹੁਤ ਆਸਾਨ ਹੈ, ਪਰ ਜੇਕਰ ਅਸੀਂ ਸੁਚਿਤ ਤੇ ਸੁਚੇਤ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਕੰਮ ਕਰਨਾ ਪਵੇਗਾ ਅਤੇ ਖ਼ਬਰਾਂ ਦੇ ਇੱਕ ਸਰਗਰਮ ਖਪਤਕਾਰ ਬਣਨਾ ਪਵੇਗਾ। ਜਦੋਂ ਅਸੀਂ ਖ਼ਬਰਾਂ ਨੂੰ ਆਲੋਚਨਾਤਮਕ ਤੌਰ 'ਤੇ ਦੇਖਣ-ਪਰਖਣ ਦੀ ਤਕਨੀਕ ਜਾਣ ਜਾਂਦੇ ਹਾਂ ਤਾਂ ਸਾਡੀ ਝੂਠੀਆਂ ਖ਼ਬਰਾਂ ਤੇ ਔਨਲਾਈਨ ਧੋਖਾਧੜੀ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਬਹੁਤ ਘਟ ਜਾਂਦੀ ਹੈ।

# ਇਹ ਕੈਸੀ ਰੁੱਤ ਆਈ

ਲੇਖਕ : ਡਾ. ਛਿੰਦਰਪਾਲ ਕੌਰ
ਸੰਪਰਕ: 94644-45124

ਡੈਪੂਟੇਸ਼ਨ ਰੱਦ ਹੋਣ ਤੋਂ ਬਾਅਦ ਜਦੋਂ ਮੈਂ ਦੁਬਾਰਾ ਪੁਰਾਣੇ ਸਕੂਲ ਗਈ ਤਾਂ ਸਭ ਤੋਂ ਵੱਡੀ ਚਿੰਤਾ ਇਹ ਹੋ ਗਈ ਕਿ ਉੱਥੇ ਰਹਾਂਗੀ ਕਿੱਥੇ। ਮੇਰੇ ਪਤੀ ਮੇਰੇ ਨਾਲ ਸਨ। ਉਨ੍ਹਾਂ ਦੇ ਲੱਖ ਭਰੋਸਾ ਦਿਵਾਉਣ 'ਤੇ ਵੀ ਦਿਲ ਨੂੰ ਕੋਈ ਢਾਰਸ ਨਹੀਂ ਸੀ ਬੱਝ ਰਿਹਾ। ਇਸ ਦਾ ਕਾਰਨ ਇਹ ਸੀ ਕਿ ਮੈਂ ਆਪਣੀ ਨਵੀਂ ਜੁਆਇਨਿੰਗ ਹੋਣ ਵੇਲੇ ਤੋਂ ਹੀ ਰਹਿਣ ਦੇ ਮਾਮਲੇ ਵਿੱਚ ਸੰਤੁਸ਼ਟ ਨਹੀਂ ਸਾਂ। ਸਕੂਲ 'ਚ ਹਾਜ਼ਰ ਹੋਣ ਤੋਂ ਬਾਅਦ ਪਿੰਡ ਦੇ ਕੁਝ ਘਰਾਂ 'ਚ ਪਤਾ ਕੀਤਾ ਪਰ ਕਿਸੇ ਹੱਥ ਨਾ ਫੜਾਇਆ। ਘੁੰਮਦੇ-ਘੁੰਮਾਉਂਦੇ ਇੱਕ ਅਜਿਹੇ ਘਰ ਪਹੁੰਚ ਗਏ ਜਿੱਥੇ ਇੱਕ 70 ਸਾਲਾ ਬਿਰਧ ਔਰਤ ਇਕੱਲੀ ਰਹਿੰਦੀ ਸੀ। ਹਾਲ-ਚਾਲ ਪੁੱਛਣ ਤੋਂ ਬਾਅਦ ਅਸੀਂ ਅਸਲ ਗੱਲ 'ਤੇ ਆ ਗਏ। ਅਸੀਂ ਬਿਰਧ ਔਰਤ ਨੂੰ ਦੱਸਿਆ ਕਿ ਮੈਂ ਇਸੇ ਪਿੰਡ ਦੇ ਸਕੂਲ 'ਚ ਅਧਿਆਪਕ ਹਾਂ, ਰਹਿਣ ਲਈ ਕਮਰਾ ਚਾਹੀਦਾ ਹੈ। ਪਹਿਲੀ ਨਜ਼ਰੇ ਦੇਖਣ ਨੂੰ ਮੈਨੂੰ ਇਹ ਔਰਤ ਸ਼ੱਕੀ ਵੀ ਜਾਪੀ ਅਤੇ ਉਦਾਸੀ ਜਿਹੀ ਵੀ। ''ਤੇਰਾ ਘਰ ਐ ਪੁੱਤ, ਜੀ ਸਦਕੇ ਰਹੋ। ਵੈਸੇ ਵੀ ਪੁੱਤ ਪਿਛਲੇ ਵੀਹ ਸਾਲਾਂ ਤੋਂ ਇਹ ਘਰ, ਘਰ ਨਹੀਂ ਰਿਹਾ। ਮਹਿਲ ਵਰਗਾ ਘਰ ਛੱਡ ਕੇ ਆਪ ਮੇਰਾ ਇਕਲੌਤਾ ਪੁੱਤ ਬਾਹਰ ਚਲਾ ਗਿਆ, ਹੁਣ ਪੰਜੀਂ ਚੌਹੀਂ ਸਾਲੀਂ ਗੇੜਾ ਮਾਰਦੈ, ਵੀਡੀਓ ਕਾਲ ਕਰ ਲੈਂਦੈ।'' ਇਹ ਸਾਰੀਆਂ ਗੱਲਾਂ ਉਸ ਨੇ ਇੱਕੋ ਵਾਰੀ ਸਾਡੇ ਵੱਲ ਵਗਾਹ ਮਾਰੀਆਂ। ਜਿਵੇਂ ਸਾਲਾਂ ਦੀ ਇਨ੍ਹਾਂ ਹੀ ਗੱਲਾਂ ਹੇਠ ਦੱਬੀ ਪਈ ਹੋਵੇ। ਚਲੋ, ਰਹਿਣ ਦਾ ਇੰਤਜ਼ਾਮ ਤਾਂ ਹੋ ਗਿਆ ਪਰ ਮੈਨੂੰ ਕਈ ਹੋਰ ਗੱਲਾਂ ਨੇ ਆਣ ਘੇਰਿਆ। ਅਸੀਂ ਦੋਵਾਂ ਨੇ ਰਾਤ ਦਾ ਖਾਣਾ ਖਾਧਾ। ਖਾਣਾ ਮੈਂ ਆਪ ਬਣਾਇਆ। ਉਨ੍ਹਾਂ ਖਾਣਾ ਬੜੀ ਰੂਹ ਨਾਲ ਖਾਧਾ। ''ਪੁੱਤ, ਮੈਂ ਤਾਂ ਸ਼ਾਮ ਨੂੰ ਖਾਣਾ ਬਣਾਉਂਦੀ ਹੀ ਨਹੀਂ, ਸ਼ਾਮ ਨੂੰ ਹਿੰਮਤ ਨਹੀਂ ਰਹਿੰਦੀ ਮੇਰੇ 'ਚ। ਗੁਆਂਢੀਆਂ ਦੀ ਕੁੜੀ ਆਉਂਦੀ ਐ, ਉਹ ਦੁੱਧ ਦਾ ਗਿਲਾਸ ਦੇ ਜਾਂਦੀ ਐ, ਨਾਲ ਇੱਕ ਦੋ ਰਸ ਖਾ ਲੈਂਦੀ ਆਂ। ਜਿਊਂਦੀ ਰਹਿ ਧੀਏ, ਅੱਜ ਮੈਨੂੰ ਬੜੇ ਚਿਰ ਬਾਅਦ ਚੰਗਾ ਚੰਗਾ ਲੱਗਿਆ। ਕਦੇ ਸਮਾਂ ਸੀ ਪੁੱਤ, ਜਦੋਂ ਇਸ ਘਰ 'ਚ ਬੜੀ ਚਹਿਲ-ਪਹਿਲ ਹੁੰਦੀ ਸੀ। ਮੇਰੀਆਂ ਤਿੰਨ ਧੀਆਂ ਹਨ। ਉਦੋਂ ਘਰ ਸਾਡਾ ਬੜਾ ਛੋਟਾ ਜਿਹਾ ਸੀ ਪਰ ਖ਼ੁਸ਼ੀਆਂ ਬਹੁਤ ਸਨ। ਇਨ੍ਹਾਂ ਦੇ ਪਾਪਾ ਤਾਂ ਬੜੇ ਸਾਲ ਪਹਿਲਾਂ ਹੀ ਦੁਨੀਆ 'ਚੋਂ ਚਲੇ ਗਏ ਸਨ। ਮੈਂ ਬੱਚਿਆਂ ਨੂੰ ਪੜ੍ਹਾਇਆ-ਲਿਖਾਇਆ। ਰੀਸੋ-ਰੀਸੀ ਬੱਚਿਆਂ ਨੇ ਬਾਹਰ ਜਾਣ ਦਾ ਮਨ ਬਣਾ ਲਿਆ। ਮੈਂ ਵੀ ਬੱਚਿਆਂ ਨਾਲ ਬਹੁਤੀ ਜ਼ਿੱਦ ਨਹੀਂ ਕੀਤੀ, ਬਾਹਰ ਭੇਜ ਦਿੱਤੇ। ਹੁਣ ਚਾਰੇ ਭੈਣ-ਭਰਾ ਬਾਹਰ ਹਨ। ਫੋਨ ਸਾਰੇ ਹੀ ਕਰ ਲੈਂਦੇ ਨੇ, ਪਰ ਪੁੱਤ, ਮੈਂ ਉਨ੍ਹਾਂ ਨੂੰ ਆਪਣਾ ਦੁੱਖ ਕਦੇ ਨਹੀਂ ਦੱਸਦੀ। ਦੱਸ ਕੇ ਵੀ ਕੀ ਕਰਾਂਗੀ! ਕਿਹੜਾ ਹੁਣ ਉਨ੍ਹਾਂ ਮੁੜ ਆਉਣੈ? ਬੜੇ ਰੋਗਾਂ ਨੇ ਦੇਹੀ ਨੂੰ ਘੇਰ ਲਿਆ ਹੈ ਪੁੱਤ, ਸ਼ੂਗਰ ਕੰਟਰੋਲ ਨਹੀਂ ਹੁੰਦੀ, ਬੀਪੀ. ਵਧ ਜਾਂਦੈ, ਗੋਡਿਆਂ ਤੋਂ ਤੁਰਿਆ ਨਹੀਂ ਜਾਂਦਾ। ਹੁਣ ਰੱਬ ਨੂੰ ਬਥੇਰੇ ਤਰਲੇ ਕਰਦੀ ਹਾਂ ਕਿ ਉਹ ਮੈਨੂੰ ਆਪਣੇ ਕੋਲ ਈ ਸੱਦ ਲਵੇ, ਪਰ ਧੀਏ ਇਹ ਵੀ ਪਰਮਾਤਮਾ ਦੀ ਮਰਜ਼ੀ ਹੈ ਕਿ ਉਹਨੇ ਕਿਸ ਨੂੰ ਕਦੋਂ ਆਪਣੇ ਕੋਲ ਸੱਦਣਾ ਹੈ?''

ਅਸੀਂ ਅੱਧੀ ਰਾਤ ਤੱਕ ਗੱਲਾਂ ਕਰਦੇ ਰਹੇ। ਗੱਲਾਂ ਗੱਲਾਂ ਵਿੱਚ ਮੈਂ ਪੁੱਛਿਆ, ''ਮਾਂ, ਤੂੰ ਆਪਣੇ ਬੱਚਿਆਂ ਕੋਲ ਕਿਉਂ ਨਹੀਂ ਚਲੀ ਜਾਂਦੀ!'' ''ਨਾ ਪੁੱਤ ਨਾ, ਜਾਣਾ ਵੀ ਨਹੀਂ, ਕਈ ਵਾਰ ਜਾ ਆਈ ਹਾਂ, ਮੈਨੂੰ ਸਕੂਨ ਨਹੀਂ ਮਿਲਦਾ ਉੱਥੇ। ਉੱਥੋਂ ਨਾਲੋਂ ਤਾਂ ਮੈਂ ਇੱਥੇ 'ਕੱਲੀ ਹੀ ਠੀਕ ਹਾਂ। ਸਾਡੇ ਰਿਸ਼ਤੇਦਾਰੀ 'ਚੋਂ ਮੇਰਾ ਕੁੜਮ ਆਪਣੇ ਬੱਚਿਆਂ ਕੋਲ ਬਾਹਰ ਚਲਾ ਗਿਆ, ਦੋ ਸਾਲ ਬਾਅਦ ਹੀ ਵਾਪਸ ਆ ਗਿਆ। ਕਹਿੰਦਾ, ਉੱਥੇ ਤਾਂ ਬੋਲਦਾ ਹੀ ਕੋਈ ਨਹੀਂ। ਬੱਚਿਆਂ ਨੇ ਬੜਾ ਜ਼ੋਰ ਲਾਇਆ ਬਈ ਉਹ ਰੁਕ ਜਾਵੇ ਪਰ ਉਹ ਮੁੜ ਆਇਆ। ਆ ਕੇ ਮੈਨੂੰ ਕਹਿੰਦਾ ਕਿ ਜੇ ਮੈਂ ਉੱਥੇ ਮਰ ਜਾਂਦਾ ਤਾਂ ਮੇਰੀ ਆਤਮਾ ਇੱਥੇ ਪੰਜਾਬ 'ਚ ਹੀ ਘੁੰਮਦੀ ਰਹਿਣੀ ਸੀ। ਮੈਨੂੰ ਬਿਲਕੁਲ ਸਚਾਈ ਲੱਗੀ ਇਨ੍ਹਾਂ ਗੱਲਾਂ ਚ। ਮਨੁੱਖ ਆਪਣੀ ਧਰਤੀ ਨਾਲ ਭਾਵੁਕ ਤੌਰ 'ਤੇ ਕਿਵੇਂ ਜੁੜ ਜਾਂਦਾ ਹੈ। ਬਜ਼ੁਰਗਾਂ ਦੀ ਇਸ ਭਾਵਨਾ ਨੂੰ ਸ਼ਾਇਦ ਇਸ ਪੈਸਾ ਪ੍ਰਧਾਨ ਸਮਾਜ 'ਚ ਸਮਝਣਾ ਬਹੁਤ ਔਖਾ ਹੈ। ਸਰੀਰ ਮਨ ਦੇ ਰੋਗਾਂ ਦੇ ਬਾਵਜੂਦ ਮਨੁੱਖ ਕਿਵੇਂ ਆਪਣੀ ਧਰਤੀ ਆਪਣੇ ਵਿਰਸੇ ਨੂੰ ਪਹਿਲ ਦਿੰਦਾ ਹੈ, ਜਿਵੇਂ ਇਹ ਚੀਜ਼ਾਂ ਉਸ ਦੇ ਖ਼ੂਨ ਵਿੱਚ ਹੀ ਰਲ ਗਈਆਂ ਹੋਣ। ਅੱਧੀ ਰਾਤ ਹੋਣ 'ਤੇ ਆਈ। ਮੈਂ ਕਿਹਾ, ''ਮਾਂ ਸੌਂ ਜਾਈਏ ਹੁਣ?'' ''ਤੂੰ ਸੌਂ ਪੁੱਤ , ਸਵੇਰੇ ਜਾਣਾ ਹੋਣਾ, ਮੈਂ ਤਾਂ ਰਾਤਾਂ ਬੈਠਿਆਂ ਹੀ ਕੱਟਦੀ ਹਾਂ। ਨੀਂਦ ਤਾਂ ਮੇਰੇ ਨੇੜੇ ਨਹੀਂ ਲੱਗਦੀ ਜਿਵੇਂ ਮੇਰੀ ਸੌਂਕਣ ਹੋਵੇ।'' ਕਿੰਨਾ ਚਿਰ ਬਿਸਤਰੇ 'ਤੇ ਪਈ ਮੈਂ ਇਸ ਬਿਰਧ ਔਰਤ ਬਾਰੇ ਸੋਚਦੀ ਰਹੀ। ਇਸ ਨੇ ਆਪਣੇ ਬੱਚਿਆਂ ਪਿੱਛੇ ਕਿੰਨੀਆਂ ਸੱਧਰਾਂ ਨੂੰ ਮਾਰਿਆ ਹੋਵੇਗਾ। ਆਪਣੇ ਬੱਚਿਆਂ ਦੇ ਸੌਖੇ ਜੀਵਨ ਲਈ ਆਪਣੇ ਆਪ ਨੂੰ ਕੰਡਿਆਂ ਦੀ ਸੇਜ 'ਤੇ ਬਿਠਾ ਲੈਣਾ ਕਿੰਨਾ ਔਖਾ ਹੁੰਦਾ ਹੈ। ਪੰਜਾਬੀ ਦੁਨੀਆ ਦੇ ਹਰ ਕੋਨੇ ਵਿੱਚ ਮੌਜੂਦ ਹਨ ਪਰ ਪੰਜਾਬ ਦੇ ਆਪਣੇ ਕੋਨਿਆਂ ਵਿੱਚ ਕਈ ਸੱਧਰਾਂ, ਖ਼ੁਸ਼ੀਆਂ ਤੇ ਵਲਵਲਿਆਂ ਦੇ ਦਮ ਘੁੱਟ ਰਹੇ ਹਨ। ਇਹ ਕੈਸੀ ਰੁੱਤ ਆ ਗਈ ਹੈ ਜਿਸ ਵਿੱਚ ਨਾ ਕੋਈ ਨਿੱਘ ਹੈ ਤੇ ਨਾ ਕੋਈ ਰਸ, ਬਸ ਸੇਕ ਹੀ ਸੇਕ ਹੈ।

## ਸਿੱਖ ਕੌਮ ਦਾ ਮਹਾਨ ਆਰਕੀਟੈਕਟ

# ਭਾਈ ਰਾਮ ਸਿੰਘ

‘ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ’ ਇਹ ਕਹਾਵਤ ਸਿੱਖ ਪੰਥ ਦੇ ਮਹਾਨ ਆਰਕੀਟੈਕਟ ਤੇ ਇੰਟੀਰੀਅਰ ਡਿਜ਼ਾਇਨਰ ਸ. ਰਾਮ ਸਿੰਘ ਸੋਹਲ ਉੱਪਰ ਪੂਰੀ ਤਰ੍ਹਾਂ ਢੁੱਕਦੀ ਹੈ। ਸ. ਰਾਮ ਸਿੰਘ ਸੋਹਲ ਨੇ ਵਿਸ਼ਵ ਪ੍ਰਸਿੱਧ ਖਾਲਸਾ ਕਾਲਜ ਦੀ ਇਮਾਰਤ ਦਾ ਨਕਸ਼ਾ ਬਣਾਉਣ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮਾਰਬਲ ਡਿਜ਼ਾਇੰਗ ਅਤੇ ਵੂਡ ਕਰਵਿੰਗ, ਇੰਗਲੈਂਡ ਦੀ ਮਹਾਂਰਾਣੀ ਵਿਕਟੋਰੀਆ ਦੇ ਪੈਲੇਸ ਦੀ ਇੰਟੀਰੀਅਰ ਡਿਜ਼ਾਇਨਿੰਗ, ਸੈਨੇਟ ਹਾਊਸ ਲਾਹੌਰ, ਗੁਰਦੁਆਰਾ ਸ੍ਰੀ ਸਾਰਾਗੜ੍ਹੀ ਅੰਮ੍ਰਿਤਸਰ, ਐਗਰੀਕਲਚਰ ਕਾਲਜ ਲਾਇਲਪੁਰ, ਆਰਟੀਸ਼ਨ ਕਾਲਜ ਲਾਹੌਰ, ਦਰਬਾਰ ਹਾਲ ਕਪੂਰਥਲਾ, ਇੰਪੀਰੀਅਲ ਕੋਰਟ ਪੰਜਾਬ ਸ਼ੋਅ ਕੇਸ਼, ਲਾਹੌਰ ਬੋਰਡਿੰਗ ਹਾਊਸ (ਇਕਬਾਲ ਹਾਊਸ) ਸਰਕਾਰੀ ਕਾਲਜ, ਚੰਬਾ ਹਾਊਸ ਲਾਹੌਰ, ਮਲਿਕ ਉਮਰ ਹਿਆਤ ਦੀ ਰਿਹਾਇਸ ਕਾਲਰਾ ਅਸਟੇਟ ਆਦਿ ਵਿਸ਼ਵ ਪ੍ਰਸਿੱਧ ਇਮਾਰਤਾਂ ਦੇ ਨਕਸ਼ੇ ਤਿਆਰ ਕਰਨ ਦੇ ਨਾਲ ਲਾਜਵਾਬ ਇੰਟੀਰੀਅਰ ਡਿਜਾਇਨਿੰਗ ਦਾ ਕੰਮ ਕੀਤਾ।

ਸ. ਰਾਮ ਸਿੰਘ ਸੋਹਲ ਦੀ ਕਲਾ ਦਾ ਲੋਹਾ ਭਾਂਵੇ ਸਾਰੀ ਦੁਨੀਆਂ ਮੰਨਦੀ ਹੈ ਪਰ ਉਸਦੇ ਆਪਣੇ ਪਿੰਡ ਰਸੂਲਪੁਰ ਅਤੇ ਇਲਾਕੇ ਦੇ ਲੋਕ ਅੱਜ ਤੱਕ ਵੀ ਉਸ ਦੀ ਕਾਬਲੀਅਤ ਤੋਂ ਅਣਜਾਣ ਹਨ। ਜਦੋਂ ਅਸੀਂ ਪਿੰਡ ਰਸੂਲਪੁਰ ਵਿਖੇ ਪਹੁੰਚ ਕੇ ਪਿੰਡ ਵਾਸੀਆਂ ਨੂੰ ਸ. ਰਾਮ ਸਿੰਘ ਸੋਹਲ ਬਾਰੇ ਪੁੱਛਿਆ ਤਾਂ ਵੱਡੀ ਉਮਰ ਤੋਂ ਲੈ ਕੇ ਨੌਜਵਾਨਾਂ ਤੱਕ ਕਿਸੇ ਨੂੰ ਵੀ ਸ. ਰਾਮ ਸਿੰਘ ਬਾਰੇ ਪਤਾ ਨਹੀਂ ਸੀ। ਵਿਸ਼ਵ ਪ੍ਰਸਿੱਧ ਇਮਾਰਤਾਂ ਦੇ ਨਿਰਮਾਤਾ ਸ. ਰਾਮ ਸਿੰਘ ਸੋਹਲ ਦੀ ਆਪਣੇ ਪਿੰਡ ਵਿੱਚ ਕੋਈ ਯਾਦਗਾਰ ਨਹੀਂ ਬਚੀ ਹੈ। ਸ. ਰਾਮ ਸਿੰਘ ਸੋਹਲ ਨੇ ਜਿਸ ਘਰ ਵਿੱਚ ਜਨਮ ਲਿਆ ਸੀ ਉਸ ਥਾਂ ਹੁਣ ਪਿੰਡ ਦੇ ਇੱਕ ਬਸ਼ਿੰਦੇ ਨੇ ਪਸ਼ੂਆਂ ਦੀ ਹਵੇਲੀ ਬਣਾ ਲਈ ਹੈ। ਪਿੰਡ ਦੇ ਇੱਕ ਬਜ਼ੁਰਗ ਬਲਬੀਰ ਸਿੰਘ ਸੋਹਲ ਜੋ ਕਿ ਰਾਮ ਸਿੰਘ ਸੋਹਲ ਦੇ ਸ਼ਰੀਕੇ ਵਿਚੋਂ ਹੀ ਹਨ ਨੇ ਦੱਸਿਆ ਕਿ ਪੁਰਾਣੇ ਬਜ਼ੁਰਗ ਉਨ੍ਹਾਂ ਬਾਰੇ ਦੱਸਦੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਪਿੰਡ ਵਿੱਚ ਵਲੈਤੀਆ ਕਿਹਾ ਜਾਂਦਾ ਸੀ।

ਵਿਸ਼ਵ ਪ੍ਰਸਿੱਧ ਆਰਕੀਟੈਕਟ ਸ. ਰਾਮ ਸਿੰਘ ਸੋਹਲ ਦਾ ਜਨਮ ਸੰਨ 1858 ਨੂੰ ਬਟਾਲਾ ਤੋਂ 10 ਕਿਲੋਮੀਟਰ ਦੂਰ ਪਿੰਡ ਰਸੂਲਪੁਰ ਵਿਖੇ ਪਿਤਾ ਸ. ਆਸਾ ਸਿੰਘ ਦੇ ਘਰ ਹੋਇਆ। ਸ. ਰਾਮ ਸਿੰਘ, ਤਰਖਾਣ-ਸਿੱਖ ਪਰਿਵਾਰ ਨਾਲ ਸਬੰਧ ਰੱਖਦੇ ਸਨ ਅਤੇ ਉਸਦੇ ਪਿਤਾ ਸ. ਆਸਾ ਸਿੰਘ ਕੋਲ ਪਿੰਡ ਦੀ ਕੁਝ ਜ਼ਮੀਨ ਸੀ, ਪਰ ਆਰਥਿਕ ਤੰਗੀ ਕਾਰਨ ਉਹ ਅੰਮ੍ਰਿਤਸਰ ਚਲੇ ਗਏ। ਸ. ਰਾਮ ਸਿੰਘ ਦੀ ਬਚਪਨ ਤੋਂ ਹੀ ਡਰਾਇੰਗ ਵਿੱਚ ਰੁਚੀ ਸੀ ਅਤੇ ਉਹ ਡਰਾਇੰਗ ਵਿੱਚ ਇਮਾਰਤਾਂ ਦੀ ਡਰਾਇੰਗ ਕਰਨੀ ਬਹੁਤ ਪਸੰਦ ਕਰਦੇ ਸਨ।

ਸ. ਰਾਮ ਸਿੰਘ ਨੇ ਅੰਮ੍ਰਿਤਸਰ ਵਿਚ ਇਕ ਲੱਕੜ ਦੀ ਕਾਪਰ ਦੀ ਦੁਕਾਨ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿੱਥੇ ਉਸਨੇ ਮੇਯੋ ਸਕੂਲ ਦੇ ਸੰਸਥਾਪਕ ਪ੍ਰਿੰਸੀਪਲ ਕਿਪਲਿੰਗ ਦਾ ਧਿਆਨ ਆਪਣੇ ਵੱਲ ਖਿੱਚਿਆ। ਕਿਪਲਿੰਗ ਨੇ ਰਾਮ ਸਿੰਘ ਦੇ ਹੁਨਰ ਨੂੰ ਦੇਖ ਕੇ ਉਸਨੂੰ ਮੇਯੋ ਸਕੂਲ ਆਫ ਆਰਟਸ, ਲਾਹੌਰ ਵਿਖੇ ਡਰਾਇੰਗ ਮਾਸਟਰ ਦੀ ਨੌਕਰੀ ਦੇ ਦਿੱਤੀ।

ਇੰਗਲੈਂਡ ਦੀ ਮਹਾਰਾਣੀ ਕੁਈਨ ਵਿਕਟੋਰੀਆ ਨੇ ਇੱਕ ਵਾਰ ਇੱਛਾ ਜ਼ਾਹਰ ਕੀਤੀ ਕਿ ਉਸਦੇ ਪੈਲੇਸ ਦਾ ਅੰਦਰੂਨੀ ਡਿਜ਼ਾਇਨ ਭਾਰਤੀ ਵਾਸਤੂਕਲਾ ਅਨੁਸਾਰ ਹੋਵੇ ਅਤੇ ਉਸਨੇ ਪ੍ਰਿੰਸੀਪਲ ਕਿਪਲਿੰਗ ਨੂੰ ਇਹ ਡਿਜ਼ਾਇਨਿੰਗ ਕਰਨ ਲਈ ਕਿਹਾ। ਕਿਪਲਿੰਗ ਨੇ ਇਸ ਕੰਮ ਦੀ ਜਿੰਮੇਵਾਰੀ ਸ. ਰਾਮ ਸਿੰਘ ਸੋਹਲ ਨੂੰ ਦੇ ਦਿੱਤੀ ਅਤੇ ਸ. ਰਾਮ ਸਿੰਘ ਸੋਹਲ ਇਸ ਬੇਹੱਦ ਖਾਸ ਕੰਮ ਲਈ ਇੰਗਲੈਂਡ ਚਲੇ ਗਏ। ਸ. ਰਾਮ ਸਿੰਘ ਪਹਿਲੀ ਵਾਰ ਗੋਰਿਆਂ ਦੀ ਧਰਤੀ ਉੱਪਰ ਗਏ ਸਨ। ਸ. ਰਾਮ ਸਿੰਘ ਤਿੰਨ ਸਾਲ ਇੰਗਲੈਂਡ ਵਿਖੇ ਰਹੇ ਅਤੇ ਇਸ ਅਰਸੇ ਦੌਰਾਨ ਉਨ੍ਹਾਂ ਨੇ ਕੁਈਨ ਵਿਕਟੋਰੀਆ ਦੇ ਪੈਲੇਸ ਦੀ



ਇੰਟੀਰੀਅਰ ਡਿਜ਼ਾਇਨਿੰਗ ਅਜਿਹੀ ਕਮਾਲ ਦੀ ਕੀਤੀ ਕਿ ਕੁਈਨ ਵਿਕਟੋਰੀਆ ਸਮੇਤ ਹਰ ਕੋਈ ਇਸ ਨੂੰ ਦੇਖ ਕੇ ਹੈਰਾਨ ਹੋ ਗਿਆ। ਸ. ਰਾਮ ਸਿੰਘ ਦੀ ਕਲਾ ਤੋਂ ਖੁਸ਼ ਹੋ ਕੇ ਕੁਈਨ ਵਿਕਟੋਰੀਆ ਨੇ ਉਸਨੇ ਦਸਤਖਤ ਕਰਕੇ ਆਪਣੀ ਫੋਟੋ ਅਤੇ ਇੱਕ ਸੋਨੇ ਦਾ ਪੈਨਸਲ ਕੇਸ ਤੋਹਫੇ ਵਜੋਂ ਦਿੱਤਾ। ਕੁਈਨ ਵਿਕਟੋਰੀਆ ਨੇ ਆਪਣੇ ਦਰਬਾਰੀ ਕਲਾਕਾਰ, ਆਸਟ੍ਰੀਆ, ਰੁਦੋਲਫ ਸਵੋਬੋਡਾ ਨੂੰ ਰਾਮ ਸਿੰਘ ਦੀ ਤਸਵੀਰ ਨੂੰ ਚਿੱਤਰਿਤ ਕਰਨ ਲਈ ਕਿਹਾ, ਜਿਸਨੇ ਸ. ਰਾਮ ਸਿੰਘ ਦਾ ਇੱਕ ਚਿੱਤਰ ਬਣਾਇਆ ਅਤੇ ਇਸ ਪੋਸਟ ਨਾਲ

**ਲੇਖਕ : - ਇੰਦਰਜੀਤ ਸਿੰਘ ਹਰਪੁਰਾ, ਬਟਾਲਾ (ਗੁਰਦਾਸਪੁਰ)**

ਪਾਈ ਗਈ ਸ. ਰਾਮ ਸਿੰਘ ਦੀ ਤਸਵੀਰ ਓਹੀ ਚਿੱਤਰ ਹੈ।

ਸ. ਰਾਮ ਸਿੰਘ ਸੋਹਲ ਨੇ ਆਪਣੀ ਜ਼ਿੰਦਗੀ ਦੌਰਾਨ ਜੋ ਸਭ ਤੋਂ ਸੁੰਦਰ ਇਮਾਰਤਾਂ ਦੀ ਨਕਸ਼ਾ ਨਵੀਸੀ ਕੀਤੀ ਉਨ੍ਹਾਂ ਵਿਚੋਂ ਖਾਲਸਾ ਕਾਲਜ ਦੀ ਇਮਾਰਤ ਸਭ ਤੋਂ ਅਹਿਮ ਹੈ। ਰਾਮ ਸਿੰਘ ਨੇ ਆਪਣੇ ਜੀਵਨ ਕਾਲ ਵਿੱਚ 20 ਦੇ ਕਰੀਬ ਅਜਿਹੀਆਂ ਇਮਾਰਤਾਂ ਦੇ ਨਕਸ਼ੇ ਤਿਆਰ ਕੀਤੇ ਅਤੇ ਇੰਟੀਰੀਅਰ ਡਿਜਾਇਨਿੰਗ ਕੀਤੀ ਜਿਨ੍ਹਾਂ ਦੀ ਸੁੰਦਰਤਾ ਦਾ ਲੋਹਾ ਦੁਨੀਆਂ ਅੱਜ ਤੱਕ ਮੰਨਦੀ ਹੈ।

ਸ. ਰਾਮ ਸਿੰਘ ਸੋਹਲ ਨੇ ਕੁਈਨ ਵਿਕਟੋਰੀਆ ਦੇ ਦਰਬਾਰ ਹਾਲ ਦੀ ਸਾਰੀ ਇੰਟੀਰੀਅਰ ਡਿਜ਼ਾਇਨਿੰਗ ਕੀਤੀ, ਲਾਹੌਰ ਬੋਰਡਿੰਗ ਹਾਊਸ ਦਾ ਨਕਸ਼ਾ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮਾਰਬਲ ਡਿਜ਼ਾਇੰਗ ਅਤੇ ਵੂਡ ਕਰਵਿੰਗ, ਚੰਬਾ ਹਾਊਸ ਲਾਹੌਰ, ਖਾਲਸਾ ਕਾਲਜ ਅੰਮ੍ਰਿਤਸਰ, ਸਾਰਾਗੜ੍ਹੀ ਗੁਰਦੁਆਰਾ ਅੰਮ੍ਰਿਤਸਰ, ਗਵਰਨਮੈਂਟ ਹਾਊਸ ਲਾਹੌਰ ਦਾ ਸਾਰਾ ਫਰਨੀਚਰ, ਸੀਲਿੰਗ ਆਫ ਗਰੀਨ ਹਾਲ ਜੰਮੂ ਕਸ਼ਮੀਰ, ਇਸਲਾਮੀਆ ਯੂਨੀਵਰਸਿਟੀ ਪਿਸ਼ਾਵਰ, ਡਿਜ਼ਾਇਨ ਆਫ਼ ਨਿਊ ਰੇਲਵੇ ਥੀਏਟਰ ਲਾਹੌਰ, ਇੰਟੀਰੀਅਰ ਡਿਜ਼ਾਇਨਿੰਗ ਵਰਕ ਆਫ ਸੈਨਡਮਨ ਹਾਲ ਕੋਇਟਾ (ਪਾਕਿਸਤਾਨ) ਐਗਰੀਕਲਚਰ ਕਾਲਜ ਲਾਇਲਪੁਰ, ਆਰਟੀਸ਼ਨ ਕਾਲਜ ਲਾਹੌਰ, ਦਰਬਾਰ ਹਾਲ ਕਪੂਰਥਲਾ, ਇੰਪੀਰੀਅਲ ਕੋਰਟ ਪੰਜਾਬ ਸ਼ੋਅ ਕੇਸ਼, ਮਲਿਕ ਉਮਰ ਹਿਆਤ ਦੀ ਰਿਹਾਇਸ ਕਾਲਰਾ ਅਸਟੇਟ ਆਦਿ ਵਿਸ਼ਵ ਪ੍ਰਸਿੱਧ ਇਮਾਰਤਾਂ ਦੇ ਨਕਸ਼ੇ ਤਿਆਰ ਕੀਤੇ ਅਤੇ ਉਨ੍ਹਾਂ ਦੀ ਇੰਟੀਰੀਅਰ ਡਿਜ਼ਾਇਨਿੰਗ ਕੀਤੀ।

ਇੱਕ ਵਾਰ ਪੰਜਾਬ ਦੇ ਗਵਰਨ ਨੇ ਸ. ਰਾਮ ਸਿੰਘ ਸੋਹਲ ਨੂੰ ਕਿਹਾ ਕਿ ਕਲਾ ਦਾ ਇੱਕ ਉੱਤਮ ਨਮੂਨਾ ਤਿਆਰ ਕਰਨ। ਸ. ਰਾਮ ਸਿੰਘ ਨੇ ‘ਤਖਤ-ਏ-ਤਾਊਸ’ ਦਾ ਨਿਰਮਾਣ ਕੀਤਾ ਜਿਸਦੇ 6 ਹਿੱਸੇ ਸਨ। ਗਵਰਨਰ ਨੇ ਕਲਾ ਦਾ ਇਹ ਨਮੂਨਾ ਕੁਈਨ ਵਿਕਟੋਰੀਆ ਕੋਲ ਇੰਗਲੈਂਡ ਭੇਜਿਆ ਪਰ ਓਥੇ ਕੋਈ ਵੀ ਇਨ੍ਹਾਂ 6 ਭਾਗਾਂ ਨੂੰ ਫਿੱਟ ਨਾ ਕਰ ਸਕਿਆ। ਅਖੀਰ ਰਾਮ ਸਿੰਘ ਸੋਹਲ ਖੁਦ ਇੰਗਲੈਂਡ ਗਏ ਅਤੇ ਉਨ੍ਹਾਂ ਨੇ ‘ਤਖਤ-ਏ-ਤਾਊਸ’ ਦੇ 6 ਭਾਗਾਂ ਨੂੰ ਆਪਸ ਵਿੱਚ ਜੋੜਿਆ।

ਸ. ਰਾਮ ਸਿੰਘ ਨੂੰ 25 ਸਤੰਬਰ 1910 ਨੂੰ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਸੀ ਅਤੇ 38 ਸਾਲਾਂ ਲਈ ਮੇਯੋ ਸਕੂਲ ਆਫ਼ ਆਰਟਸ ਵਿਖੇ ਰਹਿਣ ਤੋਂ ਬਾਅਦ ਅਕਤੂਬਰ 1913 ਵਿਚ ਸੇਵਾ ਤੋਂ ਸੇਵਾ ਮੁਕਤ ਹੋ ਗਏ।

ਇਹ ਵਰਣਨਯੋਗ ਹੈ ਕਿ ਇਕ ਸਿੱਖ, ਜਿਸਦੀ ਕੋਈ ਰਸਮੀ ਯੋਗਤਾ ਨਹੀਂ ਹੈ, ਨੂੰ ਬ੍ਰਿਟਿਸ਼ ਰਾਜ ਦੁਆਰਾ ਇਕ ਮਸ਼ਹੂਰ ਕਲਾ ਸੰਸਥਾ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਸੀ ਅਤੇ ਇਕ ਅੰਗਰੇਜ਼ ਨੂੰ ਦੋ ਨੰਬਰ ‘ਤੇ ਰੱਖਿਆ ਗਿਆ ਸੀ।

ਸ. ਰਾਮ ਸਿੰਘ ਸੋਹਲ ਨੂੰ ਬਰਤਾਨੀਆ ਹਕੂਮਤ ਵਲੋਂ ਸਰਦਾਰ ਬਹਾਦਰ ਦਾ ਖਿਤਾਬ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ 1902 ਵਿੱਚ ਕੇਸਰੀ ਹਿੰਦ ਮੈਡਲ ਦਾ ਸਨਮਾਨ ਹਾਸਲ ਕੀਤਾ। ਸੰਨ 1904 ਵਿੱਚ ਸਰਦਾਰ ਸਾਹਿਬ ਅਤੇ 1909 ਵਿੱਚ ਸਰਦਾਰ ਬਹਾਦੁਰ ਦਾ ਖਿਤਾਬ ਹਾਸਲ ਕੀਤਾ। ਆਪਣੀ ਕਲਾ ਤੇ ਹੁਨਰ ਦਾ ਲੋਹਾ ਮਨਵਾ ਕੇ ਸਿੱਖ ਕੌਮ ਦਾ ਇਹ ਕੋਹੇਨੂਰ ਹੀਰਾ ਸ. ਰਾਮ ਸਿੰਘ ਸੋਹਲ 1916 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ।

ਭਾਂਵੇ ਸ. ਰਾਮ ਸਿੰਘ ਸੋਹਲ ਨੂੰ ਗੁਜ਼ਰੇ ਹੋਏ ਇੱਕ ਸਦੀ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਉਨ੍ਹਾਂ ਦੁਆਰਾ ਰਚੀਆਂ ਗਈਆਂ ਕ੍ਰਿਤਾਂ ਅੱਜ ਵੀ ਅਡੋਲ ਖੜ੍ਹੀਆਂ ਹਨ। ਸ. ਰਾਮ ਸਿੰਘ ਸੋਹਲ ਦੀ ਕਲਾ ਏਨੀ ਬੁਲੰਦ ਸੀ ਕਿ ਸ਼ਬਦਾਂ ਵਿੱਚ ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਬਟਾਲਾ ਨੇੜਲੇ ਪਿੰਡ ਰਸੂਲਪੁਰ ਦੇ ਲੋਕ ਭਲੇ ਆਪਣੇ ਇਸ ਸਪੂਤ ਦੀ ਮਹਾਨਤਾ ਤੋਂ ਜਾਣੂ ਨਾ ਹੋਣ ਪਰ ਦੁਨੀਆਂ ਇਸ ਸਰਦਾਰ ਦੀ ਕਲਾ ਦਾ ਲੋਹਾ ਅੱਜ ਵੀ ਮੰਨ ਰਹੀ ਹੈ।

# ਪੰਜਾਬ ਦੀ ਨੌਜਵਾਨੀ ਅਤੇ ਨਵੇਂ ਨਸ਼ੇ

ਪੰਜਾਬੀ ਸਾਹਿਤ ਦੇ ਆਦਰਯੋਗ ਚਿੰਤਕ ਤੇ ਆਲੋਚਕ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਦੀ ਧੀ ਡਾ. ਹਰਸ਼ਿੰਦਰ ਕੌਰ ਬੱਚਿਆਂ ਦੇ ਰੋਗਾਂ ਦੀ ਮਾਹਿਰ ਹੈ। ਉਸ ਨੇ ਪੰਜਾਬ ਦੀ ਜਵਾਨੀ ਨੂੰ ਖੋਰਾ ਲਾ ਰਹੇ ਨਸ਼ਿਆਂ ਬਾਰੇ ਮੀਡੀਆ ਵਿਚ ਰੌਂਗਟੇ ਖੜ੍ਹੇ ਕਰਨ ਵਾਲੀ ਜਾਣਕਾਰੀ ਦਿੱਤੀ ਹੈ, ਜਿਸ ਤੋਂ ਬੱਚਿਆਂ ਦੇ ਮਾਪੇ ਤੇ ਅਧਿਆਪਕ ਸੁਚੇਤ ਹੋ ਕੇ ਅਪਣੇ ਬੱਚਿਆਂ ਨੂੰ ਠੀਕ ਮਾਰਗ ਦਿਖਾ ਸਕਦੇ ਹਨ। ਉਸ ਦੀ ਜਾਣਕਾਰੀ ਦਾ ਆਧਾਰ ਕੇਵਲ ਪੀ ਜੀ ਆਈ ਚੰਡੀਗੜ੍ਹ ਦੀ ਰਿਪੋਰਟ ਹੀ ਨਹੀਂ ਜੌਹਨ ਹੌਪਕਿਨਸ ਮੈਡੀਕਲ ਸਕੂਲ ਸਮੇਤ ਅੰਤਰਰਾਸ਼ਟਰੀ ਸੰਸਥਾਵਾਂ ਦੀਆਂ ਖੋਜ ਵਿਧੀਆਂ ਤੇ ਰਿਪੋਰਟਾਂ ਵੀ ਹਨ।

ਭੰਗ, ਹਸ਼ੀਸ, ਅਫੀਮ, ਕੋਕੀਨ, ਚਿੱਟਾ ਆਦਿ ਹਾਨੀਕਾਰਕ ਨਸ਼ਿਆਂ ਤੋਂ ਲਗਪਗ ਸਾਰੇ ਪੰਜਾਬੀ ਜਾਣੂ ਹਨ। ਪੰਜਾਬ ਨੂੰ ਲਿਆਂਦੀ ਜਾ ਰਹੀ 376.5 ਕਰੋੜ ਦੀ ਹੈਰੋਇਨ ਦਾ ਗੁਜਰਾਤ ਦੀ ਮੁਦਰਾ ਬੰਦਰਗਾਹ ਉਤੇ ਅਣਸੀਤੇ ਕੱਪੜਿਆਂ ਦੇ ਕੰਟੇਨਰ ਵਿਚ ਫੜੇ ਜਾਣਾ ਤਾਂ ਅਜੇ ਕੱਲ੍ਹ ਦੀ ਗੱਲ ਹੈ। ਨਵੇਂ ਨਸ਼ਿਆਂ ਵਿਚ ਬਰੈੱਡ ਉਤੇ ਆਇਓਡੈਕਸ ਲਾ ਕੇ ਖਾਣਾ, ਪੈਟਰੋਲ ਸੁੰਘਣਾ, ਕਿਰਲੀ ਮਾਰ ਕੇ ਖਾਣੀ, ਖੰਘ ਵਾਲੀ ਦਵਾਈ ਦੀਆਂ ਸ਼ੀਸ਼ੀਆਂ ਪੀਣਾ ਤੇ ਇਕ ਹਫਤਾ ਵਰਤੀਆਂ ਬਦਬੂਦਾਰ ਜੁਰਾਬਾਂ ਰਾਤ ਭਰ ਪਾਣੀ ਵਿਚ ਭਿਉਂ ਕੇ ਉਹ ਪਾਣੀ ਪੀਣਾ ਆਦਿ ਵੀ ਬਹੁਤ ਪ੍ਰਚੱਲਤ ਹੋ ਚੁੱਕੇ ਹਨ। ਹੈਂਡ ਸੈਨੇਟਾਈਜ਼ਰ, ਦਾਲ ਚੀਨੀ, ਕੈਫੀਨ, ਨਹਾਉਣ ਵਾਲਾ ਸਾਬਣ, ਵੋਦਕਾ ਟੈਂਪੂਨ, ਸੁਗੰਧੀਆਂ ਵਾਲੇ ਫੁੱਲ, ਕੀ-ਬੋਰਡ ਕਲੀਨਰ, ਦੰਦਾਂ ਦੇ ਇਲਾਜ ਲਈ ਦੰਦ ਸੁੰਨ ਕਰਨ ਵਾਲੀ ਸਪਰੇਅ ਸਮੇਤ ਏਅਰ ਕੰਡੀਸ਼ਨਰਾਂ ਵਿਚ ਭਰੀ ਜਾਂਦੀ ਫਰੀਓਨ ਗੈਸ ਨੂੰ ਪੇਚਕੱਸ ਨਾਲ ਖੋਲ੍ਹ ਕੇ ਇਸ ਦੀ ਗੈਸ ਸੁੰਘਣਾ ਵੀ ਨਸ਼ਾ ਹੈ, ਜਿਹੜਾ ਆਮ ਹੋ ਰਿਹਾ ਹੈ। ਹਪਕਿਨ ਸੈਂਟਰ ਅਨੁਸਾਰ ਏ.ਸੀ. ਦੀ ਗੈਸ ਸੁੰਘਣ ਨਾਲ ਬੱਚਿਆਂ ਦੀ ਜ਼ੁਬਾਨ ਥਥਲਾਉਣ ਲੱਗਦੀ ਹੈ ਅਤੇ ਚਮੜੀ, ਨੱਕ ਤੇ ਮੂੰਹ ਅੰਦਰਲੀ ਪਰਤ ਸੜ ਸਕਦੀ ਹੈ। ਲੋੜ ਤੋਂ ਵੱਧ ਵਰਤੋਂ ਦਿਮਾਗ਼ ਨੂੰ ਪੂਰੀ ਤਰ੍ਹਾਂ ਨਕਾਰਾ ਕਰ ਦਿੰਦੀ ਹੈ।

ਏਥੇ ਸਾਰੇ ਨਸ਼ਿਆਂ ਬਾਰੇ ਜਾਣਕਾਰੀ ਦੇਣਾ ਤਾਂ ਸੰਭਵ ਨਹੀਂ ਪਰ ਡਿਜੀਟਲ ਆਨਲਾਈਨ ਡਰੱਗਜ਼ ਬਾਰੇ ਦੱਸਣਾ ਚਾਹਾਂਗਾ। ਆਡੀਓ ਫਾਈਲਜ਼ ਖਰੀਦ ਕੇ ਅਤੇ ਸੁਣ ਕੇ ਵੀ ਨੌਜਵਾਨਾਂ ਨੂੰ ਨਸ਼ੇ ਦਾ ਅਹਿਸਾਸ ਹੁੰਦਾ ਹੈ। ਕਈ ਤਰ੍ਹਾਂ ਦੀਆਂ ਧੁਨੀਆਂ ਤਹਿਤ ਦਿਮਾਗ਼ ਵੱਲ ਅਜਿਹੀਆਂ ਤਰੰਗਾਂ ਪਹੁੰਚਦੀਆਂ ਹਨ ਕਿ ਨਾਰਕੋਟਿਕ ਨਸ਼ੇ ਵਾਂਗ ਅਸਰ ਕਰਦੀਆਂ ਹਨ। ਇਸ ਦੀ ਲੋੜ ਤੋਂ ਵੱਧ ਵਰਤੋਂ ਨਾਲ ਦਿਮਾਗ਼ ਉੱਤੇ ਮਾੜਾ ਅਸਰ ਪੈਂਦਾ ਹੈ। ਇਸ ਨੂੰ ਇੰਟਰਨੈਟ ਓਵਰਡੋਜ਼ਿੰਗ ਕਹਿੰਦੇ ਹਨ। ਮਾਪੇ ਸੋਚਦੇ ਹਨ ਕਿ ਬੱਚਾ ਕੰਪਿਊਟਰ ਉੱਤੇ ਕੰਮ ਕਰ ਰਿਹਾ ਹੈ ਪਰ ਅਸਲ ਵਿਚ ਉਨ੍ਹਾਂ ਦਾ ਬੱਚਾ ਇਨ੍ਹਾਂ ਤਰੰਗਾਂ ਦਾ ਆਦੀ ਹੋ ਕੇ ਦੂਜੀ ਕਿਸਮ ਦੇ ਨਸ਼ਿਆਂ ਵੱਲ ਵਧ ਰਿਹਾ ਹੁੰਦਾ ਹੈ। ਇਨ੍ਹਾਂ ਤਰੰਗਾਂ ਦੇ ਅਸਰ ਨਾਲ ਦਿਮਾਗ ਦੀ ਸੋਚ ਘਟ ਜਾਂਦੀ ਹੈ ਅਤੇ ਗੁੱਸੇ ਉੱਤੇ ਕਾਬੂ ਪਾਉਣਾ ਔਖਾ ਹੋ ਜਾਂਦਾ ਹੈ।

ਏਸੇ ਤਰ੍ਹਾਂ ‘ਬਾਥ ਸਾਲਟਸ’ ਦੇ ਨਾਂ ਹੇਠ ‘ਬਲਿੱਸ’ ਤੇ ‘ਵਨੀਲਾ ਸਕਾਈ’ ਆਦਿ ਨਹਾਉਣ ਵਾਲੇ ਸਾਬਣ ਆਮ ਨੌਜਵਾਨਾਂ, ਖਾਸ ਕਰਕੇ ਸਕੂਲੀ ਬੱਚਿਆਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ। ਮਾਪੇ ਸਮਝਦੇ ਹਨ ਕਿ ਬੱਚਿਆਂ ਨੇ ਆਨਲਾਈਨ ਸ਼ਾਪਿੰਗ ਅਧੀਨ ਸਾਬਣ ਹੀ ਖਰੀਦਿਆ ਹੈ ਪਰ ਕੰਪਿਊਟਰ ਰਾਹੀਂ ਖਰੀਦੀ ਜਾ ਰਹੀ ਇਸ ਖਰੀਦ ਵਿਚੋਂ ਬੱਚੇ ਇਨ੍ਹਾਂ ਦਾ ਪਾਊਡਰ ਤੇ ਲੇਪ ਸੁੰਘ ਕੇ ਅਜਿਹੇ ਅਹਿਸਾਸ ਵਿਚ ਗੁੰਮ ਜਾਂਦੇ ਹਨ ਜਿਹੜਾ ਉਨ੍ਹਾਂ ਨੂੰ ਖਾਸ ਤਰ੍ਹਾਂ ਦਾ ਆਨੰਦ ਦਿੰਦਾ ਹੈ। ਇਹ ਵਾਲੇ ਸਾਬਣ ‘ਐਮਫੈਟਾਮਿਨ’ ਵਰਗੇ ਕੈਮੀਕਲ ਪਾ ਕੇ ਤਿਆਰ ਕੀਤੇ ਹੁੰਦੇ ਹਨ ਜਿਨ੍ਹਾਂ ਨੂੰ ਸੁੰਘ ਕੇ ਬੱਚਿਆਂ ਨੂੰ ਅਜਿਹਾ ਨਸ਼ਾ ਹੁੰਦਾ ਹੈ ਜਿਸ ਦੇ ਉਹ ਸਹਿਜੇ ਸਹਿਜੇ ਆਦੀ ਹੋ ਜਾਂਦੇ ਹਨ।

ਏਸੇ ਤਰ੍ਹਾਂ ਯੂਟਿਊਬ ਵਿਚ ਅੱਜ-ਕੱਲ੍ਹ ‘ਦਾਲਚੀਨੀ ਚੈਲੇਂਜ’ ਵੀ ਕਾਫੀ ਪ੍ਰਚੱਲਤ ਹੈ। ਦੋ ਚਮਚ ਪੀਸੀ ਹੋਈ ਚੀਨੀ ਇਕ ਮਿੰਟ ਵਿਚ ਮੂੰਹ ਅੰਦਰ



ਲੰਘਾਉਣ ਦੇ ਯਤਨ ਕੀਤੇ ਜਾਂਦੇ ਹਨ ਤੇ ਇਸਦੇ ਗਲੇ ਵਿਚ ਫਸ ਜਾਣ ਉੱਤੇ ਬੱਚੇ ਨੂੰ ਹਸਪਤਾਲ ਲਿਜਾਣਾ ਪੈ ਜਾਂਦਾ ਹੈ। ਇਹਦੇ ਨਾਲ ਕੇਵਲ ਸਾਹ ਲੈਣ ਵਿਚ ਹੀ ਦਿੱਕਤ ਨਹੀਂ ਆਉਂਦੀ ਗਲੇ ਵਿਚ ਜ਼ਖ਼ਮ ਵੀ ਹੋ ਜਾਂਦੇ ਹਨ। ਦਾਲਚੀਨੀ ਤੇ ਨਹਾਉਣ ਵਾਲੇ ਸਾਬਣ ਦੀ ਵਰਤੋਂ ਵੱਲ ਧੱਕੇ ਜਾਣ ਦਾ ਕੰਮ ‘ਡਿਜੀਟਲ ਆਨਲਾਈਨ ਡਰੱਗਜ਼’ ਦੁਆਰਾ ਖਰੀਦੀਆਂ ‘ਆਡੀਓ ਫਾਈਲਜ਼’ ਕਰਦੀਆਂ ਹਨ ਜਿਨ੍ਹਾਂ ਵੱਲ ਅਧਿਆਪਕਾਂ ਤੇ ਮਾਪਿਆਂ, ਖਾਸ ਕਰਕੇ ਮਾਪਿਆਂ, ਨੂੰ ਪੂਰਾ ਧਿਆਨ ਦੇਣ ਦੀ ਲੋੜ ਹੈ। ਥੋੜੀ ਜਿਹੀ ਅਣਗਹਿਲੀ ਦੇ ਬਹੁਤ ਮਾੜੇ ਨਤੀਜੇ ਨਿਕਲ ਸਕਦੇ ਹਨ। ਆਦੀ ਬੱਚੇ ਨੂੰ ਝਿੜਕਣ ਤੇ ਮਾਰਨ ਕੁੱਟਣ ਨਾਲੋਂ ਪਿਆਰ ਨਾਲ ਸਮਝਾਉਣ ਦੀ ਲੋੜ ਹੈ। ਖਾਸ ਕਰਕੇ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੇ ਸਕੂਲੀ ਬੱਚਿਆਂ ਨੂੰ। ਇਹ ਕੰਮ ਸਮਾਂ ਮੰਗਦਾ ਹੈ ਤੇ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਹੋਰ ਜ਼ਰੂਰੀ ਕੰਮਾਂ ਵਾਂਗ ਇਸ ਪਾਸੇ ਵੀ ਪੂਰਾ ਧਿਆਨ ਦੇਣ। ਆਉਣ ਵਾਲੇ ਨਵੇਂ ਸਮਾਜ ਲਈ ਰੋਗੀ ਨਸਲ ਵਿਕਸਤ ਕਰਨ ਵਰਗਾ ਗੁਨਾਹ ਹੋਰ ਕੋਈ ਨਹੀਂ। ਇਹ ਤੱਥ ਵੀ ਚੇਤੇ ਰੱਖਣ ਦੀ ਲੋੜ ਹੈ ਕਿ ਗੋਰੀ ਸਰਕਾਰ ਨੇ ਭਾਰਤ ਦੇ ਅੰਡੇਮਾਨ ਦੇ ਵਾਸੀਆਂ ਅਤੇ ਅਮਰੀਕੀ ਸਰਕਾਰ ਨੇ ਉੱਥੋਂ ਦੇ ਓਕਲੋਹਾਮਾ ਆਦਿ ਦੇ ਵਾਸੀਆਂ ਨੂੰ ਨਸ਼ਿਆਂ ਦੀ ਲਤ ਲਾ ਕੇ ਹੀ ਆਪਣੇ ਅਧੀਨ ਕੀਤਾ ਸੀ। ਮੈਂ ਅੰਡੇਮਾਨ ਤੇ ਓਕਲੋਹਾਮਾ ਜਾ ਕੇ ਖੁਦ ਵੇਖ ਚੁੱਕਿਆ ਹਾਂ ਕਿ ਅੱਜ ਲਗਪਗ ਸਾਰੇ ਖਤਮ ਹੋ ਗਏ ਹਨ। ਇਸ ਗੱਲ ਤੋਂ ਵੀ ਸਾਰਾ ਸੰਸਾਰ ਜਾਣੂ ਹੈ ਕਿ ਹੁਣ ਤਕ ਹੋਏ ਦੋ ਸੰਸਾਰ ਯੁੱਧਾਂ ਵਿਚ ਉੱਤਰੀ ਭਾਰਤ ਖਾਸ ਕਰਕੇ ਪੰਜਾਬ ਦੇ ਜਵਾਨਾਂ ਨੇ ਜਿਹੋ ਜਿਹੀਆਂ ਕੁਰਬਾਨੀਆਂ ਦਿੱਤੀਆਂ ਸਨ ਉਸਨੂੰ ਨੇਪਾਲ ਦੇ ਗੋਰਖੇ ਵੀ ਮਾਤ ਨਹੀਂ ਪਾ ਸਕੇ। ਪੰਜਾਬੀਆਂ ਨੂੰ ਨਸ਼ੇੜੀ ਬਣਾ ਕੇ ਪੰਜਾਬ ਦੀ ਹੋਂਦ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਬਹੁਤ ਵੱਡੀ ਹੈ, ਜਿਸ ਤੋਂ ਪੰਜਾਬ ਦੇ ਮਾਪਿਆਂ ਤੇ ਅਧਿਆਪਕਾਂ ਸਮੇਤ ਏਥੋਂ ਦੀ ਸਰਕਾਰ ਨੂੰ ਵੀ ਸੁਚੇਤ ਰਹਿਣ ਦੀ ਲੋੜ ਹੈ। ਮਸਲਾ ਵੱਡਾ ਹੈ ਤੇ ਵੱਡਾ ਯਤਨ ਮੰਗਦਾ ਹੈ।

**ਲੇਖਕ : ਗੁਲਜ਼ਾਰ ਸਿੰਘ ਸੰਧੂ**

**ਅੰਤਿਕਾ**

**ਮਿਰਜ਼ਾ ਗ਼ਾਲਿਬ**

**ਹਾਂ ਵੁਹ ਨਹੀਂ ਖ਼ੁਦਾ ਪ੍ਰਸਤ!**
**ਜਾਓ, ਵੁਹ ਬੇਵਫ਼ਾ ਸਹੀ,**
**ਜਿਸ ਕੋ ਹੋ ਦੀਨ-ਓ-ਦਿਲ ਅਜ਼ੀਜ਼**
**ਉਸਕੀ ਗਲੀ ਮੇਂ ਜਾਏਂ ਕਿਉਂ?**
**ਕੈਦ-ਏ-ਹਯਾਤ ਓ ਬੰਦ-ਏ-ਗ਼ਮ**
**ਅਸਲ ਮੇਂ ਦੋਨੋਂ ਏਕ ਹੈਂ,**
**ਮੌਤ ਸੇ ਪਹਿਲੇ ਆਦਮੀ**
**ਗ਼ਮ ਸੇ ਨਿਜਾਤ ਪਾਏ ਕਿਉਂ?**

# ਸਰਕਾਰ-ਏ-ਖਾਲਸਾ ਦੇ ਹਿੰਮਤੀ ਤੇ ਬਹਾਦਰ ਜਰਨੈਲ ਜ਼ੋਰਾਵਰ ਸਿੰਘ ਨੂੰ ਚੇਤੇ ਕਰਦਿਆਂ...

**ਲੇਖਕ : ਡਾ. ਅਮਰੀਕ ਸਿੰਘ ਸ਼ੇਰ ਖਾਂ, ਡਾ: ਸ਼ੇਰ ਖਾਂ**
**ਸੰਪਰਕ :** 9875758466

ਯੋਧਿਆਂ ਦੀ ਦੋਸਤੀ ਹਮੇਸ਼ਾ ਯੋਧਿਆਂ ਨਾਲ ਹੁੰਦੀ ਹੈ ਤੇ ਇੱਕ ਮਹਾਨ ਯੋਧਾ ਹੀ ਦੂਜੇ ਮਹਾਨ ਯੋਧੇ ਦੀ ਅਸਲੀ ਪਰਖ ਕਰ ਸਕਦਾ ਹੈ।ਸ਼ੇਰੁਏਪੰਜਾਬ ਮਹਾਰਾਜਾ ਰਣਜੀਤ ਸਿੰਘ ਬਾਰਾਂ ਕੁ ਸਾਲ ਦੀ ਬਾਲ ਉਮਰੇ ਆਪਣੇ ਬਾਪ ਮਹਾਂ ਸਿੰਘ ਦੀ ਮੌਤ ਤੋਂ ਬਾਦ ਸ਼ੁਕਰਚੱਕੀਆ ਮਿਸਲ ਦਾ ਵਾਰਸ ਬਣ ਗਿਆ ਤੇ 17 ਸਾਲ ਦੀ ਉਮਰ ਵਿਚ ਹੀ ਉਸਨੇ ਆਪਣੀ ਮਾਂ ਰਾਜ ਕੌਰ ਤੇ ਸੱਸ ਸਦਾ ਕੌਰ ਦਾ ਪੱਲਾ ਛੱਡ ਕੇ ਆਪਣੇ ਆਜ਼ਾਦ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ।

ਮਹਾਰਾਜਾ ਰਣਜੀਤ ਸਿੰਘ ਨੇ 1799 ਈ. ਵਿਚ ਲਾਹੌਰ ਫਤਹਿ ਕਰਨ ਤੋਂ ਬਾਦ ਅਗਲੇ 40 ਸਾਲਾਂ ਦੇ ਵਿਚੁਵਿਚ (੧੮੩੯ ਤੱਕ) ਜਮੁਨਾ ਤੋਂ ਲੈ ਕੇ ਅਟਕ ਤੱਕ ਖਾਲਸਾਈ ਝੰਡਾ ਲਹਿਰਾ ਦਿੱਤਾ।ਜੇ ਸੌਖੇ ਸ਼ਬਦਾਂ ਵਿੱਚ ਪੂਰਬ ਤੋਂ ਪੱਛਮ ਵੱਲ ਨੂੰ ਸਰਕਾਰੁਏਖਾਲਸਾ ਦੀ ਲੰਬਾਈ ਮਾਪੀਏ ਤਾਂ ਦਿ'ਲੀ ਤੋਂ ਲੈ ਕੇ ਅਫਗਾਨਿਸਤਾਨ ਦੇ ਕਾਬਲੁਕੰਧਾਰ ਤੱਕ ਯੋਧੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਕਾ ਚੱਲਦਾ ਸੀ।ਉੱਤਰ ਵੱਲ ਨੂੰ ਇਹ ਲੰਬਾਈ ਜੰਮੂਕਸ਼ਮੀਰ ਦੀਆਂ ਹੱਦਾਂਸਰਹੱਦਾਂ ਤੋਂ ਪਾਰ ਲੱਦਾਖ, ਬਲਾਤਿਸਤਾਨ ਤੇ ਤਿੱਬਤ ਤੱਕ ਫੈਲ ਚੁੱਕੀ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਹਰ ਔਖੀ ਘਾਟੀ ਤੇ ਖਾਲਸਾਈ ਨਿਸ਼ਾਨ ਝੁਲਾਉਣ ਲਈ ਹਰ ਕਾਬਲ ਯੋਧੇ ਦੀ ਸਦੀਵ ਹਿਮਾਇਤ ਕੀਤੀ। ਬੇਸ਼ੱਕ ਸਮੇਂਸਮੇਂ ਤੇ ਉਸਦੇ ਕੰਨ ਵੀ ਇਹਨਾਂ ਸਿਰਲੱਥ ਯੋਧਿਆਂ ਦੇ ਖਿਲਾਫ ਭਰੇ ਜਾਂਦੇ ਰਹੇ ਪਰ ਉਹ ਹਿੰਮਤੀ ਤੇ 'ਅਗਾਂਹ ਕੂ ਤ੍ਰਾਘਿ' ਦੀ ਭਾਵਨਾ ਰੱਖਣ ਵਾਲੇ ਹਰ ਯੋਧੇ ਦੀ ਪਿੱਠ ਤੇ ਹਮੇਸ਼ਾ ਆਪਣਾ ਮਿਹਰ ਭਰਿਆ ਹੱਥ ਰੱਖੀ ਰੱਖਦਾ। ਇਸ ਮਰਜੀਵੜੇ ਤੇ ਹਿੰਮਤੀ ਬਾਦਸ਼ਾਹ ਦੇ ਕਿਰਦਾਰ ਉੱਪਰ ਤੁਹਮਤਾਂ ਲਾਉਣ ਵਾਲਿਆਂ ਨੂੰ ਆਪਣੇ ਘਰ ਤੋਂ ਬਾਹਰ ਦਾ 'ਸੁਆਨ' ਤੱਕ ਨਹੀਂ ਪਹਿਚਾਣਦਾ ਪਰ ਐਸੇ ਲੋਕ ਮਹਾਰਾਜਾ ਰਣਜੀਤ ਸਿੰਘ ਤੇ ਕਟਾਖਸ਼ ਕਰਨ ਦੀ ਹਿਮਾਕਤ ਕਰਦੇ ਰਹਿੰਦੇ ਨੇ।

ਖੈਰ, ਏਥੇ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਸਮਿਆਂ ਦੇ ਕਮਾਲ ਦੇ ਯੋਧੇ ਜਰਨੈਲ ਜ਼ੋਰਾਵਰ ਸਿੰਘ ਦੀ ਗੱਲ ਕਰਾਂਗੇ।ਜੇਕਰ ਪੱਛਮ ਵੱਲ ਨੂੰ ਸਰਕਾਰੁਏਖਾਲਸਾ ਦੀ ਧਾਂਕ ਜਮਾਉਣ ਲਈ ਸਰਦਾਰ ਹਰੀ ਸਿੰਘ ਨਲੂਏ ਨੂੰ ਅੱਵਲ ਦਰਜ਼ਾ ਪ੍ਰਾਪਤ ਹੈ ਤਾਂ ਉੱਤਰੀ ਭਾਵ ਹਿਮਾਲੀਅਨ ਔਖੀਆਂ ਘਾਟੀਆਂ ਤੱਕ ਦਰਬਾਰੁਏਖਾਲਸਾ ਦੀ ਧਾਂਕ ਜਮਾਉਣ ਲਈ ਜਰਨੈਲ ਜ਼ੋਰਾਵਰ ਸਿੰਘ ਦਾ ਯੋਗਦਾਨ ਵੀ ਚੇਤੇ ਰੱਖਣਯੋਗ ਹੈ।ਪਰ ਅਫਸੋਸ ਇਸ ਯੋਧੇ ਦੀ ਬਾਬਤ ਬਹੁਤ ਘੱਟ ਲੋਕਾਂ ਨੂੰ ਗਿਆਨ ਹੈ। ਬੇਸ਼ੱਕ ਇਸ ਯੋਧੇ ਨੇ ਸ. ਗੁਲਾਬ ਸਿੰਘ ਡੋਗਰੇ ਦੀ ਕਮਾਂਡ ਹੇਠ ਰਿਆਸੀ (ਜੰਮੂ) ਤੋਂ ਆਪਣਾ ਫੌਜੀ ਸਫਰ ਤੈਅ ਸ਼ੁਰੂ ਕੀਤਾ ਪਰ ਦਰਬਾਰੁਏਖਾਲਸਾ ਦੀ ਚੜ੍ਹਤ ਲਈ ਐਸਾ ਸਾਹਸ ਦਿਖਾਇਆ ਕਿ ਇਹ ਯੋਧਾ ਰਿਆਸੀ ਦੇ ਭੀਮਗੜ੍ਹ ਕਿਲੇ ਤੋਂ ਆਪਣਾ ਜੇਤੂ ਸਫਰ ਤਹਿ ਕਰਦਾ ਹੋਇਆ ਅੱਗੇ ਲੱਦਾਖ, ਬਲਾਤਿਸਤਾਨ ਤੇ ਤਿੱਬਤ ਤੱਕ ਖਾਲਸੁਾਰਾਜ ਦੀਆਂ ਪੈੜਾਂ ਪਹੁੰਚਾ ਕੇ ਤਿੱਬਤ ਦੀ ਧਰਤੀ ਦੇ ਇਲਾਕੇ ਟਕਲਾਕੋਟ ਦੀਆਂ ਵਾਦੀਆਂ ਵਿੱਚ ਸ਼ਹਾਦਤ ਦਾ ਜਾਮ ਪੀ ਗਿਆ।

ਬੜੀ ਹੈਰਾਨੀ ਦੀ ਗੱਲ ਹੈ ਕਿ ਸਧਾਰਨ ਪਰਿਵਾਰ ਵਿਚ ਕਹਿਲੂਰ (ਅਜੋਕਾ ਬਿਲਾਸਪੁਰ, ਹਿਮਾਚਲ ਪ੍ਰਦੇਸ਼ ਦਾ ਇਲਾਕਾ) ਦੇ ਇਲਾਕੇ 'ਚ ਜਨਮੇ ਇਸ ਯੋਧੇ ਨੂੰ ਖਾਲਸਾ ਰਾਜ ਦੇ ਸਹਾਇਕ ਗੁਲਾਬ ਸਿੰਘ ਨੇ ਜਦ ਕਿਸ਼ਤਵਾੜ ਦਾ ਗਵਰਨਰ ਥਾਪਿਆ ਸੀ ਤਾਂ ਇਸ ਕੋਲ ਸਿਰਫ ਪੰਜ ਕੁ ਹਜ਼ਾਰ ਦੇ ਕਰੀਬ ਸੈਨਿਕਾਂ ਦੀ ਨਫਰੀ ਸੀ ਪਰ ਇਸ ਸਾਹਸੀ ਯੋਧੇ ਨੇ ਲੱਦਾਖ ਵਾਲੇ ਪਾਸਿਓਂ ਕਸ਼ਮੀਰ ਨੂੰ ਸਦਾ ਵਾਸਤੇ ਆਜ਼ਾਦ ਕਰ ਦੇਣ ਦੀ ਭਾਵਨਾ ਨਾਲ ਲੱਦਾਖ ਦੇ ਰਾਜਾ ਗਿਆਲਪੋ ਉੱਪਰ ਚੜ੍ਹਾਈ ਕਰ ਦਿੱਤੀ।ਬੇਸ਼ਕ ਰਸਤੇ ਚ ਅਨੇਕਾਂ ਕਠਿਨਾਈਆਂ ਸਨ ਪਰ ਉਹ ਸਰੂ ਦਰਿਆ ਨੂੰ ਪਾਰ ਕਰਕੇ ਬੋਤੀ ਕਬੀਲੇ ਦੇ ਲੜਾਕੂਆਂ ਨੂੰ ਹਰਾਉਣ ਵਿਚ ਸਫਲ ਰਿਹਾ।ਇਸ ਤੋਂ ਅੱਗੇ ਉਹਨੇ ਕਾਰਗਿਲ ਇਲਾਕੇ ਤੇ ਖਾਲਸਾਈ ਨਿਸ਼ਾਨ ਲਹਿਰਾਉਂਦਿਆਂ ਲੱਦਾਖੀ ਬਾਦਸ਼ਾਹ ਗਿਆਲਪੋ ਦੇ ਭੇਜੇ ਸੈਨਾਪਤੀ ਬਾਂਕੋ ਕਾਹਲੋਂ ਨੂੰ ਵੀ ਚਿੱਤ ਕਰ ਦਿੱਤਾ ਤੇ ਸੰਨ 1835 ਦੀ ਬਹਾਰ ਰੁੱਤੇ ਉਹ ਇੱਕ ਅਜਿੱਤ ਯੋਧੇ ਦੇ ਰੂਪ ਵਿੱਚ ਲੱਦਾਖ ਦੇ ਬਜ਼ਾਰਾਂ ਵਿੱਚ ਜਾ ਵੜਿਆ।



ਲੱਦਾਖੀ ਰਾਜੇ ਗਿਆਲਪੋ ਨੇ ਉਸਦੀ ਈਨ ਮੰਨ ਲਈ। ਗਿਆਲਪੋ ਨੇ ਖਾਲਸਾ ਰਾਜ ਦੇ ਅੰਗ, ਕਸ਼ਮੀਰ ਰਿਆਸਤ ਨੂੰ ਮੌਕੇ 'ਤੇ 50 ਹਜ਼ਾਰ ਰੁਪਏ ਯੁੱਧ ਖਰਚੇ ਵਜੋਂ ਅਤੇ 20 ਹਜ਼ਾਰ ਰੁਪਏ ਸਾਲਾਨਾ ਦੇਣੇ ਮੰਨ ਲਏ।ਬੇਸ਼ੱਕ ਬਾਅਦ ਵਿੱਚ ਕਸ਼ਮੀਰ ਦੇ ਗਵਰਨਰ ਮੀਂਹਾਂ ਸਿੰਘ ਦੀ ਚੱਕ ਵਿਚ ਆ ਕੇ ਗਿਆਲਪੋ ਆਪਣੇ ਵਾਅਦੇ ਤੋਂ ਮੁੱਕਰ ਗਿਆ ਪਰ ਜਰਨੈਲ ਜ਼ੋਰਾਵਰ ਸਿੰਘ ਦਸ ਦਿਨਾਂ ਦੇ ਵਿਚੁਵਿਚ ਦੁਬਾਰਾ ਫਿਰ ਲੱਦਾਖ ਵਿਚ ਜਾ ਧਮਕਿਆ ਜਿਸਨੂੰ ਵੇਖ ਕੇ ਰਾਜੇ ਗਿਆਲਪੋ ਦੇ ਪਸੀਨੇ ਛੁੱਟ ਗਏ।ਉਸਨੇ ਜਰਨੈਲ ਦੇ ਪੈਰਾਂ 'ਤੇ ਢਹਿ ਕੇ ਵਾਅਦਾਖ਼ਿਲਾਫੀ ਲਈ ਮੁਆਫੀ ਮੰਗੀ ਤੇ ਸਦਾ ਵਾਸਤੇ ਦਰਬਾਰੁਏਖਾਲਸਾ ਦਾ ਤਾਬਿਆਦਾਰ ਬਣੇ ਰਹਿਣ ਦਾ ਪ੍ਰਣ ਕੀਤਾ।ਖੈਰ, ਇਸ ਤੋਂ ਬਾਦ ਉਸਨੇ ਇਹ ਪ੍ਰਣ ਸੱਚੇ ਦਿਲੋਂ ਨਿਭਾਇਆ ਵੀ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਇੱਕ ਵਾਰ ਕਸ਼ਮੀਰ ਦੇ ਗਵਰਨਰ ਮੀਂਹਾਂ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਪਾਸ ਸ਼ਿਕਾਇਤ ਵੀ ਕੀਤੀ ਸੀ ਕਿ ਜਨਰਲ ਜ਼ੋਰਾਵਰ ਸਿੰਘ ਐਵੇਂ ਖਾਹੁਮਖਾਹ ਲੱਦਾਖ ਅਤੇ ਹੋਰ ਉਚੇਰੇ ਇਲਾਕਿਆ ਵੱਲ ਵਧਿਆ ਜਾ ਰਿਹਾ ਹੈ ਜਿਸਦਾ 'ਸਰਕਾਰੁਏਖਾਲਸਾ' ਨੂੰ ਕੋਈ ਫਾਇਦਾ ਨਹੀਂ ਹੋਵੇਗਾ।ਕਹਿੰਦੇ ਹਨ ਕਿ ਦੂਰਦਰਸ਼ੀ ਮਹਾਰਾਜਾ ਰਣਜੀਤ ਸਿੰਘ ਨੇ ਮੀਂਹਾਂ ਸਿੰਘ ਦੀ ਇਸ ਸ਼ਿਕਾਇਤ ਵੱਲ ਕੋਈ ਬਹੁਤਾ ਕੰਨ ਨਹੀਂ ਧਰਿਆ ਕਿਉਂ ਕਿ ਉਹ ਤਾਂ ਹਮੇਸ਼ਾ ਹੀ ਖਾਲਸਾਈ ਪਰਚਮ ਹੱਦਾਂ ਸਰਹੱਦਾਂ ਤੋਂ ਪਾਰ ਦੂਰੁਦਰਾਜ਼ ਤੱਕ ਝੁਲਾਉਣ ਵਾਲਿਆਂ ਦੇ ਦਿਲੋਂ ਕਦਰਦਾਨ ਸਨ।ਮਾਨਸਰੋਵਰ ਤੇ ਸੁਮੇਰ ਪਰਬਤ ਤੱਕ ਦੇ ਇਲਾਕਿਆਂ ਨੂੰ ਤਾਂ ਗੁਰੂ ਬਾਬਾ ਨਾਨਕ ਨੇ ਆਪਣੇ ਮੁਬਾਰਕ ਕਦਮਾਂ ਨਾਲ ਗਾਹਿਆ ਹੋਇਐ। ਇਸ ਲਈ ਮਹਾਰਾਜਾ ਇਸ ਇਲਾਕੇ ਨੂੰ ਕਿੱਦਾਂ ਬੇਗਾਨਾ ਤਸਲੀਮ ਕਰ ਸਕਦੇ ਸਨ?

ਇਸ ਇਲਾਕੇ 'ਤੇ ਸਦਾ ਵਾਸਤੇ ਨਜ਼ਰ ਰੱਖਣ ਲਈ ਜ਼ੋਰਾਵਰ ਸਿੰਘ ਨੇ ਲੇਹ ਦੇ ਬਾਹਰਵਾਰ ਸਿੰਧ ਦੇ ਕਿਨਾਰੇ ਇੱਕ ਕਿਲ੍ਹੇ ਦਾ ਨਿਰਮਾਣ ਵੀ ਕੀਤਾ ਜਿਸ ਦਾ ਕਿਲ੍ਹੇਦਾਰ ਦਲੇਲ ਸਿੰਘ ਨੂੰ ਥਾਪਿਆ ਗਿਆ ਤੇ ਉਸਦੀ ਕਮਾਂਡ ਹੇਠ 300 ਦੀ ਨਫਰੀ ਤਾਇਨਾਤ ਕਰ ਦਿੱਤੀ ਗਈ।ਰਾਜੇ ਗਿਆਲਪੋ ਦੀ ਮਦਦ ਨਾਲ 1839-40 ਦੇ ਦਰਮਿਆਨ ਬਲਾਤਿਸਤਾਨ ਦੇ ਸ਼ਹਿਰ ਸਕਾਰਦੂ ਉੱਪਰ ਵੀ ਸਫਲ ਜਿੱਤ ਪ੍ਰਾਪਤ ਹੋਈ।ਬੇਸ਼ੱਕ 27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਚੁੱਕੇ ਸਨ ਪਰ ਇਹ ਮਰਦੁਦਲੇਰ ਪਹਿਲਾਂ ਵਾਂਗ ਹੀ ਆਪਣੀ ਧੁਨ ਵਿਚ ਸਵਾਰ ਅੱਗੇ ਦੀ ਅੱਗੇ ਵਧਦਾ ਜਾ ਰਿਹਾ ਸੀ।

ਲੱਦਾਖ ਤੇ ਸਕਾਰਦੂ (ਬਲਾਤਿਸਤਾਨ) ਤੋਂ ਬਾਦ ਉਸਨੇ ਆਪਣੀ ਸਾਰੀ ਸ਼ਕਤੀ ਪੂਰਬੀ ਖਿੱਤੇ ਤਿੱਬਤ ਵੱਲ ਕੇਂਦਰਿਤ ਕਰ ਲਈ।ਮਈ ੧੮੪੧ ਨੂੰ ਉਹ ਆਪਣੀ ਛੇ ਕੁ ਹਜ਼ਾਰ ਦੀ ਸੈਨਾ ਨਾਲ ਲੱਦਾਖ ਦੇ ਬਜ਼ਾਰਾਂ ਵਿਚੋਂ ਮਾਰਚ ਕੱਢਦਾ ਹੋਇਆ ਉਹ ਤਿੱਬਤ ਵੱਲ ਵਧਣ ਲੱਗਾ।ਹੁਣ ਉਸ ਨਾਲ ਲੱਦਾਖੀ ਰਾਜੇ ਗਿਆਲਪੋ ਦੀ ਸੈਨਾ ਵੀ ਭਰਵਾਂ ਸਾਥ ਦੇ ਰਹੀ ਸੀ।ਉਸਨੇ ਆਪਣੀ ਸੈਨਾ ਨੂੰ ਤਿੰਨ ਟੁਕੜੀਆਂ ਵਿੱਚ ਵੰਡ ਲਿਆ।ਤਿੰਨ ਕੁ ਹਜ਼ਾਰ ਦੀ ਨਫਰੀ ਨਾਲ ਜਰਨੈਲ ਖੁਦ ਪੌਂਗਕੌਂਗ ਝੀਲ ਨੂੰ ਪਾਰ ਕਰਕੇ ਮਾਨਸਰੋਵਰ ਝੀਲ ਅਤੇ ਪ੍ਰਸਿੱਧ ਧਾਰਮਿਕ ਸਥਾਨ ਸੁਮੇਰ ਪਰਬਤ ਤੱਕ ਪਹੁੰਚ ਗਿਆ।ਥਾਂਪੁਰੁਥਾਂ ਚੌਂਕੀਆਂ ਤੇ ਰਸਦੁਪਾਣੀ ਦੀ ਸਹਾਇਤਾ ਲਈ ਕੁਝ ਸੈਨਿਕ ਵੀ ਤਾਇਨਾਤ ਕਰਦਾ ਗਿਆ।

ਟਕਲਾਕੋਟ ਦੇ ਨੇੜੇ 'ਚੀਤਿਆਂਗ' ਸਥਾਨ ਤੇ ਮਹਿਤਾ ਬਸਤੀ ਰਾਮ ਦੀ ਅਗਵਾਈ ਹੇਠ ਇਕ ਕਿਲ੍ਹਾ ਸਥਾਪਤ ਕੀਤਾ ਗਿਆ ਜਿੱਥੇ ਅੱਠੁਨੌਂ ਤੋਪਾਂ ਵੀ ਟਿਕਾਅ ਦਿੱਤੀਆਂ ਗਈਆਂ ਤਾਂ ਜੋ ਲੋੜ ਪੈਣ ਤੇ ਇਹਨਾਂ ਤੋਪਾਂ ਦੀ ਸਹਾਇਤਾ ਲਈ ਜਾ ਸਕੇ।ਉਧਰ ਜਰਨੈਲ ਆਪਣੇ ਸਾਥੀਆਂ ਸਮੇਤ ਟਕਲਾਕੋਟ ਦੇ ਸਥਾਨ ਤੇ ਜਦ ਪਹੁੰਚਿਆ ਤਾਂ ਨੇਪਾਲੀ ਬਾਦਸ਼ਾਹ ਨੇ ਵੀ ਤਿੱਬਤੀਆਂ ਦੀ ਸਹਾਇਤਾ ਦਾ ਵਚਨ ਦੇ ਦਿੱਤਾ ਕਿਉਂ ਕਿ ਨੇਪਾਲ ਦੀ ਸਰਹੱਦ ਵੀ ਇੱਥੋਂ ਮਹਿਜ਼ ੧੫ ਕੁ ਮੀਲ ਦੀ ਦੂਰੀ ਤੇ ਸੀ।

ਬੇਸ਼ੱਕ ਪਹਿਲੇ ਪਹਿਲ ਤਿੱਬਤੀ ਸੈਨਾਵਾਂ ਅਚਾਨਕ ਆ ਧਮਕੇ ਜਰਨੈਲ ਦੀ ਤਿਆਰੀ ਵੇਖ ਕੇ ਬੁਰੀ ਤਰ੍ਹਾਂ ਭੈਭੀਤ ਹੋ ਗਈਆਂ ਤੇ ਉਹਨਾਂ ਦੇ ਦੂਤ ਜਰਨੈਲ ਦੀ ਤਾਬਿਆਦਰੀ ਕਰਨ ਲਈ ਰਾਜ਼ੀ ਹੋ ਗਏ ਪਰ ਇਹਨੀਂ ਦਿਨੀਂ ਬਰਫੀਲੇ ਤੂਫਾਨਾਂ ਨੇ ਜਰਨੈਲ ਜ਼ੋਰਾਵਰ ਸਿੰਘ ਦੀਆਂ ਸਾਰੀਆਂ ਸਕੀਮਾਂ ਤੇ ਪਾਣੀ ਫੇਰਨਾ ਸ਼ੁਰੂ ਕਰ ਦਿੱਤਾ। ਜ਼ਬਰਦਸਤ ਬਰਫਬਾਰੀ ਕਾਰਨ 'ਚੀਤਿਆਂਗ' ਕਿਲਾ ਤੇ ਉੱਥੇ ਰੱਖੀਆਂ ਤੋਪਾਂ ਬਰਫ ਹੇਠਾਂ ਦੱਬੀਆਂ ਰਹਿ ਗਈਆਂ।ਇਹਨਾਂ ਹਾਲਾਤਾਂ ਨੇ ਸਥਾਨਕ ਤਿੱਬਤੀਆਂ ਨੂੰ ਵੱਡਾ ਹੁਲਾਰਾ ਦਿੱਤਾ।

12 ਦਸੰਬਰ 1841 ਨੂੰ ਤਿੱਬਤੀ ਤੇ ਚੀਨੀ ਸੈਨਿਕ ਰਲ ਕੇ 'ਟੁਯੋ' ਦੇ ਸਥਾਨ 'ਤੇ ਬਹਾਦਰ ਜਰਨੈਲ ਨਾਲ ਦੋਹੱਥ ਕਰਨ ਲਈ ਮੈਦਾਨ ਵਿੱਚ ਆਣ ਉੱਤਰੇ।ਦੋਨੋਂ ਪਾਸਿਓਂ ਭਾਰੀ ਗੋਲ੍ਹੀਸਿੱਕਾ ਚੱਲਿਆ।ਬਹਾਦਰ ਜਰਨੈਲ ਦੀ ਸੈਨਾ ਕਈ ਮਹੀਨਿਆਂ ਤੋਂ ਥੱਕੁਟੁੱਟ ਕੇ ਚੂਰ ਹੋਈ ਪਈ ਸੀ।ਬਰਫ ਨਾਲ ਉਹਨਾਂ ਦੇ ਹੱਥ ਤੇ ਪੈਰ ਵੀ ਗ਼ਲੇ ਪਏ ਸਨ ਪਰ ਫਿਰ ਵੀ ਸਾਹਸੀ ਜਰਨੈਲ ਜ਼ੋਰਾਵਰ ਸਿੰਘ ਆਪਣੀ ਸੈਨਾ ਨੂੰ ਖੁਦ ਅੱਗੇ ਲੱਗ ਕੇ ਹੱਲਾਸ਼ੇਰੀ ਦੇ ਰਿਹਾ ਸੀ।ਆਖਰਕਾਰ ਇੱਕ ਗੋਲੀ ਜਰਨੈਲ ਦੇ ਸੱਜੇ ਮੋਢੇ ਉੱਪਰ ਆਣ ਵੱਜੀ।ਜਰਨੈਲ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਖੱਬੇ ਹੱਥ ਵਿਚ ਤਲਵਾਰ ਲੈ ਕੇ ਠਿਗਣੇ ਤੱਬਤੀਆਂ ਉੱਪਰ ਕਾਲ ਬਣ ਕੇ ਝਪਟਣ ਲੱਗਾ।ਆਖਰ ਦੂਰ ਤੋਂ ਇੱਕ ਘੋੜਸਵਾਰ ਨੇ ਆਪਣਾ 'ਭਾਲਾ' ਜਰਨੈਲ ਦੀ ਛਾਤੀ ਦਾ ਨਿਸ਼ਾਨਾ ਬੰਨ੍ਹ ਕੇ ਐਸਾ ਵਗਾਇਆ ਕਿ ਇਹ ਹਥਿਆਰ ਯੋਧੇ ਜ਼ੋਰਾਵਰ ਸਿੰਘ ਦੀ ਛਾਤੀ ਦੇ ਆਰੁਪਾਰ ਹੋ ਗਿਆ।ਕਿਹਾ ਜਾਂਦਾ ਹੈ ਕਿ ਤਿੱਬਤੀ ਕਬੀਲਆਂ ਦੇ ਬਹੁਤੇ ਸੈਨਿਕਾਂ ਨੇ ਇਸ ਦਲੇਰ ਮਰਦ ਦੀ ਲਾਸ਼ ਦਫਨਾਉਣ ਦੀ ਬਿਜਾਇ ਉਸਦਾ ਮਾਸ ਆਪੋ ਵਿਚ ਵੰਡ ਲਿਆ ਤਾਂ ਜੋ ਉਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਵਿਚ ਵੀ ਐਸੀ ਬੀਰਤਾ ਆ ਸਕੇ।

ਟਕਲਾਕੋਟ ਵਿੱਚ ਇਸ ਯੋਧੇ ਦੇ ਨਾਂ ਤੇ ਸਥਾਪਤ ਕਿਲ੍ਹਾ ਟਕਲਾਕੋਟ (ਠਓਕਲਓਕੋਟ ਢੋਰਟ) ਅੱਜ ਵੀ ਇਸ ਯੋਧੇ ਨੂੰ ਸਿਰ ਝੁਕਾਉਂਦਾ ਪ੍ਰਤੀਤ ਹੁੰਦਾ ਹੈ।ਬ੍ਰਿਟਿਸ਼ ਕਾਲ ਵੇਲੇ ਮਾਨਸਰੋਵਰ ਝੀਲ ਅਤੇ ਕੁਝ ਹੋਰ ਜਿੱਤੇ ਹੋਏ ਇਲਾਕੇ ਦੁਬਾਰਾ ਤਿੱਬਤ ਨੂੰ ਦੇ ਦਿੱਤੇ ਗਏ।ਸਕਾਰਦੂ ਇਲਾਕਾ ਵੀ ਅੱਜ ਕੱਲ੍ਹ ਪਾਕਿਸਤਾਨ ਦੇ ਪਹਾੜੀ ਖੇਤਰ ਦਾ ਹਿੱਸਾ ਹੈ।

ਇਸ ਪ੍ਰਕਾਰ ਦਰਬਾਰੁਏਖਾਲਸਾ ਦੀਆਂ ਪੈੜਾਂ ਧੁਰ ਤਿੱਬਤ ਤੱਕ ਛੱਡਦਾ ਹੋਇਆ ਇਹ ਮਹਾਨ ਯੋਧਾ ਆਪਣੀ ਜਾਨ ਤਾਂ ਕੁਰਬਾਨ ਕਰ ਗਿਆ ਪਰ ਅੱਜ ਵੀ ਜਦ ਕਦੇ ਹਿੰਦੁਚੀਨੀ ਫੌਜਾਂ ਆਹਮੋ-ਸਾਹਮਣੇ ਹੁੰਦੀਆਂ ਹਨ ਤਾਂ ਚੀਨੀ ਸੈਨਾ ਨੂੰ ਲਲਕਾਰਦੇ ਸਿੱਖ ਸੈਨਿਕ ਜੁਝਾਰੂ ਜ਼ੋਰਾਵਰ ਸਿੰਘ ਦਾ ਦੂਜਾ ਰੂਪ ਹੀ ਦਿਖਾਈ ਦਿੰਦੇ ਹਨ।ਸਿੱਖ ਕੌਮ ਨੂੰ ਸਰਕਾਰੁਏਖਾਲਸਾ ਦਾ ਝੰਡਾ ਬੁਲੰਦੀਆਂ ਤੇ ਗੱਡਣ ਵਾਲੀਆਂ ਐਸੀਆਂ ਸੁੱਚੀਆਂ ਤੇ ਬਹਾਦਰ ਰੂਹਾਂ ਨੂੰ ਸਦੀਵ ਚੇਤਿਆਂ ਦਾ ਅੰਗ ਬਣਾਈ ਰੱਖਣਾ ਚਾਹੀਦਾ ਹੈ।

# ਮਜ਼ਬੂਰੀ

ਲੇਖਕ : ਗੁਰਤੇਜ ਸਿੰਘ ਖੁਡਾਲ, ਸੰਪਰਕ: 94641-29118

ਕਾਫ਼ੀ ਮੈਲੇ ਅਤੇ ਫਟੇ ਜਿਹੇ ਕੱਪੜਿਆਂ ਵਾਲੀ ਇੱਕ ਬਜ਼ੁਰਗ ਔਰਤ ਪਿਛਲੇ ਕਾਫ਼ੀ ਸਮੇਂ ਤੋਂ ਸਾਡੇ ਦਫਤਰ ਦੇ ਮੇਨ ਗੇਟ ’ਤੇ ਬੈਠੀ ਆਉਂਦੇ ਜਾਂਦੇ ਲੋਕਾਂ ਤੋਂ ਪੈਸੇ ਮੰਗਦੀ ਸੀ! ਅਦਾਲਤਾਂ ਵਿੱਚ ਬਾਹਰੋਂ ਆਉਣ ਜਾਣ ਵਾਲੇ ਸਾਰੇ ਲੋਕ ਅਤੇ ਮੁਲਾਜ਼ਮ ਬਜ਼ੁਰਗ ਤੇ ਲੋੜਵੰਦ ਸਮਝ ਕੇ ਉਸ ਨੂੰ ਪੈਸੇ ਦੇ ਜਾਂਦੇ ਸਨ। ਉਸ ਦਾ ਸਮਾਂ ਬਿਲਕੁਲ ਪੱਕਾ ਸੀ। ਉਹ ਸਾਡੇ ਦਫਤਰ ਆਉਣ ਤੋਂ ਪਹਿਲਾਂ ਮੇਨ ਗੇਟ ’ਤੇ ਬੈਠੀ ਮਿਲਦੀ ਸੀ। ਦਫਤਰ ਵਿੱਚ ਅੱਧੀ ਛੁੱਟੀ (ਖਾਣੇ ਦਾ ਟਾਈਮ) ਵੇਲੇ ਭਾਵ ਇੱਕ ਵਜੇ ਇਹ ਬਜ਼ੁਰਗ ਔਰਤ ਵੀ ਇੱਕ ਪਾਸੇ ਜਾ ਕੇ ਲੋਕਾਂ ਤੋਂ ਮੰਗੇ ਹੋਏ ਪੈਸਿਆਂ ਦੀ ਗਿਣਦੀ ਕਰਦੀ ਸੀ। ਉਸ ਦਾ ਪੈਸੇ ਗਿਣਨ ਦਾ ਪੱਕਾ ਟਿਕਾਣਾ ਸਾਡੀ ਚਾਹ ਵਾਲੀ ਕੰਟੀਨ ਕੋਲ ਸੀ। ਅਸੀਂ ਵੀ ਰੋਜ਼ਾਨਾ ਇੱਕ ਵਜੇ ਚਾਹ ਪੀਣ ਜਾਂਦੇ ਤਾਂ ਉਸ ਬਜ਼ੁਰਗ ਮਾਤਾ ਨੂੰ ਵੀ ਇੱਕ ਕੱਪ ਪਿਲਾ ਦਿੰਦੇ ਸੀ। ਉਸ ਨੂੰ ਪੁੱਛ ਵੀ ਲੈਂਦੇ ਕਿ ਮਾਤਾ ਅੱਜ ਕਿੰਨੇ ਪੈਸੇ ਬਣ ਗਏ। ਫਿਰ ਉਹ ਦੱਸ ਦਿੰਦੀ ਸੀ ਕਿ ‘‘ਆਜ ਤੋ ਬੇਟਾ ਦੋ ਸੌ ਬਨਾ ਹੈਂ ਜਾਂ ਤੀਨ ਸੌ ਬਨਾ ਹੈ!’’ ਸਾਡੇ ਸਾਹਮਣੇ ਨਾਲੇ ਚਾਹ ਪੀਂਦੀ ਨਾਲ ਗੱਲਾਂ ਕਰਨ ਲੱਗ ਜਾਂਦੀ ਸੀ। ਅਸੀਂ ਕਿਹਾ, ‘‘ਮਾਤਾ, ਤੈਨੂੰ ਹਰ ਰੋਜ਼ ਦੋ ਜਾਂ ਤਿੰਨ ਸੌ ਦੇ ਕਰੀਬ ਪੈਸੇ ਇਕੱਠੇ ਹੋ ਜਾਂਦੇ ਹਨ! ਫਿਰ ਤੂੰ ਹਰ ਰੋਜ਼ ਕਿਉਂ ਆਉਂਦੀ ਏਂ? ਕਦੇ ਆਰਾਮ ਵੀ ਕਰ ਲਿਆ ਕਰ। ਤੇਰੀ ਉਮਰ ਕਾਫ਼ੀ ਹੈ!’’ ‘‘ਬੇਟਾ, ਕਿਆ ਬਤਾਊਂ, ਯਹਾਂ ਆਨੇ ਸੇ ਪਹਿਲੇ ਮੈਂ ਹਰ ਰੋਜ਼ ਸੁਬ੍ਹਾ ਏਕ ਮੰਦਰ ਕੇ ਗੇਟ ਪਰ ਬੈਠ ਕਰ ਭੀ ਮਾਂਗਤੀ ਹੂ! ਵਹਾਂ ਵੀ ਬੇਟਾ, ਮੇਰੇ ਕੋ ਦੋ-ਡੇਢ ਸੌ ਬਨ ਜਾਤਾ ਹੈ!’’ ਅਸੀਂ ਸਾਰੇ ਸਾਥੀ ਬਹੁਤ ਹੈਰਾਨ ਹੋਏ ਤੇ ਕਿਹਾ, ‘‘ਮਾਤਾ, ਤੂੰ ਇੰਨੇ ਪੈਸੇ ਕੀ ਕਰਨੇ ਹਨ?’’ ਸਾਨੂੰ ਤਾਂ ਇਹ ਸੀ ਕਿ ਇਹ ਬਜ਼ੁਰਗ ਔਰਤ ਇੱਕ ਵਜੇ ਪੈਸੇ ਗਿਣ ਕੇ, ਚਾਹ ਪੀ ਕੇ ਆਪਣੇ ਘਰ ਚਲੀ ਜਾਂਦੀ ਹੈ ਅਤੇ ਘਰ ਜਾ ਕੇ ਅਰਾਮ ਕਰਦੀ ਹੋਵੇਗੀ। ਮਾਤਾ ਕਹਿੰਦੀ, ‘‘‘ਨਹੀਂ ਬੇਟਾ, ਅਭੀ ਤੋ ਮੈਨੇ ਬਾਜ਼ਾਰ ਵਾਲੇ ਮੇਨ ਚੌਂਕ ਮੇਂ ਜਾਕਰ ਬੈਠ ਕਰ ਮਾਂਗਨਾ ਹੈ। ਮੈਂ ਸੁਬ੍ਹਾ ਛੇ ਬਜੇ ਘਰ ਸੇ ਆਤੀ ਹੂ ਔਰ ਸ਼ਾਮ ਕੋ ਸਾਤ ਬਜੇ ਘਰ ਜਾਤੀ ਹੂ!’’ ਇਹ ਗੱਲ ਸੁਣ ਕੇ ਅਸੀਂ ਸਾਰੇ ਹੈਰਾਨ ਹੋ ਗਏ। ਫਿਰ ਮਾਤਾ ਨੇ ਦੱਸਿਆ ਕਿ ਉੱਥੇ ਵੀ ਦੋ ਢਾਈ ਸੌ ਰੁਪਏ ਬਣ ਜਾਂਦੇ ਹਨ। ਅਸੀਂ ਸਾਰਾ ਹਿਸਾਬ ਲਾਇਆ ਕਿ ਮਾਤਾ ਨੂੰ ਹਰ ਰੋਜ਼ ਅੱਠ ਸੌ ਤੋਂ ਲੈ ਕੇ ਹਜ਼ਾਰ ਰੁਪਏ ਤੱਕ ਬਣਦੇ ਹਨ। ਅਸੀਂ ਕਿਹਾ, ‘‘ਮਾਤਾ, ਤੂੰ ਕਦੇ ਆਰਾਮ ਵੀ ਕਰ ਲਿਆ ਕਰ। ਤੇਰੀ ਉਮਰ ਬਹੁਤ ਹੈ। ਤੂੰ ਹਰ ਰੋਜ਼ ਆਉਂਦੀ ਏ, ਕਦੇ ਛੁੱਟੀ ਵੀ ਕਿਉਂ ਨਹੀਂ ਕਰਦੀ?’’

ਫਿਰ ਉਸ ਬਜ਼ੁਰਗ ਮਾਤਾ ਨੇ ਹਕੀਕਤ ਦੱਸੀ, ‘‘ਮੈਂ ਅਪਨੀ ਬੇਟੀ ਕੇ ਪਾਸ ਰਹਿਤੀ ਹੂੰ, ਮੇਰੇ ਘਰਵਾਲੇ ਕੀ ਮੌਤ ਹੋ ਗਈ ਹੈ! ਮੇਰਾ ਜਵਾਈ ਕੁਝ ਕਾਮ ਨਹੀਂ ਕਰਤਾ। ਸਾਰਾ ਦਿਨ ਵੇਹਲਾ ਘਰ ਮੈਂ ਪੜਾ ਰਹਿਤਾ ਹੈ। ਮੈਂ ਜਿਤਨੇ ਭੀ ਪੈਸੇ ਲੇਕਰ ਜਾਤੀ ਹੂੰ ਵੋ ਸਭ ਲੇ ਲੇਤਾ ਹੈ! ਦਾਰੂ ਪੀਤਾ ਹੈ, ਨਸ਼ੇ ਕਰਤਾ ਹੈ ਔਰ ਮੀਟ ਖਾਤਾ ਹੈ। ਅਗਰ ਮੈਂ ਕਹੂੰ ਕਿ ਮੈਂ ਨਹੀਂ ਜਾਣਾ ਮੈਂ ਬੀਮਾਰ ਹੂੰ ਤੋ ਮੇਰੇ ਕੋ ਪੀਟਤਾ ਹੈ। ਮੈਂ ਕਿਆ ਕਰੂੰ ਬੇਟਾ, ਮੇਰੀ ਮਜਬੂਰੀ ਹੈ ਔਰ ਮੈਂ ਬਹੁਤ ਦੁਖੀ ਹੂੰ।’’






ਰੱਬੀ ਰੰਗ 'ਚ ਰੰਗੀ ਸਖਸ਼ੀਅਤ

# ਭਾਈ ਘਨੱਈਆ ਜੀ

ਦਲਜੀਤ ਸਿੰਘ ਬੇਦੀ

ਭਾਈ ਘਨ੍ਹੱਈਆਂ ਜੀ ਦੀ ਸਖ਼ਸੀਅਤ ਸੰਪੂਰਣ ਸੰਤ ਭਾਈ ਘਨ੍ਹੱਈਆ ਜੀ ਦਾ ਜੀਵਨ ਜਗਤ ਨੂੰ ਸੱਚ ਮਾਰਗ ਦਰਸਾਉਣ ਵਾਲਾ ਸਰਵ ਉੱਤਮ ਜੀਵਨ ਹੈ। ਉਨ੍ਹਾਂ ਦੇ ਅੰਦਰ ਇਹ ਅਮੋਲਕ ਗੁਣ ਸਨ। ਉਹ ਦਇਆਵਾਨ ਤੇ ਪਰਉਪਕਾਰੀ, ਪਰਿਵਾਰਕ ਮੋਹ ਤੋਂ ਰਹਿਤ, ਦੁਨਿਆਵੀ ਮਾਣ-ਵਡਿਆਈ ਤੋਂ ਬੇਖਬਰ, ਸਤਸੰਗੀ ਤੇ ਸੰਤ ਸੇਵੀ, ਗੁਰਮਤਿ ਦੇ ਧਾਰਨੀ ਸਭ ਜੀਵਾਂ ਵਿੱਚ ਇੱਕ ਬ੍ਰਹਮ ਨੂੰ ਪ੍ਰਤੱਖ ਜਾਨਣਾ, ਗੋਬਿੰਦ ਰੂਪ ਜਾਣ ਕੇ ਸਰਵ ਜੀਵਾਂ ਦੀ ਇਕ ਸਮਾਨ ਸੇਵਾ ਕਰਨ ਵਾਲੇ, ਨਿਰਭਉ ਤੇ ਨਿਰਵੈਰ, ਸੰਤੋਖ ਸਬਰ ਵਾਲੇ, ਸਹਿਣਸ਼ੀਲਤਾ ਦੇ ਧਾਰਨੀ, ਮਿੱਠ ਬੋਲੜੇ, ਵਾਹਿਗੁਰੂ ਪਿਆਰ ਵਿੱਚ ਸਦਾ ਮਗਨ ਅਤੇ ਨੇਕ ਕਰਨੀ ਦੇ ਮਾਲਕ ਸਨ।

ਜੀਵ ਆਤਮਾ ਦੇਹ ਤੋਂ ਪਹਿਲਾਂ ਹੈ। ਚੰਦਨ ਸੰਸਕਾਰ ਸੁਲੱਖਣੀ ਮਾਂ ਦੀ ਕੁੱਖ ਵਿੱਚ ਸ਼ੁੱਧ ਆਤਮਾ ਤਹਿਤ ਅਕਾਲ ਪੁਰਖ ਦੀ ਕ੍ਰਿਪਾ ਨਾਲ ਪ੍ਰਵੇਸ਼ ਕਰਦੇ ਹਨ। ਭਗਤੀ ਭਗਵਾਨ ਦੇ ਸੰਯੋਗ ਨਾਲ ਇੱਕ ਰੂਪ ਹੋ ਜਾਂਦੀ ਹੈ। ਸਘਨ ਸ਼ਰਧਾ ਅਤੇ ਗੁਰਮਤਿ ਸੰਗਤ ਦੇ ਭਗਤ ਯੋਗੀ ਭਾਈ ਘਨ੍ਹੱਈਆ ਜੀ ਦਾ ਜਨਮ ਮਾਤਾ ਸੁੰਦਰੀ ਜੀ ਅਤੇ ਪਿਤਾ ਨੱਥੂ ਰਾਮ ਖੱਤਰੀ ਦੇ ਗ੍ਰਹਿ ਵਿਖੇ 1648 ਈ: ਨੂੰ ਸੋਦਰਾ ਜੋ ਦਰਿਆ ਚਨਾਬ ਕਿਨਾਰੇ ਵਜ਼ੀਰਾਬਾਦ ਪਾਕਿਸਤਾਨ ਵਿਖੇ ਹੋਇਆ। ਸ਼ੁਰੂ ਤੋਂ ਆਪ ਗੁਰੂ ਨਾਨਕ ਪਾਤਸ਼ਾਹ ਜੀ ਦੇ ਘਰ ਦੇ ਅਨੁਯਾਈ ਸਨ। ਸਦਾ ਹੀ ਗੁਰੂ ਦੀ ਭੈਅ-ਭਾਵਨੀ, ਗੁਰਮਤਿ ਸਿਧਾਂਤ ਅਤੇ ਰਹਿਤ ਮਰਯਾਦਾ ਵਿੱਚ ਰਹਿ ਕੇ ਧਰਮ ਕਰਮ ਕਰਦੇ ਰਹੇ। ਆਪ ਨੂੰ ਸ੍ਰੀ ਗੁਰੂ ਹਰਿਰਾਏ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਕਲਗੀਆਂ ਵਾਲੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ 'ਚ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਸੀ। ਭਾਈ ਘਨ੍ਹੱਈਆ ਜੀ ਨੇ ਗੁਰੂ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਕਵ੍ਹੇ ਨਗਰ ਅਟਕ ਪਾਕਿਸਤਾਨ ਵਿੱਚ ਪਾਣੀ ਦੀ ਅਤਿ ਕਮੀ ਨੂੰ ਦੂਰ ਕਰਨ ਲਈ ਖੂਹ ਲਵਾਏ, ਧਰਮਸ਼ਾਲਾ ਸਥਾਪਤ ਕੀਤੀਆਂ, ਪਾਣੀ ਦੇ ਭਰੇ ਘੜੇ ਰੱਖੇ, ਲੰਗਰ ਤੇ ਬਿਸ੍ਰਾਮ ਲਈ ਮੰਜੇ ਬਿਸਤਰਿਆਂ ਆਦਿ ਦਾ ਪ੍ਰਬੰਧ ਉਤਮ ਭਾਵ ਨਾਲ ਕੀਤਾ। ਪਿੰਡ ਕਵ੍ਹੇ ਵਿੱਚ 1675 ਈ: ਵਿੱਚ ਧਰਮਸ਼ਲਾ ਕਾਇਮ ਕੀਤੀ।

ਭਾਈ ਘਨ੍ਹੱਈਆ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੱਚੇ ਸੇਵਕ ਸਨ। ਗੁਰੂ ਘਰ ਦੇ ਘੋੜਿਆਂ ਦੀ ਸਾਂਭ-ਸੰਭਾਲ ਅਤੇ ਲੰਗਰ ਵਿੱਚ ਜੂਠੇ ਬਰਤਨਾਂ ਦੀ ਸੇਵਾ ਕਰਿਆ ਕਰਦੇ ਸਨ। ਗੁਰੂ ਜੀ ਦੇ ਅਨਿੰਨ ਭਗਤ ਭਾਈ ਨੰਨੂਆਂ ਜੀ ਤੋਂ ਭਾਵਾਤਮਕ ਸ਼ਰਧਾ ਭਾਵਨਾ ਤੋਂ ਭਾਈ ਘਨ੍ਹੱਈਆ ਜੀ ਨੂੰ ਗਹਿਨ ਉਤਸ਼ਾਹ ਪ੍ਰਾਪਤ ਹੋਇਆ ਤੇ ਸੇਵਾ ਕਰਦਿਆਂ ਆਪ ਸਮਦ੍ਰਿਸ਼ਟਾ ਹੋ ਗਏ। ਦਸਮ ਪਾਤਸ਼ਾਹ ਨਾਲ ਪਹਿਲਾਂ ਮਿਲਾਪ 1678 ਈ: ਵਿਚ ਹੋਇਆ।

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**
(ਪੰਨਾ 472)

ਪਹਾੜੀ ਰਾਜਿਆਂ ਨਾਲ ਸਿੱਖਾਂ ਦੇ ਹੋਏ ਖੌਫ਼ਨਾਕ ਅਤੇ ਅਮਾਨਵੀ ਹਿੰਸਕ ਯੁੱਧ ਸਮੇਂ ਆਪ ਜਲ ਦੀ ਭਰੀ ਮਸ਼ਕ ਨਾਲ ਫੱਟੜਾਂ ਲਈ ਜਲ ਦੀ ਬਿਨਾਂ ਭਿੰਨ-ਭੇਦ ਅਤੇ ਵਿਤਕਰੇ ਦੇ ਸੇਵਾ ਕਰਦੇ ਸਨ। ਆਪ ਗੁਰੂ ਦੇ ਨਿਰਮਲ ਭੈਅ ਵਿੱਚ ਇਹ ਸੇਵਾ ਨਿਭਾਉਂਦੇ ਰਹੇ। ਇੱਕ ਸਿੰਘ ਨੇ ਗੁਰੂ ਦਸਮ ਪਾਤਸ਼ਾਹ ਜੀ ਨੂੰ ਜਾ ਕੇ ਭਾਈ ਘਨ੍ਹੱਈਆ ਜੀ ਦੀ ਸ਼ਿਕਾਇਤ ਇਸ ਤਰ੍ਹਾਂ ਕੀਤੀ, 'ਗੁਰੂ ਜੀ! ਭਾਈ ਘਨ੍ਹੱਈਆ ਜੀ ਮੁਗਲ ਦੁਸ਼ਮਣ ਫੱਟੜਾਂ ਦੇ ਮੂੰਹ ਵਿੱਚ ਵੀ ਜਲ ਪਾਈ ਜਾ ਰਿਹਾ ਹੈ। ਦਸਮ ਪਾਤਸ਼ਾਹ ਜੀ ਨੇ ਭਾਈ ਘਨ੍ਹੱਈਆ ਜੀ ਨੂੰ ਬੁਲਾਇਆ ਅਤੇ ਕਾਰਣ ਪੁੱਛਿਆ, ਸਿਰ ਝੁਕਾ ਕੇ ਨਿਮਰਤਾ ਤੇ ਸਤਿਕਾਰ ਨਾਲ ਭਾਈ ਜੀ ਅਤਿ ਮਿਠਾਸ ਵਿੱਚ ਬੋਲੇ, 'ਗੁਰੂ ਜੀ ਮੈਨੂੰ ਹਰ ਚਿਹਰੇ ਵਿੱਚੋਂ ਆਪ ਜੀ ਦੇ ਚਿਹਰੇ ਦੇ ਦੀਦਾਰ ਹੋ ਰਹੇ ਹਨ।

**ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥** (ਪੰਨਾ 77)

ਅਗੰਮੀ ਵਿਸ਼ਾਲਤਾ ਦੇ ਅਨੁਭਵੀ ਅਤੇ ਉਦਾਰਚਿਤ, ਸਰਵ ਕਲਿਆਣਕਾਰੀ ਗੁਰੂ ਜੀ ਨੇ ਪ੍ਰਸੰਨਚਿੱਤ ਹੋ ਕੇ ਮਲ੍ਹਮ ਅਤੇ ਪੱਟੀਆਂ ਦੇਂਦਿਆਂ ਕਿਹਾ ਕਿ ਜਲ ਕੀ ਸੇਵਾ ਤਾਂ ਭਾਈ ਜੀ ਤੁਸੀਂ ਕਰ ਹੀ ਰਹੇ ਹੋ ਜ਼ਖ਼ਮੀਆਂ ਦੇ ਮਲ੍ਹਮ ਪੱਟੀ ਵੀ ਕਰੀ ਜਾਓ।

ਗੁਰਬਾਣੀ ਅਤੇ ਵਿਗਿਆਨ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਪੂਰਾ ਪੱਛਮ ਅਤੇ ਪੱਛਮੀ ਵਿਗਿਆਨੀ ਦਾਅਵਾ ਕਰਦੇ ਹਨ ਕਿ ਸਰ ਜੀਨ ਹੈਨਰੀ ਡਿਊਨਾ ਨੇ 1859 ਈ: ਵਿੱਚ ਰੈਡ ਕਰਾਸ ਨੂੰ ਜਨਮ ਦਿੱਤਾ। ਪੱਛਮ ਅਤੇ ਪੱਛਮੀ ਵਿਗਿਆਨੀ ਕਿਵੇਂ ਭੁੱਲ ਗਏ ਕਿ ਰੈਡ ਕਰਾਸ ਦਾ ਜਨਮ ਤਾਂ ਪਹਾੜੀ ਰਾਜਿਆਂ ਨਾਲ ਸਿੰਘਾਂ ਦੇ ਹੋਏ ਯੁੱਧ ਸਮੇਂ ਭਾਈ ਘਨ੍ਹੱਈਆ ਜੀ ਦੇ ਮਲ੍ਹਮ ਪੱਟੀ ਕਰਦਿਆਂ ਹੀ ਹੋ ਗਿਆ ਸੀ। ਮਲ੍ਹਮ ਪੱਟੀ ਹੀ ਅੰਗਰੇਜ਼ੀ ਭਾਸ਼ਾ ਵਿੱਚ ਰੈਡ ਕਰਾਸ ਸੀ।

ਰੈਡ ਕਰਾਸ (ਮਲ੍ਹਮ ਪੱਟੀ) ਦਾ ਜਨਮ ਅਤੇ ਸਥਾਪਨਾ ਦਾ ਸ਼੍ਰੋਮਣੀ ਸਿਹਰਾ ਸਿੱਖ ਧਰਮ ਨੂੰ ਜਾਂਦਾ ਹੈ ਜਿਸ ਦੇ ਜਨਮ ਦਾਤਾ ਸਾਹਿਬੇ-ਕਮਾਲ ਦਸਮੇ ਨਾਨਕ ਕਲਗੀਧਰ ਪਿਤਾ ਜੀ ਹਨ। ਭਾਈ ਘਨ੍ਹੱਈਆ ਜੀ ਗੁਰੂ ਘਰ ਦਾ ਅਨਿੰਨ ਸੇਵਕ ਜਿਸ ਦਾ ਕੋਈ ਸਾਨੀ ਨਹੀਂ ਹੈ। ਇਸ ਧਰਤੀ 'ਤੇ ਸਭ ਤੋਂ ਵੱਧ ਜ਼ੁਲਮ ਤੇ ਅਨਿਆਏ, ਕੇਵਲ ਸਿੱਖ ਧਰਮ ਨਾਲ ਹੋਇਆ ਹੈ। ਪਰ ਗੁਰੂ ਦੇ ਦੁਲਾਰਿਆਂ, ਪਿਆਰਿਆਂ, ਸੂਰਬੀਰਾਂ ਸਿੱਖਾਂ/ਸਿੰਘਾਂ ਨੇ ਸਿੱਖੀ ਅਤੇ ਮਰਯਾਦਾ ਨੂੰ ਅਡੋਲ ਅਤੇ ਸੁਦ੍ਰਿੜ ਰੱਖਦਿਆਂ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਓਟ ਲੈ ਕੇ ਮਰਜੀਵੜਿਆਂ ਦਾ ਗੁਰਮਤਿ ਫ਼ਰਜ਼ ਨਿਭਾਇਆ ਹੈ। ਵਿਗਿਆਨਕ ਸੁੱਖ ਸੁਵਿਧਾਵਾਂ ਮਨੁੱਖਤਾ ਲਈ ਹਨ। ਵਿਗਿਆਨਕ ਕਾਢਾਂ ਦੀ ਜੜ੍ਹ, ਗੁਰਮਤਿ ਵਿਚਾਰਧਾਰਾ ਤੋਂ ਲਈ ਗਈ ਹੈ। ਮਸ਼ੀਨ ਸਹੂਲਤ ਤਾਂ ਹੋ ਸਕਦੀ ਹੈ। ਆਤਮਕ ਸੰਤੁਸ਼ਟੀ ਅਤੇ ਗੁਰਮਤਿ ਸਹਿਜ ਕਦਾਚਿਤ ਨਹੀਂ।

ਗੁਰੂ ਨਾਨਕ ਵਿਚਾਰਧਾਰਾ ਨੂੰ ਲਾਸਾਨੀ ਸ੍ਰੇਸ਼ਟਤਾ ਅਤੇ ਉਤਮ ਉਜਵਲ ਵਰਤਾਰਾ ਸਵੀਕਾਰ ਕਰਨ ਤੋਂ ਸੇਵਾ ਭਾਵਨਾ ਵਾਲਾ ਕਦੇ ਵੀ ਅਸ਼ੁੱਧ ਨਹੀਂ ਹੋ ਸਕਦਾ। ਮਕਾਰੀ, ਦੰਭ ਅਤੇ ਚਤੁਰਾਈ ਕਦੇ ਵੀ ਸਦੀਵੀਂ ਨਹੀਂ ਹੁੰਦੀ। ਸੁਕਰਮ ਅਤੇ ਸ਼ਰਧਾ ਮੂਲਕ ਸੇਵਾ ਦੀ 'ਏਕਮ ਦ੍ਰਿਸ਼ਟੀ' ਨੂੰ ਵੀ ਭਾਈ ਘਨ੍ਹੱਈਆ ਜੀ ਨੇ ਗੁਰੂ ਦ੍ਰਿਸ਼ਟੀ ਅਨੁਭਵਿਆ ਅਤੇ ਸਦੈਵ ਗੁਰੂ ਘਰ ਦੇ ਸੇਵਕ ਅਤੇ ਨਿਰਮਾਣ ਸੰਜਮੀ ਗੁਰਸਿੱਖ ਰਹੇ। ਆਪ ਨੇ ਗੁਰੂ ਘਰ ਤੋਂ ਸਭ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਭਾਈ ਸੇਵਾ ਰਾਮ ਜੀ ਅਤੇ ਭਾਈ ਸੂਰੀ ਸ਼ਾਹ ਜੀ ਆਪ ਦੇ ਅਨਿੰਨ ਸੇਵਕ ਸਨ। ਸੇਵਾ ਪੰਥੀ ਸੰਪ੍ਰਦਾਇ ਲਈ ਮਹਾਨ ਕਾਰਜ ਭਾਈ ਸੇਵਾ ਰਾਮ ਜੀ ਅਤੇ ਭਾਈ ਅੱਡਣ ਸ਼ਾਹ ਜੀ ਨੇ ਕੀਤੇ। ਇਸ ਸੰਪ੍ਰਦਾਇ ਦਾ ਨਾਮ ਹੀ ਅੱਡਣ ਸ਼ਾਹੀ ਪੈ ਗਿਆ। ਇਹ ਸੰਪ੍ਰਦਾ ਵਰਤਮਾਨ ਸਮੇਂ ਵੀ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤਨੋਂ-ਮਨੋਂ ਅਤੇ ਆਤਮਕ ਉਤਸ਼ਾਹ ਨਾਲ ਕਰ ਰਹੀ ਹੈ। ਅਜੋਕੇ ਭੌਤਿਕ ਅਤੇ ਪਦਾਰਥਵਾਦੀ ਦਵੰਦ ਦੇ ਯੁੱਗ ਵਿੱਚ ਭਾਈ ਘਨ੍ਹੱਈਆ ਜੀ ਦੇ ਸਮਰੂਪ ਗੁਰਸਿੱਖ ਲੱਭਣਾ ਕਠਿਨ ਹੀ ਨਹੀਂ ਅਸੰਭਵ ਵੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਅਤੇ ਵਿਚਾਰਧਾਰਾ ਕਥਨੀ ਤੇ ਕਰਨੀ ਵਿੱਚ ਹੈ। ਮਿੱਥ ਅਤੇ ਨਿਕਰਮਣ ਉਦਾਸੀ ਨੂੰ ਕੋਈ ਥਾਂ ਨਹੀਂ। ਕਰਮੀ ਅਤੇ ਧਰਮੀ ਪੁਰਸ਼ਾਂ ਦੇ ਮੁੱਖ ਉਜਵਲ ਅਤੇ ਕਮਲ ਜਿਹੇ ਖਿੜ੍ਹੇ ਹੁੰਦੇ ਹਨ।

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥**
(ਪੰਨਾ 918)

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥**
(ਪੰਨਾ 1412)

ਸੇਵਾ ਪੰਥੀ ਸੰਪ੍ਰਦਾਇ ਦੇ ਸੰਚਾਰਕ ਭਾਈ ਘਨ੍ਹੱਈਆ ਜੀ, ਜਿਨ੍ਹਾਂ ਨੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਅਪਾਰ ਬਖਸ਼ਿਸ਼ ਸਦਕਾ ਗੁਰਸਿੱਖੀ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰਾਂ ਦੀ ਅਸੀਸ ਅਤੇ ਹੁਕਮ ਸਦਕਾ ਸੇਵਾ ਤੇ ਨਾਮ ਸਿਮਰਨ ਵਰਗੀ ਮਹਾਨ ਦਾਤ ਲੋਕਾਈ ਵਿੱਚ ਵੰਡਣ ਦਾ ਮਾਣ ਪ੍ਰਾਪਤ ਕੀਤਾ। ਤੇਰੇ ਬਿਨਾ ਮੇਰਾ ਹੋਰ ਕੋਈ ਨਹੀਂ ਤੇ ਗੁਰੂ ਸਾਹਿਬ ਦੇ ਹਰ ਹੁਕਮ ਅੱਗੇ ਭਾਈ ਜੀ ਨੇ ਆਪਣਾ ਸੀਸ ਝੁਕਾਇਆ।

**ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ ਤੁਧੁ ਬਿਨੁ ਅਵਰੁ ਨ ਜਾਨਣਿਆ ॥** (ਪੰਨਾ 132)

ਭਾਈ ਘਨ੍ਹੱਈਆ ਜੀ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਕਵ੍ਹਾ ਨਗਰ, ਜ਼ਿਲ੍ਹਾ ਅਟਕ ਜਿਹੜਾ ਹੁਣ ਪਾਕਿਸਤਾਨ ਵਿੱਚ ਹੈ, ਧਰਮ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ। ਪ੍ਰਭੂ ਭਗਤੀ, ਸਮਦ੍ਰਿਸ਼ਟਾ, ਨਿਸ਼ਕਾਮ ਸੇਵਾ, ਵੈਰਾਗ, ਹਰ ਜੀਵ ਵਿੱਚ ਪ੍ਰਭੂ ਜੋਤ ਵੇਖਣੀ, ਉਚ-ਆਦਰਸ਼,ਨਿਰਪੱਖਤਾ ਆਦਿ ਇਨ੍ਹਾਂ ਦੇ ਜੀਵਨ ਵਿੱਚ ਸਮਾਏ ਹੋਏ ਗੁਣ ਸਨ। ਨੌਂਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਆਪ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਪਹੁੰਚੇ ਤੇ ਦਰਸ਼ਨ ਕਰ ਕੇ ਨਿਹਾਲ ਹੋਏ। ਗੁਰੂ ਸਾਹਿਬ ਨੇ ਭਾਈ ਜੀ 'ਤੇ ਐਸੀ ਕ੍ਰਿਪਾ ਬਖਸ਼ਿਸ਼ ਕੀਤੀ ਕਿ ਸਾਰਾ ਜਗਤ ਹੀ ਭਾਈ ਜੀ ਲਈ 'ਹਰਿ ਕਾ ਰੂਪੁ' ਹੋ ਗਿਆ। ਗੁਰੂ ਜੀ ਦਾ ਹੁਕਮ ਮੰਨ ਕੇ ਭਾਈ ਘਨ੍ਹੱਈਆ ਜੀ ਫੇਰ ਕਵ੍ਹੇ ਪਿੰਡ ਚਲੇ ਗਏ ਅਤੇ ਉਥੇ ਰਹਿ ਕੇ ਸੇਵਾ ਸਿਮਰਨ ਦਾ ਪ੍ਰਵਾਹ ਤੇ ਪ੍ਰਚਾਰ ਆਰੰਭਿਆ।

ਅਦੁੱਤੀ ਅਤੇ ਨਿਸ਼ਕਾਮ ਸੇਵਾ ਦੇ ਮਹਾਨ ਸੇਵਾਈ ਭਾਈ ਘਨ੍ਹੱਈਆ ਜੀ ਨੂੰ ਯਾਦ ਕਰਦਿਆਂ ਸਿਰ ਸਤਿਕਾਰ ਸਹਿਤ ਝੁਕਦਾ ਹੈ ਕਿ ਉਹ ਪ੍ਰਭੂ ਬਖਸ਼ਿਸ਼ ਰੂਹ ਕਿਵੇਂ ਸਾਰਿਆਂ ਵਿੱਚ ਇਕ ਰੱਬ ਦੀ ਜੋਤਿ ਵੇਖ ਕੇ ਜਲ ਛਕਾਉਂਦੇ ਅਤੇ ਜ਼ਖ਼ਮਾਂ 'ਤੇ ਮਲ੍ਹਮ ਪੱਟੀ ਕਰਦੇ ਰਹੇ। ਇਹ ਸੇਵਾ ਸਿੱਖ ਪੰਥ ਦੇ ਫਲਸਫੇ ਵਿੱਚ ਅਗੰਮੀ ਵਿਚਾਰਧਾਰਾ ਦਾ ਸਪੱਸ਼ਟ ਅਤੇ ਪ੍ਰਤੱਖ ਪ੍ਰਮਾਣ ਹੈ। ਅਜੋਕੇ ਯੁੱਗ ਵਿੱਚ ਭਾਈ ਘਨ੍ਹੱਈਆ ਜੀ ਵਰਗੇ ਪੁਰਸ਼ ਜੋ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦੇ ਧਾਰਨੀ ਬਣੇ, ਵਰਗੀ ਸੋਚ ਹੋਣ ਦੀ ਬਜਾਏ ਵਿਰੋਧਮਈ ਹੋ ਕੇ ਹਉਮੈ ਦੇ ਚੱਕਰਾਂ ਵਿੱਚ ਗ੍ਰਸਤ ਹੋ ਚੁੱਕੀ ਹੈ ਕੋਈ ਕਿਸੇ ਦਾ ਭਲਾ ਕਰਨ ਵਾਲਾ ਵਿਰਲਾ ਹੀ ਹੈ। ਹਰ ਕਿਸੇ ਨੂੰ ਆਪੋ-ਆਪਣੀ ਪਈ ਹੈ। ਅੱਜ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਤਾਂ ਮੰਨਦੇ ਹਾਂ ਪਰ ਉਨ੍ਹਾਂ ਅੰਦਰ ਦਰਜ ਸਿਧਾਂਤਾਂ ਤੋਂ ਕੋਹਾਂ ਦੂਰ ਹਾਂ। ਗੁਰਮਤਿ ਸਿਧਾਂਤਾਂ ਦਾ ਧਾਰਨੀ ਕੋਈ-ਕੋਈ ਹੀ ਹੈ। ਸਾਡੀ ਕਥਨੀ ਤੇ ਕਰਨੀ ਵਿੱਚ ਭਿੰਨਤਾ ਹੈ।

ਉਚ ਇਖਲਾਕੀ ਜੀਵਨ ਵਾਲੀਆਂ ਮਹਾਨ ਸਖ਼ਸ਼ੀਅਤਾਂ ਹੀ ਕਿਸੇ ਕੌਮ ਦੇ ਗੌਰਵਮਈ ਇਤਿਹਾਸ ਦੀਆਂ ਸਿਰਜਣਹਾਰ ਹੁੰਦੀਆਂ ਹਨ। ਅਨੁਭੂਤੀਆਂ ਦੇ ਰੰਗਾਂ ਵਿੱਚ ਸਾਖਿਆਰਤਾ ਤੇ ਉਨ੍ਹਾਂ ਦੀਆਂ ਮਹਾਨ ਸਿਖਿਆਵਾਂ ਸਦੀਆਂ ਤਕ ਲੋਕਾਂ ਲਈ ਪ੍ਰੇਰਣਾ ਦਾ ਸਰੋਤ ਬਣੀਆਂ ਰਹਿੰਦੀਆਂ ਹਨ। ਰਾਜਨੀਤਕ ਦੁਨੀਆਂ ਵਿੱਚ ਵੱਖ-ਵੱਖ ਅਹੁਦੇ ਹਨ, ਵਿਦਿਆ ਸੰਸਾਰ ਵਿੱਚ ਭਿੰਨ-ਭਿੰਨ ਉਪਾਧੀਆਂ ਹਨ। ਏਵੇਂ ਹੀ ਅਧਿਆਤਮ ਮੰਡਲ ਵਿੱਚ ਵੀ ਵੱਖ-ਵੱਖ ਦਰਜੇ ਹਨ, ਗੁਰਮੁੱਖ, ਗਿਆਨੀ, ਰਿਸ਼ੀ-ਮੁਨੀ, ਸਾਧੂ, ਸੰਤ, ਭਗਤ ਆਦਿ। ਭਗਤ ਇਕ ਐਸੀ ਅਵਸਥਾ ਹੈ ਜੋ ਅਧਿਆਤਮ ਜਗਤ ਦੀ ਸਿਖਰਤਾ ਹੈ। ਜੀਵਨ ਦਾ ਸਾਰ ਪ੍ਰਮਾਤਮ ਰਸ, ਦੈਵੀ ਗੁਣਾਂ ਦੀ ਸਾਰੀ ਸਮਰੱਥਾ ਭਗਤ ਦੇ ਅੰਦਰ ਹੁੰਦੀ ਹੈ। ਸਾਡੇ ਦੇਸ਼ ਵਿੱਚ ਰਾਜਨੀਤੀ ਦੇ ਖੇਤਰ ਦਾ ਸਭ ਤੋਂ ਵੱਡਾ ਰੁਤਬਾ ਰਾਸ਼ਟਰਪਤੀ ਦਾ ਹੈ। ਧਾਰਮਿਕ ਦੁਨੀਆਂ ਵਿੱਚ ਭਗਤ ਸ੍ਰੇਸ਼ਟ ਹੈ ਭਗਤ ਪੂਰਨਪਦ ਹੈ। ਪੂਰਨ ਅਨੰਦ ਅਤੇ ਪੂਰਨ ਪ੍ਰਕਾਸ਼ ਹੈ। ਬੂੰਦ ਸਾਗਰ ਵਿੱਚ ਲੀਨ ਹੋ ਸਾਗਰ ਹੋ ਗਈ, ਇਵੇਂ ਹੀ ਪੁਰਖ ਪ੍ਰਮਾਤਮਾ ਵਿੱਚ ਲੀਨ ਹੋ ਪੁਰਖ ਪੂਰਨ ਹੋ ਜਾਂਦਾ ਹੈ। ਪੂਰਨ ਪੁਰਖ ਨੂੰ ਹੀ ਭਗਤ ਕਹਿੰਦੇ ਹਨ। ਬ੍ਰਹਿਮੰਡ ਵਿੱਚ ਪਰਮਾਤਮਾ ਸਭ ਤੋਂ ਵੱਡਾ ਸੱਚ ਹੈ। ਹੁਕਮੀ ਬੰਦੇ ਨੂੰ ਹੀ ਸਿੱਖ ਦੀ ਸੰਗਯਾ ਦਿੱਤੀ ਗਈ ਹੈ, ਏਸੇ ਮਾਰਗ ਤੇ ਚਲਦਿਆਂ ਹੀ ਸਵੈ-ਸਰੂਪ ਵਿੱਚ ਲੀਨਤਾ ਹੁੰਦੀ ਹੈ, 'ਸਫਲ ਸਫਲ ਭਈ ਸਫਲ ਜਾਤ੍ਰਾ' ਵਾਲੀ ਗੁਰ ਅਸੀਸ ਪ੍ਰਾਪਤ ਹੁੰਦੀ ਹੈ। ਨਾਮ ਰੰਗ ਰੱਤੀਆਂ, ਗੁਰੂ ਵਰੋਸਾਈਆਂ ਗੁਰਮੁੱਖ ਹਸਤੀਆਂ ਵਿੱਚੋਂ ਅਜਿਹੀ ਵਿਗਸੀ ਮੂਰਤ ਭਾਈ ਘਨ੍ਹੱਈਆ ਜੀ ਹੋਏ ਹਨ ਜੋ ਨਾਮ-ਸੇਵਾ ਦੀ ਲਾਲੀ ਨਾਲ ਦਗ ਦਗ ਕਰਦਾ ਨੂਰਾਨੀ ਚਿਹਰਾ ਹਰ ਪਾਸੇ ਖੇੜਾ ਵੰਡਦਾ ਸੀ। ਭਾਈ ਘਨ੍ਹੱਈਆ ਜੀ ਗੁਰੂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ, ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੀ ਤਾਬਿਆ ਰਹਿ ਨਾਮ ਸਿਮਰਨ ਤੇ ਸੰਗਤ ਲਈ ਜਲ ਤੇ ਲੰਗਰ ਦੀ ਸੇਵਾ ਦੇ ਨਾਲ ਗੁਰੂ ਘਰ ਦੇ ਘੋੜਿਆਂ ਦੀ ਸਾਂਭ-ਸੰਭਾਲ ਦੀ ਸੇਵਾ ਵੀ ਲੁੱਟਦੇ ਰਹੇ ਹਨ। ਉਨ੍ਹਾਂ ਨੂੰ ਗੁਰੂ ਦੀ ਗੋਦ ਦਾ ਨਿੱਘ ਮਾਨਣ ਦਾ ਸ਼ਰਫ ਹਾਸਲ ਹੈ। ਇਨ੍ਹਾਂ ਦੀ ਨਿਰਮਲ ਪ੍ਰੇਰਨਾ ਅਤੇ ਗੁਰਮਤਿ ਪ੍ਰਚਾਰ ਸਦਕਾ ਬੇਸ਼ੁਮਾਰ ਜੀਵਾਂ ਨੇ ਗੁਰੂ ਦਰਬਾਰ ਵਿੱਚ ਬੈਠਣ ਦਾ ਸੁਭਾਗ ਪ੍ਰਾਪਤ ਕੀਤਾ। ਭਾਈ ਘਨ੍ਹੱਈਆ ਜੀ ਰੱਬੀ ਬੰਦਗੀ ਵਿੱਚ ਲੀਨ ਹੋ ਸੰਗਤਾਂ ਨੂੰ ਬ੍ਰਹਮ ਵਿਦਿਆ ਦਾ ਦਾਨ, ਘਾਲ ਕਮਾਈ, ਵੈਰਾਗ, ਤਿਆਗ, ਗੁਰਬਾਣੀ ਦਾ ਸਤਿਕਾਰ, ਪ੍ਰੇਮ ਤੇ ਸ਼ਰਧਾ ਨਾਲ ਬਾਣੀ ਦਾ ਪਾਠ, ਨਿਤਨੇਮ, ਕਥਾ ਪ੍ਰਪੱਕਤਾ, ਗੁਰਸਿੱਖੀ ਲਈ ਸ਼ਰਧਾ, ਸਰਬੱਤ ਦੇ ਭਲੇ ਲਈ ਕਈ ਜੀਵਨ ਜੁਗਤ ਦੇ ਭੇਦ ਵੰਡਦੇ ਰਹੇ। ਐਸੇ ਮਹਾਨ ਵਿਅਕਤੀਆਂ ਦਾ ਜੀਵਨ ਬਿਰਤਾਂਤ ਜਗਿਆਸੂਆਂ ਲਈ ਪ੍ਰੇਰਨਾ ਸ੍ਰੋਤ ਹੁੰਦਾ ਹੈ। ਚੰਗੀ ਕਲਮ ਇਨ੍ਹਾਂ ਜੀਵਨ ਬਿਰਤਾਂਤਾਂ ਨੂੰ ਤੁਰਦੇ ਫਿਰਦੇ, ਜਿਉਂਦੇ ਜਾਗਦੇ ਬਣਾ ਦਿੰਦੀ ਹੈ। ਭਾਈ ਘਨ੍ਹੱਈਆ ਜੀ ਦੇ ਜੀਵਨ ਤੇ ਸੇਵਾ ਘਾਲ ਬਾਰੇ ਬਹੁਤ ਖੋਜ ਦੀ ਲੋੜ ਹੈ। ਬਹੁਤ ਘੱਟ ਜਾਣਕਾਰੀ ਉਨ੍ਹਾਂ ਬਾਰੇ ਉਪਲੱਬਧ ਹੈ। ਅਜਿਹੀਆਂ ਗੁਰੂ ਘਰ ਦੀਆਂ ਸ਼ਖ਼ਸੀਅਤਾਂ ਦਾ ਜੀਵਨ, ਇਤਿਹਾਸ ਤੇ ਉਨ੍ਹਾਂ ਵੱਲੋਂ ਕੀਤੀ ਕਮਾਈ ਦਾ ਜੀਵਨ ਬਿਓਰਾ ਨਾ ਮਿਲਣ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਵੀਹਵੀਂ ਸਦੀ ਦੇ ਪਹਿਲੇ ਦੂਜੇ ਦਹਾਕੇ ਵਿੱਚ ਚਿੰਤਾ ਵਿਅਕਤ ਕਰਦਿਆਂ ਲਿਖਿਆ ਸੀ ਕਿ ਠਪਿਛਲੀਆਂ ਦੋ ਸਦੀਆਂ ਅਠਾਰ੍ਹਵੀਂ ਤੇ ਉਨ੍ਹਵੀਂ ਸਦੀ ਵਿੱਚ ਖ਼ਾਲਸੇ ਨੇ ਆਪਣੇ ਫਰਜ਼ਾਂ ਨੂੰ ਇਸ ਖੂਬੀ ਨਾਲ ਨਿਭਾਇਆ ਹੈ ਕਿ ਸੰਸਾਰ ਭਰ ਦਾ ਇਤਿਹਾਸ ਉਸ ਦੀ ਉਦਾਹਰਣ ਪੇਸ਼ ਕਰਨ ਤੋਂ ਅਸਮਰੱਥ ਹੈ ਪਰ ਦੁੱਖ ਦੀ ਬਾਤ ਹੈ ਕਿ ਖਾਲਸੇ ਦੀ ਦੇਸ਼ ਰੱਖਿਆ ਵਾਸਤੇ ਵਾਹੀ ਤੇਗ, ਅਨਾਥਾਂ, ਮਜ਼ਲੂਮਾਂ ਦੇ ਬਚਾਓ ਲਈ ਕੀਤੀਆਂ ਕੁਰਬਾਨੀਆਂ ਤੇ ਪਰਜਾ ਦੀ ਇੱਜ਼ਤ ਤੇ ਹੁਰਮਤ ਲਈ ਡੋਲ੍ਹੇ ਖੂਨ ਦੇ ਨਕਸ਼ ਸਾਡੀ ਅਵੇਸਲਤਾ ਦੇ ਕਾਰਨ ਲੋਕਾਂ ਦੀਆਂ ਸਿਮਰਤੀਆਂ ਵਿੱਚੋਂ ਅਲੋਪ ਹੋ ਰਹੇ ਹਨ। ਰਾਜਸੀ ਮੱਲਾਂ ਦਾ ਸਿੱਖ ਇਤਿਹਾਸ, ਪੰਥਕ ਘਾਲਾਂ ਤੇ ਬੇਸ਼ੁਮਾਰ ਕੁਰਬਾਨੀਆਂ, ਜਗਿਆਸੂਆਂ, ਅਭਿਆਸੀਆਂ ਭਾਵ ਸਭ ਲਈ ਚਾਨਣ ਮੁਨਾਰੇ ਤੋਂ ਵੱਧ ਪ੍ਰਕਾਸ਼ ਪਾ ਸਕਦੀਆਂ ਹਨ। ਪਰ ਇਹ ਗੱਲਾਂ ਸਾਡੀ ਭੁੱਲ ਤੇ ਅਵੇਸਲੇਪਨ ਦੇ ਕਾਲੇ ਗੁਬਾਰ ਵਿੱਚ ਗੁੰਮ ਗਈਆਂ ਤੇ ਹੁੰਦੀਆਂ ਜਾ ਰਹੀਆਂ ਹਨ। ਉਨ੍ਹਾਂ ਦੀ ਯਾਦ ਵਿੱਚ ਕੀਤੇ ਜਾ ਰਹੇ ਸ਼ਤਾਬਦੀ ਸਮਾਗਮ ਤਾਂ ਸਫਲ ਤੇ ਗੁਣਕਾਰੀ ਹੋਣਗੇ ਜੇ ਅਸੀਂ ਭਾਈ ਜੀ ਦੇ ਆਦਰਸ਼ਾਂ, ਨਿਸ਼ਠਾ ਤੇ ਸ਼ਰਧਾ ਭਾਵਨਾ ਦਾ ਗਿਆਨ ਹਿਰਦੇ ਵਿੱਚ ਵਸਾ, ਗੁਰੂ ਘਰ ਦੀ ਸੇਵਾ ਦੇ ਧਾਰਨੀ ਹੋਈਏ। ਭਾਈ ਘਨ੍ਹੱਈਆ ਜੀ ਦੀ ਸ਼ਤਾਬਦੀ ਨੂੰ ਸਮਰਪਿਤ 20-21 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ ਗੁਰਮਤਿ ਸਮਾਗਮ ਕਰਵਾਏ ਜਾ ਰਹੇ। ਸੰਗਤਾਂ ਇਨ੍ਹਾਂ ਸਮਾਗਮਾਂ ਵਿਚ ਸ਼ਮੂਲੀਅਤ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।




# ਸਿੱਖ ਰਾਜ
## ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 49

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਮੁਰਾਦ ਬੇਗਮ ਨੂੰ ਖ਼ਿਤਾਬ ਉਮਦਾ ਬੇਗਮ ਦਾ ਵਿਆਹ

ਬੇਗਮ ਦੇ ਕਹਿਣ ਉੱਤੇ ਅਬਦਾਲੀ ਨੇ ਉਸ ਦੀ ਲੜਕੀ ਉਮਦਾ ਬੇਗਮ ਦਾ ਵਿਆਹਗਾਜ਼ੀਉੱਦੀਨ ਵਜ਼ੀਰ (ਜੋ ਪਹਿਲਾਂ ਤੋਂ ਉਹਦੇ ਕੋਲ ਸੀ) ਨਾਲ ਕੀਤਾ, ਤੇ ਉਸ ਨੂੰ ਦਿੱਲੀ ਦਾ ਵਜ਼ੀਰ ਰਹਿਣ ਦਿੱਤਾ। ਅਬਦਾਲੀ ਦੇ ਹੁਕਮ ਨਾਲ ਗਾਜ਼ੀਉੱਦੀਨ ਨੂੰ ਆਪਣੀਆਂ ਪਹਿਲੀਆਂ ਸਾਰੀਆਂ ਬੇਗਮਾਂ ਨੂੰ ਤਲਾਕ ਦੇਣਾ ਪਿਆ।

### ਆਗਰਾ ਮਥਰਾ ਲੁੱਟੇ

ਏਥੋਂ ਅੱਗੇ ਵਧ ਕੇ ਅਬਦਾਲੀ ਨੇ ਆਗਰਾ, ਮਥਰਾ ਤੇ ਬਿੰਦਾਬਨ ਲੁੱਟੇ ਤੇ ਸਾੜੇ। ਸਾਰਾ ਇਲਾਕਾ ਤਬਾਹ ਕਰ ਦਿੱਤਾ ਗਿਆ। ਪਤਾ ਨਹੀਂ ਅਬਦਾਲੀ ਅਜੇ ਕਿਥੋਂ ਤਕ ਪਹੁੰਚਦਾ, ਪਰ ਉਹਦੀ ਫ਼ੌਜ ਵਿਚ ਹੈਜ਼ਾ ਪੈ ਗਿਆ ਤੇ ਡੇਢ-ਡੇਢ ਸੌ ਮੌਤਾਂ ਰੋਜ਼ ਹੋਣ ਲੱਗੀਆਂ। ਇਸ ਵਾਸਤੇ ੩੧ ਮਾਰਚ ਨੂੰ ਅਬਦਾਲੀ ਫੇਰ ਦਿੱਲੀ ਆ ਗਿਆ।

### ਸੂਬਾ ਸਰਹਿੰਦ ਅਬਦਾਲੀ ਦੇ ਕਬਜ਼ੇ

ਲਾਹੌਰ,ਸਰਹਿੰਦ,ਕਸ਼ਮੀਰਤੇਪਿਸ਼ਾਵਰਤਾਂ ਪਹਿਲਾਂ ਹੀ ਅਬਦਾਲੀ ਦੇ ਰਾਜ ਨਾਲ ਮਿਲ ਚੁੱਕੇ ਸਨ, ਇਸ ਵਾਰ ਉਹਨੇ ਸੂਬਾਸਰਹਿੰਦ ਵੀ ਆਪਣੇ ਰਾਜ ਵਿਚ ਮਿਲਾ ਲਿਆ ਤੇ ਓਥੋਂ ਦਾ ਸੂਬੇਦਾਰਹਸ਼ਤ ਨਗਰ ਦਾ ਮੁਹੰਮਦਜ਼ਈ ਅਬਦੁੱਸਮੱਦ ਖ਼ਾਂ ਬਣਾਇਆ

### ਅਬਦੁੱਸਮੱਦ ਸਰਹਿੰਦ ਦਾ ਸੂਬੇਦਾਰ

ਅਤੇ ਸਦੀਕ ਬੇਗ ਖ਼ਾਂ ਉਸ ਦਾਨਾਇਬ। ਦਿੱਲੀ ਦਾ ਵਜ਼ੀਰ ਉਹ ਪਹਿਲਾਂ ਹੀਗਾਜ਼ੀਉੱਦੀਨ ਨੂੰ ਬਣਾ ਚੁੱਕਾ ਸੀ, ਹੁਣ ਨਜੀਬੁੱਦੌਲਾ ਨੂੰ ਦਿੱਲੀ ਸਰਕਾਰ ਦਾ 'ਮੀਰ ਬਖ਼ਸ਼ੀ' (ਪਰਧਾਨ ਸੈਨਾਪਤੀ) ਥਾਪ ਦਿੱਤਾ।

### ਨਜੀਬੁੱਦੌਲਾ ਸੈਨਾਪਤੀ

ਸਹੀ ਅਰਥਾਂ ਵਿਚ ਸਾਰੀ 'ਤਾਕਤ 'ਨਜੀਬੁੱਦੌਲਾ ਦੇ ਹੱਥ ਵਿਚ ਹੀ ਚਲੀ ਗਈ।

ਵਜ਼ੀਰ ਤੇ ਬਾਦਸ਼ਾਹ ਉਹਦੇ ਹੱਥਾਂ ਵਿਚ ਕਠਪੁਤਲੀ ਬਣ ਗਏ। ਇਕ ਵਾਰ ਫੇਰ ਦਿੱਲੀ ਵਿਚ ਹੂੰਝਾ ਫੇਰ ਕੇ, ਉਹ ਦੋ ਅਪ੍ਰੈਲ ਨੂੰ ਓਥੋਂ ਤੁਰਿਆ।

### ਦਿੱਲੀ ਦੀ ਲੁੱਟ

ਉਹਨੇ ਜਿਨਾਂ ਊਠਾਂ, ਘੋੜਿਆਂ, ਖੱਚਰਾਂ, ਹਾਥੀਆਂ ਤੇ ਗੱਡਿਆਂ ਉੱਤੇ ਲੁੱਟ ਦਾ ਮਾਲ ਲਦਿਆ ਹੋਇਆ ਸੀ, ਉਹਨਾਂ ਦੀ ਗਿਣਤੀ ਅਠਾਈ ਹਜ਼ਾਰ ਸੀ। ਉਸ ਨਾਲ ਅੱਸੀ ਹਜ਼ਾਰ ਫ਼ੌਜ ਸੀ। ਜਿਹੜੇ ਸਿਪਾਹੀ ਆਉਂਦੇ ਹੋਏ ਘੋੜਿਆਂ 'ਤੇ ਆਏ ਸਨ, ਉਹਨਾਂ ਨੂੰ ਜਾਂਦੀ ਵਾਰ ਪੈਦਲ ਜਾਣਾ ਪਿਆ, ਘੋੜਿਆਂ ਉੱਤੇ ਲੁੱਟ ਦਾ ਮਾਲ ਲੱਦਿਆ ਹੋਇਆ ਸੀ।

### ਸਿੰਘਾਂ ਦਾ ਕੰਮ

ਇਹ ਚਾਰ ਪੰਜ ਮਹੀਨੇ ਸਿੰਘਾਂ ਨੂੰ ਚੰਗੇ ਮਿਲ ਗਏ।ਜਿਹੜੇ ਪਿੰਡ ਉਹਨਾਂ ਦੀ ਰਾਖੀ ਵਿਚ ਨਹੀਂ ਸਨ, ਉਹ ਸਿੰਘਾਂ ਨੇ ਤਸੱਲੀ ਨਾਲ ਲੁੱਟੇ। ਅਜੇਹੇ ਰਾਜ ਰੌਲੇ ਵਿਚ ਕਈ ਕਿਸਮ ਦੇ ਲੁਟੇਰੇ ਲੋਕਾਂ ਨੂੰ ਲੁਟਿਆ ਕਰਦੇ ਸਨ। ਅਜੇਹੇ ਲੁਟੇਰਿਆਂ ਤੋਂ ਸਿੰਘਾਂ ਨੇ ਆਪਣੀ ਰਾਖੀ ਵਿਚ ਆਏ ਹੋਏ ਇਲਾਕਿਆਂ ਨੂੰ ਬਚਾਇਆ।

ਦੁਆਬ ਜਲੰਧਰ ਦਾ ਹਾਕਮ ਅਦੀਨਾ ਬੇਗ ਅਬਦਾਲੀ ਤੋਂ ਡਰਦਾ ਪਹਾੜਾਂ ਨੂੰ ਨੱਸ ਗਿਆ ਸੀ। ਹਾਕਮ ਤੋਂ ਸੁੰਵਾ ਇਲਾਕਾ ਸਿੰਘਾਂ ਨੇ ਲੁੱਟ ਲਿਆ ਤੇ ਸਰਕਾਰੀ ਕਰਮਚਾਰੀਆਂ ਤੇ ਚੌਧਰੀਆਂ ਨੂੰ ਚੰਗੀਆਂ ਸਜ਼ਾਵਾਂ ਦਿੱਤੀਆਂ।

### ਸਿੰਘਾਂ ਅਬਦਾਲੀ ਦੀ ਫ਼ੌਜ ਲੁੱਟੀ

ਜਿਸ ਵੇਲੇ ਦਿੱਲੀ ਲੁੱਟ ਕੇ ਅਬਦਾਲੀ ਵਾਪਸ ਮੁੜਿਆ, ਸਿੰਘ ਜੱਥੇ ਬਣਾ ਕੇ ਉਹਦੇ ਮਗਰ ਲੱਗ ਪਏ। ਉਹ ਹਰ ਪੜਾ ਉੱਤੇ ਰਾਤਛਾਪੇ ਮਾਰ ਕੇ ਅਬਦਾਲੀ ਦੀ ਫ਼ੌਜ ਨੂੰ ਲੁੱਟਣ ਲੱਗੇ।ਦੁਰਾਨੀ ਸਿਪਾਹੀ ਲੁੱਟ ਦੇ ਮਾਲ ਨਾਲ ਲੱਦੇ ਹੋਏ ਸਨ। ਇਸ ਹਾਲਤ ਵਿਚ ਉਹ ਟਾਕਰਾ ਕਰਨ ਤੋਂ ਅਸਮਰਥ ਸਨ। ਤੇ ਰੋਕਾ ਰੁਹਬ ਕਿਸੇ ਦਾ ਸਿੱਖ ਮੰਨਦੇ ਹੀ ਨਹੀਂ ਸਨ। ਕਰਨਾਲ ਤੋਂ ਲੈ ਕੇ ਝਨਾਂ ਤਕ ਜਾਂਦਿਆਂ ਸਿੰਘਾਂ ਨੇ ਲੁੱਟ ਵਿਚੋਂ ਆਪਣਾ ਹਿੱਸਾ ਚੰਗਾ ਵੰਡਾ ਲਿਆ ਤੇ ਹਜ਼ਾਰਾਂ ਦੁਰਾਨੀ ਸਿਪਾਹੀਆਂ ਨੂੰ ਭਾਰ ਤੋਂ ਵਿਹਲੇ ਕਰ ਦਿੱਤਾ।

### ਅਬਦਾਲੀ ਦੇ ਥਾਪੇ ਹਾਕਮ ਤੈਮੂਰ ਲਾਹੌਰ ਦਾ ਸੂਬੇਦਾਰ

ਕੁਛ ਦਿਨ ਅਬਦਾਲੀ ਲਾਹੌਰ ਰਿਹਾ ਤੇ ਇਲਾਕੇ ਦੇ ਹਾਕਮਾਂ ਦੀ ਵੰਡ ਕੀਤੀ। ਸਰਹਿੰਦ ਦਾ ਸੂਬੇਦਾਰ ਉਹ ਪਹਿਲਾਂ ਹੀ ਅਬਦੁੱਸਮੱਦ ਖ਼ਾਂ ਨੂੰ ਬਣਾ ਆਇਆ ਸੀ। ਜਲੰਧਰ ਦੁਆਬੇ ਦਾ ਫ਼ੌਜਦਾਰ ਨਾਸਰ ਅਲੀ ਥਾਪਿਆ। ਸਾਰੇ ਇਲਾਕੇ ਦੇ ਸਿਰ ਉੱਤੇ ਅਬਦਾਲੀ ਨੇ ਲਾਹੌਰ ਦਾ ਸੂਬੇਦਾਰ ਆਪਣੇ ਸ਼ਹਿਜ਼ਾਦੇ ਤੈਮੂਰ ਨੂੰ ਬਣਾਇਆ ਤੇ ਜਹਾਨ ਖ਼ਾਂ ਨੂੰ ਉਸਦਾ ਨਾਇਬ ਤੇ ਪਰਧਾਨ ਸੈਨਾਪਤੀ। ਸਿੱਖਾਂ ਨੇ ਰਾਤ ਛਾਪੇ ਮਾਰ-ਮਾਰ ਕੇ ਦੁਰਾਨੀਆਂ ਦਾ ਨੱਕ ਦਮ ਕਰ ਦਿੱਤਾ ਸੀ। ਸੋ, ਬਦਲਾ ਲੈਣ ਬਦਲੇ ਅਬਦਾਲੀ ਨੇ ਜਹਾਨ ਖ਼ਾਂ ਨੂੰ ਸਖ਼ਤ ਹੁਕਮ ਦਿੱਤਾ। ਸਿੰਘਾਂ ਦੇ ਮਗਰ ਗਸ਼ਤੀ ਫ਼ੌਜ ਚੜਾਈ ਗਈ। ਕੁਛ ਸਿੰਘ ਲੜ ਕੇ ਸ਼ਹੀਦ ਹੋਏ ਤੇ ਬਾਕੀ ਜੰਗਲਾਂ ਵਿਚ ਲੁਕ ਗਏ। ਅਬਦਾਲੀ ਅੜਾਂ ਤੁਰਿਆ, ਤਾਂ ਸਿੰਘ ਫੇਰ ਮਗਰ ਲੱਗ ਪਏ। ਤੈਮੂਰ ਤੇ ਜਹਾਨ ਖ਼ਾਂ ਕੋਲ ਦਸ ਹਜ਼ਾਰ ਦੁਰਾਨੀ ਫ਼ੌਜ ਛੱਡ ਕੇ ਅਬਦਾਲੀ ਵਾਪਸ ਕੰਧਾਰ ਚਲਾ ਗਿਆ।

### ਪੰਜਾਬ ਦੇ ਦਾਹਵੇਦਾਰ

ਲਾਹੌਰ ਵਿਚ ਹਕੂਮਤ ਪੱਕੀ ਕਰ ਕੇ ਜਹਾਨ ਖ਼ਾਂ ਨੇ ਸਿੱਖਾਂ ਦੇ ਵਿਰੁੱਧ ਚੜਾਈ ਕੀਤੀ। ਉਸ ਵੇਲੇ ਪੰਜਾਬ ਉੱਤੇ ਰਾਜ ਕਰਨ ਦੇ ਤਿੰਨ ਦਾਹਵੇਦਾਰ ਸਨ : ਦਿੱਲੀ ਦੇ ਮੁਗ਼ਲ, ਅਫ਼ਗਾਨਸਤਾਨ ਦੇ ਦੁਰਾਨੀ ਤੇ ਪੰਜਾਬ ਦੇ ਸਿੱਖ। ਮੁਗ਼ਲਾਂ ਨੇ ਅਫ਼ਗਾਨਾਂ ਅੱਗੇ ਹਥਿਆਰ ਸੁੱਟ ਦਿੱਤੇ ਸਨ, ਭਾਵ ਉਹਨਾਂ ਪੰਜਾਬ ਉੱਤੇ ਦੁਰਾਨੀਆਂ ਦਾ ਹੱਕ ਮੰਨ ਲਿਆ ਸੀ। ਹੁਣ ਘੋਲ ਦੁਰਾਨੀਆਂ ਤੇ ਸਿੱਖਾਂ ਵਿਚ ਰਹਿ ਗਿਆ ਸੀ। ਸਿੱਖ ਨਾ ਪੰਜਾਬ ਦੀ ਹਕੂਮਤ ਕਿਸੇ ਕੋਲੋਂ ਭਿੱਛਿਆ ਵਾਂਗ ਮੰਗਦੇ ਸਨ (ਸਗੋਂ ਕਿਸੇ ਦਾ ਬਖ਼ਸ਼ਿਆ ਹੋਇਆ ਰਾਜ ਲੈਣ ਵਾਸਤੇ ਵੀ ਤਿਆਰ ਨਹੀਂ ਸਨ) ਤੇ ਨਾ ਕਿਸੇ ਨੂੰ ਪੰਜਾਬ ਉੱਤੇ ਰਾਜ ਕਰਨ ਦੇਂਦੇ ਸਨ। ਜਹਾਨ ਖ਼ਾਂ ਸਿੱਖਾਂ ਦੇ ਸੁਭਾ ਤੋਂ ਚੰਗੀ ਤਰਾਂ ਜਾਣੂ ਸੀ। ਉਹਨੂੰ ਇਸ ਗੱਲ ਦਾ ਯਕੀਨ ਸੀ, ਕਿ ਸਿੱਖਾਂ ਨੂੰ ਤਬਾਹ ਕੀਤਿਆਂ ਬਿਨਾਂ ਜਾਂ ਬੇਹੌਸਲਾ ਕੀਤਿਆਂ ਬਿਨਾਂ ਪੰਜਾਬ ਵਿਚ ਅਮਨ ਦਾ ਰਾਜ ਕਰਨਾ ਔਖਾ ਹੀ ਨਹੀਂ, ਅਸੰਭਵ ਹੈ।

☛ ਬਾਕੀ ਅਗਲੇ ਅੰਕ ਵਿਚ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਲਿਖਤ : ਅਜੈਪਾਲ ਸਿੰਘ ਚਵਿੰਡਾ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਸਨ। ਆਪ ਜੀ ਸਿੱਖਾਂ ਦੇ ਨੌਵੇਂ ਗੁਰੂ ਵੱਜੋਂ ਗੁਰਗੱਦੀ ਉੱਤੇ ਬਿਰਾਜਮਾਨ ਹੋਏ। ਆਪ ਬਚਪਨ ਤੋਂ ਹੀ ਵੈਰਾਗੀ ਅਤੇ ਉਪਰਾਮ ਤਬੀਅਤ ਦੇ ਮਾਲਕ ਸਨ। ਆਪ ਜੀ ਬਾਬਾ ਬਕਾਲਾ ਵਿਖੇ ਸਾਰਾ ਸਮਾਂ ਬਾਣੀ ਸਿਮਰਨ ਅਤੇ ਪ੍ਰਭੂ ਰੰਗ ਵਿਚ ਲੀਨ ਰਹਿੰਦੇ ਸਨ। ਸੰਨ 1664 ਈ. ਵਿਚ ਗੁਰਿਆਈ ਗੁਰਗੱਦੀ ਮਿਲਣ ਉਪਰੰਤ ਆਪ ਨੇ ਆਨੰਦਪੁਰ ਸਾਹਿਬ ਨੂੰ ਸਿੱਖੀ ਪ੍ਰਚਾਰ ਦਾ ਸਥਾਨ ਬਣਾਇਆ ਅਤੇ ਉਥੇ ਰਹਿ ਕੇ ਬਾਣੀ ਦੀ ਰਚਨਾ ਕੀਤੀ।

ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸਨ ਇਸ ਕਾਰਨ ਗੁਰੂ ਜੀ ਦੀਆਂ ਰਚਨਾਵਾਂ ਵਿਚ ਵਧੇਰੇ ਕਰਕੇ ਵੈਰਾਗ ਹੀ ਝਲਕਦਾ ਹੈ ਜਿਵੇਂ-

ਸੋਰਠਿ ਮਹਲਾ 9
ਜੋ ਨਰ ਦੁਖ ਮਹਿ ਦੁਖ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ॥ਰਹਾਉ॥ (ਆਦਿ ਗ੍ਰੰਥ, ਪੰਨਾ 633)

ਇਕ ਹੋਰ ਉਦਾਹਰਨ ਇਸ ਪ੍ਰਕਾਰ ਹੈ-

ਦੇਵਗੰਧਾਰੀ ਮਹਲਾ 9
ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ॥ਰਹਾਉ॥
(ਆਦਿ ਗ੍ਰੰਥ, ਪੰਨਾ 536)

ਆਪ ਜੀ ਦੀ ਇਕ ਰਚਨਾ 'ਸਾਧੋ ਮਨ ਕਾ ਮਾਨ ਤਿਆਗਉ' ਸ਼ਬਦ ਨੂੰ ਪੰਡਿਤ ਵਿਸ਼ਨੂੰ ਦਿਗੰਬਰ ਨੇ ਰਾਗ ਮੀਆਂ ਮਲਾਰ ਵਿਚ ਨਿਬੱਧ ਕਰਕੇ ਗਾਇਆ ਹੈ।

**ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ-**

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਆਪਣਾ ਮਹਾਨ ਯੋਗਦਾਨ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਚਾਰ ਪਾਤਸ਼ਾਹੀਆਂ ਮਾਝੇ ਅਤੇ ਦੁਆਬੇ ਵਿਚ ਹੀ ਧਰਮ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੀ ਜੜ੍ਹ ਪੱਕੀ ਕਰਦੀਆਂ ਰਹੀਆਂ ਸਨ। ਸਿਰਫ ਛੇਵੇਂ ਪਾਤਸ਼ਾਹ ਹੀ ਪੀਲੀਭੀਤ ਤੱਕ ਗਏ ਸਨ। ਸੋ ਮਾਲਵੇ ਬਾਂਗਰ ਆਦਿ ਇਲਾਕਿਆਂ ਵਿਚ ਜਾਣ ਦੀ ਲੋੜ ਗੁਰੂ ਜੀ ਨੇ ਮਹਿਸੂਸ ਕੀਤੀ ਇਸ ਕਰਕੇ ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਆਪਣਾ ਪੱਕਾ ਸਥਾਨ ਬਣਾਇਆ ਤੇ ਧਰਮ ਪ੍ਰਚਾਰ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ।

**ਰਾਗ ਅਧੀਨ ਬਾਣੀ ਦੀ ਰਚਨਾ-**

ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਰਾਗ ਅਧੀਨ ਬਾਣੀ ਦੀ ਰਚਨਾ ਕੀਤੀ। ਗੁਰੂ ਜੀ ਦੀ ਸਮੁੱਚੀ ਬਾਣੀ ਵਿਚ ਵਿਲੱਖਣਤਾ ਅਤੇ ਮੌਲਿਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਆਪ ਜੀ ਦੀ ਬਾਣੀ ਵਿਚ ਸੰਗੀਤਾਤਮਕਤਾ ਦੀ ਨਵੀਂ ਨੁਹਾਰ ਵੀ ਸਾਹਮਣੇ ਆਉਂਦੀ ਹੈ ਅਤੇ ਆਪ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਤੇ ਰਾਮ ਨਾਮ ਸਿਮਰਨ ਦੇ ਵਿਚਾਰ ਪ੍ਰਬਲ ਹਨ।

ਗੁਰੂ ਜੀ ਨੇ ਕੁਲ 17 ਰਾਗਾਂ ਵਿਚ ਬਾਣੀ ਉਚਾਰੀ ਜਿਵੇਂ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਸਾਰੰਗ, ਜੈਜਾਵੰਤੀ ਆਦਿ। ਜੈਜਾਵੰਤੀ ਰਾਗ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ ਹੈ।

**ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ-**

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਹਿੱਤ ਗੁਰੂ ਜੀ ਨੇ ਵੱਖ-ਵੱਖ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ ਹੈ। ਆਪ ਜੀ ਨੇ ਬਾਣੀ ਨੂੰ ਉਚਾਰਨ ਲਈ ਪਦੇ, ਅਸ਼ਟਪਦੀਆਂ ਆਦਿ ਗੰਭੀਰ ਪ੍ਰਕਿਰਤੀ ਵਾਲੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਬਹੁਤ ਮਹੱਤਵ ਹੈ। ਆਪ ਜੀ ਦੇ ਸੰਬੰਧ ਵਿਚ ਇਹ ਵੀ ਪ੍ਰਚਲਿਤ ਹੈ ਕਿ ਇਕ ਵਾਰੀ ਆਪ ਜੌਨਪੁਰ ਵਿਖੇ ਗਏ ਉਥੇ ਰਾਗੀ ਗੁਰਬਖ਼ਸ਼ ਜੀ ਦੇ ਘਰ ਕੁਝ ਸਮਾਂ ਠਹਿਰੇ ਅਤੇ ਉਸਨੂੰ ਕੀਰਤਨ ਲਈ ਮਿਰਦੰਗ ਸਾਜ਼ ਦੀ ਬਖਸ਼ਿਸ਼ ਕੀਤੀ। ਮਿਰਦੰਗ ਸਾਜ਼ ਗੁਰਦੁਆਰਾ ਸੰਗਤਿ ਮ੍ਰਿਦੰਗਾਵਲੀ ਜੌਨਪੁਰ ਵਿਖੇ ਅੱਜ ਵੀ ਵਿਸ਼ੇਸ਼ ਸਨਮਾਨ ਸਹਿਤ ਸੁਰੱਖਿਅਤ ਪਿਆ ਹੈ।

**ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ-**

ਗੁਰੂ ਜੀ ਨੇ ਆਪਣੇ ਤੋਂ ਪੂਰਵ ਗੁਰੂ ਸਾਹਿਬਾਨਾਂ ਦੁਆਰਾ ਚਲਾਈ ਗਈ ਕੀਰਤਨ ਪਰੰਪਰਾ ਨੂੰ ਕਿਰਿਆਤਮਕ ਤੌਰ ਤੇ ਸੁਰੱਖਿਅਤ ਹੀ ਨਹੀਂ ਰੱਖਿਆ ਸਗੋਂ ਨਿੱਜੀ ਯੋਗਦਾਨ ਦੁਆਰਾ ਪ੍ਰਫੁੱਲਤ ਵੀ ਕੀਤਾ। ਆਪ ਜੀ ਨੇ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਹਨਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਸੋਦਰਿ ਦੀ ਚੌਕੀ ਦਾ ਕੀਰਤਨ ਹੁੰਦਾ ਸੀ।

**ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ-**

ਪਹਿਲੇ ਗੁਰੂ ਜੀ ਤੋਂ ਲੈ ਕੇ ਜੋ ਪਰੰਪਰਾ ਚੱਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚੱਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ।

ਉਪਰੋਕਤ ਵਿਚਾਰਧਾਰਾ ਅਨੁਸਾਰ ਸਪੱਸ਼ਟ ਹੈ ਕਿ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਹਨਾਂ ਬਾਣੀ ਦੀ ਪ੍ਰਸਤੁਤੀ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਕਿਰਿਆਤਮਕ ਰੂਪ ਵਿਚ ਪ੍ਰਫੁੱਲਤ ਕਰਨ ਦਾ ਯਤਨ ਕੀਤਾ। ਉਹਨਾਂ ਗੁਰਮਤਿ ਸੰਗੀਤ ਨੂੰ ਵਿਭਿੰਨ ਰਾਗਾਂ, ਗਾਇਨ-ਸ਼ੈਲੀਆਂ ਅਤੇ ਉਪਕਰਨਾਂ ਸਹਿਤ ਵਿਸਤ੍ਰਿਤ ਅਤੇ ਕਿਰਿਆਤਮਕ ਰੂਪ ਦਿੱਤਾ। ਗੁਰੂ ਜੀ ਨੇ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨਕਾਰ, ਸਾਜ਼ ਆਦਿ ਦੇ ਵਿਕਾਸ ਵਿਚ ਜਿਹੜਾ ਯੋਗਦਾਨ ਪਾਇਆ ਉਸ ਦੇ ਫਲਸਰੂਪ ਗੁਰਮਤਿ ਸੰਗੀਤ ਸਾਡੇ ਕੋਲ ਇਕ ਵਡੇਰੀ ਪਰੰਪਰਾ ਵੱਜੋਂ ਵਿਦਮਾਨ ਹੈ। ਇਸ ਦੇ ਨਾਲ ਹੀ ਇਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਇਸ ਨੂੰ ਸਿੱਖੀ ਜੀਵਨ ਦੇ ਰੋਜ਼ਾਨਾ ਅਤੇ ਵਿਸ਼ੇਸ਼ ਕਰ ਸਮਾਗਮ, ਉਤਸਵਾਂ ਆਦਿ ਦਾ ਅਨਿਖੜ ਅੰਗ ਬਣਾ ਕੇ ਸਜੀਵ ਅਤੇ ਵਿਹਾਰਕ ਰੂਪ ਵੀ ਪ੍ਰਦਾਨ ਕੀਤਾ। ਉਕਤ ਚਰਚਾ ਦੇ ਅੰਤਰਗਤ ਵਰਨਿਤ ਵਿਕਾਸ ਸੰਖੇਪ ਰੂਪ ਵਿਚ ਕੀਤਾ ਗਿਆ ਹੈ ਜਿਸ ਕਰਕੇ ਇਸ ਸੰਬੰਧੀ ਵਿਸਤ੍ਰਿਤ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ।

# ਮਨੁੱਖਤਾ ਨੂੰ ਮੌਤ ਦੇ ਖੂਹ ਵੱਲ ਧੱਕਣ ਵਾਲੇ ਸਿਸਟਮ ਵਿਰੁੱਧ ਸੰਘਰਸ਼ ਸਮੇਂ ਦੀ ਲੋੜ

ਲੇਖਕ : ਬਲਵਿੰਦਰ ਸਿੰਘ ਭੁੱਲਰ ਸੰਪਰਕ : 98882 - 75913

ਮਨੁੱਖ ਅਤੇ ਪਸ਼ੂ ਵਿਚਕਾਰ ਇਹੋ ਅੰਤਰ ਹੈ ਕਿ ਮਨੁੱਖ ਆਪਣੇ ਚੰਗੇ ਮਾੜੇ, ਆਲੇ ਦੁਆਲੇ, ਪਰਿਵਾਰ ਤੇ ਸਮਾਜ ਬਾਰੇ ਪੂਰਾ ਗਿਆਨ ਰੱਖਦਾ ਹੈ ਅਤੇ ਸਮਾਜ ਦੇ ਸਹਿਯੋਗ ਨਾਲ ਚੰਗਾ ਜੀਵਨ ਬਸਰ ਕਰਦਾ ਹੈ, ਜਦੋਂ ਕਿ ਪਸ਼ੂ ਨੂੰ ਅਜਿਹਾ ਕੋਈ ਗਿਆਨ ਨਹੀਂ ਹੁੰਦਾ, ਉਸ ਨੂੰ ਸਿਰਫ਼ ਚਾਰਾ ਖਾਣ ਤੇ ਗੋਹਾ ਕਰਨ ਦੀ ਸੋਝੀ ਹੁੰਦੀ ਹੈ। ਪਰ ਜੇ ਗਿਆਨਵਾਨ ਮਨੁੱਖ ਸਮਾਜਿਕ ਕੁਰੀਤੀਆਂ, ਨਾ ਇਨਸਾਫੀ ਅਤੇ ਬੇਕਦਰੀ ਦਾ ਸ਼ਿਕਾਰ ਹੋ ਜਾਵੇ ਤਾਂ ਉਸਦੀ ਸੋਝੀ ਵੀ ਸਹੀ ਕੰਮ ਕਰਨ ਤੋਂ ਹਟਦੀ ਜਾਂਦੀ ਹੈ। ਅਜਿਹੇ ਸਮੇਂ ਉਹ ਜਾਂ ਤਾਂ ਕਿਸੇ ਅਖੌਤੀ ਤੇ ਅਦਿੱਖ ਰੱਬ 'ਤੇ ਭਰੋਸਾ ਕਰਕੇ ਜੀਵਨ ਜਿਊਣ ਲਗਦਾ ਹੈ, ਇਹ ਜੀਵਨ ਭਾਵੇਂ ਗੰਦੀ ਨਾਲੀ ਦੇ ਕੀੜੇ ਵਰਗਾ ਹੀ ਹੋਵੇ, ਜਾਂ ਫਿਰ ਦਿਲ ਨੂੰ ਕਰੜਾ ਕਰਕੇ ਸਮਾਜ ਨੂੰ ਅਲਵਿਦਾ ਕਹਿ ਕੇ ਕਿਸੇ ਅਗਲੇ ਜਹਾਨ ਵੱਲ ਹੋ ਤੁਰਦਾ ਹੈ, ਜਿਸਨੂੰ ਆਮ ਲੋਕਾਂ ਦੀ ਭਾਸ਼ਾ ਵਿੱਚ ਖੁਦਕੁਸ਼ੀ ਜਾਂ ਆਤਮ ਹੱਤਿਆ ਕਹਿੰਦੇ ਹਨ। ਜੇ ਅਜਿਹੀ ਸਥਿਤੀ ਬਣ ਜਾਵੇ ਤਾਂ ਉਹ ਉਸ ਇਨਸਾਨ ਤੇ ਉਸਦੇ ਪਰਿਵਾਰ ਲਈ ਤਾਂ ਦੁਖਦਾਈ ਹੋਵੇਗੀ ਹੀ, ਸਮਾਜ ਲਈ ਵੀ ਸ਼ਰਮਨਾਕ ਹੈ ਅਤੇ ਇਸ ਨਾਲ ਲੋਕਾਂ ਵਿੱਚ ਨਿਰਾਸਤਾ ਅਤੇ ਚਿੰਤਾ ਪੈਦਾ ਹੋ ਸਕਦੀ ਹੈ। ਇਹ ਸ਼ਬਦ ਲਿਖਣ ਬਾਰੇ ਮਨ ਵਿੱਚ ਖਿਆਲ ਆਇਆ ਤਾਂ ਇੱਕ ਵਾਰ ਕਲਮ ਰੁਕ ਗਈ ਕਿ ਅਜਿਹੇ ਕਮਜ਼ੋਰ ਤੇ ਨਿਰਾਸ਼ਾਜਨਕ ਸ਼ਬਦ ਨਾ ਲਿਖੇ ਜਾਣ। ਫਿਰ ਉਸ ਨੌਜਵਾਨ ਜਸਵਿੰਦਰ ਸਿੰਘ ਪੂਹਲੀ ਨੇ ਮਨ ਨੂੰ ਝੰਜੋੜਾ ਦਿੱਤਾ ਕਿ ਨਹੀਂ! ਹੁਣ ਰੁਕਣਾ ਨਹੀਂ ਚਾਹੀਦਾ। ਬਠਿੰਡਾ ਜ਼ਿਲ੍ਹੇ ਦੇ ਪਿੰਡ ਪੂਹਲੀ ਦੇ ਇਸ ਨੌਜਵਾਨ ਨੇ ਕੁਝ ਦਿਨ ਪਹਿਲਾਂ ਹੀ ਆਪਣੇ ਪਿੰਡ ਦੇ ਬਾਹਰ ਨਥਾਨਾ ਸੜਕ 'ਤੇ ਆਪਣੀ ਗੱਡੀ ਵਿੱਚ ਬੈਠ ਕੇ ਕੋਈ ਜ਼ਹਿਰੀਲੀ ਵਸਤੂ ਨਿਗਲ ਲੈਣ ਉਪਰੰਤ ਮੋਬਾਇਲ ਫੋਨ ਉੱਤੇ ਲਾਈਵ ਹੋ ਕੇ ਇਸ ਰੰਗਲੀ ਦੁਨੀਆਂ ਤੋਂ ਸਦਾ ਲਈ ਵਿਦਾਇਗੀ ਲੈ ਲਈ ਸੀ।

ਜਸਵਿੰਦਰ ਸਿੰਘ ਪੱਤਰਕਾਰੀ ਕਰਦਾ ਸੀ, ਗਾਇਕ ਸੀ ਤੇ ਗੀਤਕਾਰ ਵੀ ਸੀ। ਉਹ ਸਮਾਜ ਸੇਵੀ ਤੇ ਜਾਗਰੂਕ ਵਿਅਕਤੀ ਸੀ, ਪਰ ਫਿਰ ਵੀ ਉਸ ਨੂੰ ਅਜਿਹਾ ਕਦਮ ਕਿਉਂ ਚੁੱਕਣਾ ਪਿਆ, ਇਹ ਉਸਦੀ ਲੋਕਾਂ ਨਾਲ ਕੀਤੀ ਸਿੱਧੀ ਗੱਲਬਾਤ ਤੋਂ ਕਾਫ਼ੀ ਸਪਸ਼ਟ ਹੋ ਜਾਂਦਾ ਹੈ। ਉਸਨੇ ਆਪਣੀ ਲਾਈਵ ਚਰਚਾ ਵਿੱਚ ਕਿਹਾ, "ਮੈਂ ਹਾਰ ਗਿਆ, ਤੁਸੀਂ ਇਸ ਕਦਮ ਨੂੰ ਗਲਤ ਵੀ ਕਹਿ ਸਕਦੇ ਹੋ, ਪਰ ਮੈਂ ਮਜਬੂਰ ਸੀ। ਕਈ ਸਾਲ ਹੋ ਗਏ ਮੈਨੂੰ ਸਿਸਟਮ ਨਾਲ ਲੜਦਿਆਂ, ਤਿੰਨ ਵਿਅਕਤੀਆਂ ਨੇ ਮੈਨੂੰ ਬਰਬਾਦ ਕਰ ਦਿੱਤਾ ਅਤੇ ਚੌਥੇ ਨੇ ਮੇਰੇ ਨਾਲ ਧੋਖਾ ਕੀਤਾ ਹੈ। ਮੇਰੀ ਜ਼ਮੀਨ ਜਾਇਦਾਦ ਵਿਕਵਾ ਦਿੱਤੀ। ਮੈਂ ਬੱਚਿਆਂ ਦਾ ਕੋਈ ਸ਼ੌਕ ਪੂਰਾ ਨਹੀਂ ਕਰ ਸਕਦਾ, ਜ਼ਰੂਰਤ ਪੂਰੀ ਨਹੀਂ ਕਰ ਸਕਦਾ। ਮੈਂ ਅੰਗਹੀਣ ਹਾਂ, ਮੇਰੇ ਬੱਚਿਆਂ ਦੇ ਹੁਣ ਨਿੱਕਰਾਂ ਵੀ ਪਾਟੀਆਂ ਹੋਈਆਂ ਪਾਈਆਂ ਹਨ, ਜਿਹੜੇ ਬਾਪ ਦੀ ਹੈਸੀਅਤ ਹੀ ਇੰਨੀ ਹੈ, ਉਸ ਨੂੰ ਜਿਉਣ ਦਾ ਕੀ ਹੱਕ ਹੈ? ਮੈਂ ਜ਼ਹਿਰੀਲੀ ਚੀਜ਼ ਨਿਗਲ ਲਈ ਹੈ, ਹੁਣ ਪ੍ਰਮਾਤਮਾ ਦੇ ਹੱਥ ਹੈ ਕਿ ਜਾਨ ਬਖ਼ਸ਼ੇ ਜਾਂ ਨਾ।"

ਇਹ ਵੀ ਸਚਾਈ ਹੈ ਕਿ ਮੌਤ ਨੂੰ ਗਲੇ ਲਾਉਣਾ ਕੋਈ ਆਸਾਨ ਕੰਮ ਨਹੀਂ ਹੁੰਦਾ, ਉਹ ਆਪਣੇ ਅਧੂਰੇ ਕੰਮਾਂ ਨੂੰ ਯਾਦ ਕਰਦਾ ਕਹਿੰਦਾ ਹੈ, "ਮੈਂ ਆਪਣੇ ਬਜ਼ੁਰਗ ਪਿਤਾ ਤੋਂ ਮੁਆਫ਼ੀ ਮੰਗਦਾ ਹਾਂ ਕਿਉਂਕਿ ਉਸ ਨੂੰ ਸਾਂਭਣ ਸਮੇਂ ਮੈਂ ਇਹ ਫੈਸਲਾ ਕਰ ਲਿਆ। ਮੈਂ ਬੱਚਿਆਂ ਤੋਂ ਮੁਆਫ਼ੀ ਮੰਗਦਾ ਹਾਂ ਕਿ ਮੈਂ ਤੁਹਾਡਾ ਕੋਈ ਸ਼ੌਕ ਪੂਰਾ ਨਹੀਂ ਕਰ ਸਕਿਆ। ਜਦੋਂ ਪਿੰਡ, ਸਮਾਜ ਤੇ ਰਿਸ਼ਤੇਦਾਰਾਂ ਨੇ ਨਕਾਰ ਦਿੱਤਾ, ਫਿਰ ਬੰਦਾ ਜਿਊਗਾ ਕਿਵੇਂ? ਪਰ ਮੈਂ ਮਨੋਹਰ ਸਿੰਘ ਤੇ ਕੁਝ ਹੋਰ ਵਿਅਕਤੀਆਂ ਦਾ ਧੰਨਵਾਦ ਵੀ ਕਰਦਾ ਹਾਂ ਜਿਹਨਾਂ ਔਖੇ ਸਮੇਂ ਮੇਰੀ ਮਦਦ ਕੀਤੀ ਹੈ।"

ਇਸਦੇ ਨਾਲ ਹੀ ਉਹ ਆਪਣੀ ਗਰੀਬੀ ਦਾ ਹਵਾਲਾ ਦੇ ਕੇ ਅਰਜ਼ੀਆਂ ਪੱਤਰਾਂ ਤੇ ਚਿੱਠੀਆਂ ਨਾਲ ਮੰਗੇ ਇਨਸਾਫ਼ ਦਾ ਰੋਣਾ ਰੋਂਦਾ ਹੋਇਆ ਕਹਿੰਦਾ ਹੈ, "ਮੈਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਮੁੱਖ ਮੰਤਰੀ ਪੰਜਾਬ, ਚੀਫ ਜਸਟਿਸ ਪੰਜਾਬ ਤੇ ਹਰਿਆਣਾ ਹਾਈਕੋਰਟ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ, ਅਮਰਿੰਦਰ ਸਿੰਘ ਰਾਜਾ ਵੜਿੰਗ, ਮਨਦੀਪ ਸਿੰਘ ਮੰਨਾ ਨੂੰ ਚਿੱਠੀਆਂ ਲਿਖ ਕੇ ਸਹਾਇਤਾ ਮੰਗੀ ਪਰ ਮੇਰੀ ਕਿਸੇ ਨੇ ਬਾਤ ਨਹੀਂ ਪੁੱਛੀ। ਭਗਵੰਤ ਮਾਨ ਨੇ ਮੌਜੂਦਾ ਸਰਕਾਰ ਬਣਨ ਤੋਂ ਪਹਿਲਾਂ ਸਰਕਾਰ ਬਣਨ 'ਤੇ ਮਸਲੇ ਦੇ ਹੱਲ ਦਾ ਭਰੋਸਾ ਦਿੱਤਾ ਸੀ, ਪਰ ਉਹਨਾਂ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਮੈਂ ਉਨ੍ਹਾਂ ਨੂੰ ਮਿਲਣ ਦਾ ਕਈ ਵਾਰ ਯਤਨ ਤਾਂ ਕੀਤਾ ਪਰ ਮਿਲ ਨਹੀਂ ਸਕਿਆ।"

ਉਹ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਉਸ ਦੀ ਇਹ ਆਖ਼ਰੀ ਵੀਡੀਓ ਭਗਵੰਤ ਮਾਨ ਨੂੰ ਜ਼ਰੂਰ ਭੇਜੀ ਜਾਵੇ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਉਸਦਾ ਇਹ ਅਸਲ ਮਾਮਲਾ ਕੀ ਸੀ। ਕਈ ਸਾਲ ਪਹਿਲਾਂ ਇੱਕ ਚਿੱਟ ਫੰਡ ਕੰਪਨੀ ਚਲਾਉਣ ਵਾਲੇ ਭੁੱਚੋ ਮੰਡੀ ਦੇ ਦੋ ਭਰਾਵਾਂ ਨੇ ਉਸਦੀ ਜ਼ਮੀਨ ਵਿਕਵਾ ਕੇ ਸਾਰਾ ਪੈਸਾ ਕੰਪਨੀ ਦੇ ਖਾਤੇ ਲਗਵਾ ਕੇ ਕਈ ਗੁਣਾ ਵਧਾਉਣ ਦਾ ਭਰੋਸਾ ਦਿੱਤਾ ਸੀ। ਪਰ ਬਾਅਦ ਵਿੱਚ ਇਸ ਕੰਪਨੀ ਵੱਲੋਂ ਉਸ ਨੂੰ ਕੁਝ ਵੀ ਨਾ ਦਿੱਤਾ ਗਿਆ। ਉਸਨੇ ਪ੍ਰੈੱਸ ਕਾਨਫਰੰਸਾਂ ਕਰਕੇ ਸੱਚ ਸਾਹਮਣੇ ਲਿਆਂਦਾ, ਥਾਨਿਆਂ ਤਕ ਪਹੁੰਚ ਕੀਤੀ ਪਰ ਕਿਸੇ ਨਾ ਸੁਣੀ। ਉਸਨੇ ਮਾਨਯੋਗ ਅਦਾਲਤ ਵਿੱਚ ਕਈ ਸਾਲ ਪਹਿਲਾਂ ਕੇਸ ਦਾਇਰ ਕੀਤਾ, ਪਰ ਇਨਸਾਫ਼ ਨਾ ਮਿਲਿਆ। ਉਹ ਕਹਿੰਦਾ ਸੀ ਕਿ ਮੈਂ ਗਰੀਬ ਆਦਮੀ ਮੁਕੱਦਮਿਆਂ 'ਤੇ ਪੈਸਾ ਨਹੀਂ ਖਰਚ ਸਕਦਾ, ਜਦੋਂ ਕਿ ਮੁਲਜ਼ਮਾਂ ਕੋਲ ਥੱਬਿਆਂ ਦੇ ਥੱਬੇ ਪੈਸੇ ਹਨ। ਸਭ ਪਾਸਿਆਂ ਤੋਂ ਨਿਰਾਸ ਹੋ ਕੇ ਉਹ ਆਪਣੇ ਆਪ ਨੂੰ ਹਾਰਿਆ ਹੋਇਆ ਸਮਝ ਗਿਆ ਅਤੇ ਵੱਡਾ ਫੈਸਲਾ ਕਰ ਬੈਠਾ।

ਗੱਲ ਕੇਵਲ ਉਸਦੀ ਮੌਤ ਦੀ ਹੀ ਨਹੀਂ, ਅਸਲ ਗੱਲ ਉਸ ਹਾਲਾਤ ਦੀ ਹੈ ਜਿਸਨੇ ਅਜਿਹਾ ਕਦਮ ਚੁੱਕਣ ਲਈ ਉਸਨੂੰ ਮਜਬੂਰ ਕੀਤਾ। ਇੱਕ ਆਮ ਵਿਅਕਤੀ ਕਿੱਥੋਂ ਤਕ ਪਹੁੰਚ ਕਰ ਸਕਦਾ ਹੈ? ਉਸਨੇ ਸਮਰੱਥਾ ਅਨੁਸਾਰ ਥਾਣੇ ਤੋਂ ਲੈ ਕੇ ਹਾਈਕੋਰਟ ਤਕ ਅਤੇ ਵਿਧਾਇਕਾਂ, ਵਿਰੋਧੀ ਧਿਰ ਦੇ ਨੇਤਾਵਾਂ ਤੇ ਸੋਸ਼ਲ ਮੀਡੀਆ 'ਤੇ ਸੰਘ ਪਾੜ ਪਾੜ ਕੇ ਇਨਸਾਫ਼ ਦਾ ਰੌਲਾ ਪਾਉਣ ਵਾਲਿਆਂ ਤੋਂ ਮੁੱਖ ਮੰਤਰੀ ਤਕ ਪਹੁੰਚ ਕੀਤੀ, ਪਰ ਉਸਦੀ ਕਿਸੇ ਨੇ ਬਾਂਹ ਨਾ ਫੜੀ। ਅਜਿਹੀ ਸਥਿਤੀ ਵਿੱਚ ਉਹ ਕਰ ਵੀ ਕੀ ਸਕਦਾ ਸੀ। ਇਸਦਾ ਸਿੱਧਾ ਅਰਥ ਹੈ ਕਿ ਉਸਦੀ ਮੌਤ ਲਈ ਕੀ ਸਾਡੇ ਦੇਸ਼ ਦਾ ਸਿਸਟਮ ਜ਼ਿੰਮੇਵਾਰ ਨਹੀਂ ਹੈ, ਜਿਸ ਨੂੰ ਆਮ ਵਿਅਕਤੀ ਦੀ ਜ਼ਿੰਦਗੀ ਮੌਤ ਜਾਂ ਉਸਦੇ ਬੱਚਿਆਂ ਦੀ ਕੋਈ ਪਰਵਾਹ ਨਹੀਂ। ਹੋਏਗਾ ਕੋਈ ਗਰੀਬ, ਅਜਿਹੇ ਵਿਅਕਤੀ ਦੇ ਮਰਨ ਨਾਲ ਸਰਕਾਰਾਂ ਜਾਂ ਪ੍ਰਸ਼ਾਸਨ ਨੂੰ ਕੀ ਫ਼ਰਕ ਪੈਂਦਾ ਹੈ? ਮਨੁੱਖ ਦੀ ਮੌਤ ਹੋਈ ਹੈ, ਇਸ ਲਈ ਮੁਕੱਦਮਾ ਤਾਂ ਦਰਜ ਹੋ ਜਾਵੇਗਾ, ਦੋਸ਼ੀ ਗਿਰਫ਼ਤਾਰ ਵੀ ਹੋ ਜਾਣਗੇ ਅਤੇ ਕੰਪਨੀ ਦੇ ਕੰਮਕਾਰ ਵਿੱਚ ਵੀ ਕੁਝ ਰੁਕਾਵਟ ਆ ਜਾਵੇਗੀ, ਪਰ ਬੁੱਢੇ ਬਾਪ ਦਾ ਪੁੱਤ ਜਾਂ ਨਾਬਾਲਗ ਬੱਚਿਆਂ ਦਾ ਬਾਪ ਤਾਂ ਮੁੜ ਕੇ ਨਹੀਂ ਆਵੇਗਾ।

ਇਹ ਮਸਲਾ ਇਕੱਲੇ ਜਸਵਿੰਦਰ ਸਿੰਘ ਪੂਹਲੀ ਦਾ ਨਹੀਂ, ਨਿੱਤ ਦਿਨ ਹੀ ਅਜਿਹੇ ਨੌਜਵਾਨ ਖੁਦਕੁਸ਼ੀਆਂ ਕਰਦੇ ਹਨ, ਜਿਹਨਾਂ ਨਾਲ ਧੱਕੇਸ਼ਾਹੀਆਂ ਹੁੰਦੀਆਂ ਹਨ ਅਤੇ ਕਿਤੋਂ ਵੀ ਇਨਸਾਫ਼ ਨਹੀਂ ਮਿਲਦਾ। ਉਹਨਾਂ ਦੇ ਪਰਿਵਾਰ ਦੁਸ਼ਵਾਰੀਆਂ ਦਾ ਬੋਝ ਝੱਲਣ ਲਈ ਮਜਬੂਰ ਹੋ ਜਾਂਦੇ ਹਨ। ਬੱਚਿਆਂ ਦਾ ਭਵਿੱਖ ਹਨੇਰੇ ਵਿੱਚ ਚਲਾ ਜਾਂਦਾ ਹੈ। ਜੇ ਇਹ ਮੰਨ ਲਈਏ ਕਿ ਅਜਿਹੀਆਂ ਘਟਨਾਵਾਂ ਬਾਰੇ ਸਿਸਟਮ ਜ਼ਿੰਮੇਵਾਰ ਹੈ ਤਾਂ ਫਿਰ ਇਸ ਸਿਸਟਮ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਕਿਸ ਦੀ ਹੈ? ਜੇਕਰ ਇਹ ਜ਼ਿੰਮੇਵਾਰੀ ਸਰਕਾਰਾਂ ਦੀ ਹੈ ਅਤੇ ਉਹ ਕਿਉਂ ਨਹੀਂ ਕਰ ਰਹੀਆਂ? ਸਰਕਾਰ ਦਾ ਕਰਤੱਵ ਹੈ ਲੋਕਾਂ ਦੇ ਆਤਮ ਵਿਸ਼ਵਾਸ ਨੂੰ ਮਜ਼ਬੂਤ ਕਰੇ। ਪਰ ਜੇ ਸਰਕਾਰਾਂ ਅੰਨ੍ਹੀਆਂ ਬੋਲੀਆਂ ਬਣ ਜਾਣ ਤਾਂ ਲੋਕਾਂ ਦਾ ਵੀ ਫਰਜ਼ ਬਣਦਾ ਹੈ ਕਿ ਅਜਿਹੇ ਮਨੁੱਖਤਾ ਨੂੰ ਮੌਤ ਦੇ ਖੂਹ ਵਿੱਚ ਧੱਕਣ ਵਾਲੇ ਸਿਸਟਮ ਵਿਰੁੱਧ ਇੱਕਮੁੱਠ ਹੋ ਕੇ ਕਿਸੇ ਵੱਡੇ ਸੰਘਰਸ਼ ਦੇ ਰਾਹ ਤੁਰਨ।

# ਆਲਮੀ ਸਮੱਸਿਆਵਾਂ ਦਾ ਮੁਕਾਮੀ ਹੱਲ ਕੀ ਹੋਵੇ....?

ਲੇਖਕ : ਅਰੁਣ ਮੈਰਾ

ਇਸ ਲੇਖ ਦੀ ਸ਼ੁਰੂਆਤ ਮੈਂ ਕੁਝ ਵੱਡੇ ਬਿਆਨਾਂ ਨਾਲ ਕਰ ਰਿਹਾ ਹਾਂ: ਆਲਮੀ ਸ਼ਾਸਨ ਵਿਵਸਥਾ ਢਹਿ-ਢੇਰੀ ਹੋ ਗਈ ਹੈ। ਭੂ-ਰਾਜਸੀ ਸ਼ਾਸਨ ਹਿੱਲ ਗਿਆ ਹੈ। ਆਲਮੀ ਵਿੱਤੀ ਪ੍ਰਣਾਲੀਆਂ ਅਤੇ ਸਪਲਾਈ ਚੇਨਾਂ ਟੁੱਟ ਰਹੀਆਂ ਹਨ। ਸੰਯੁਕਤ ਰਾਸ਼ਟਰ (ਯੂਐੱਨਓ) ਫ਼ਲਸਤੀਨ ਵਿਚ ਔਰਤਾਂ ਅਤੇ ਬੱਚਿਆਂ ਦਾ ਨਰਸੰਹਾਰ ਰੁਕਵਾਉਣ ਵਿਚ ਨਾਕਾਮ ਹੋ ਗਿਆ ਹੈ ਕਿਉਂਕਿ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਇਹ ਚਾਹੁੰਦਾ ਹੀ ਨਹੀਂ ਹੈ। ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦੇਸ਼ਾਂ ਦੇ ਵਿਕਾਸ ਦੇ ਪੱਧਰ ਦਾ ਸੂਚਕ ਬਣ ਗਿਆ ਹੈ ਜਿਸ ਦਾ ਉੱਚਾ ਮਰਤਬਾ ਪਾਉਣ ਦੀਆਂ ਆਪਣੀਆਂ ਖਾਹਿਸ਼ਾਂ ਕਰ ਕੇ ਦੇਸ਼ ਦੇ ਕੁਦਰਤੀ ਸਰੋਤਾਂ ਦੀ ਬਲੀ ਦਿੱਤੀ ਜਾ ਰਹੀ ਹੈ।

ਸਭ ਤੋਂ ਵੱਧ ਅਮੀਰ ਮੁਲਕਾਂ ਵਿਚ ਵੀ ਨਾਗਰਿਕ ਆਪਣੀਆਂ ਸਰਕਾਰਾਂ 'ਤੇ ਇਹ ਭਰੋਸਾ ਨਹੀਂ ਕਰ ਪਾ ਰਹੇ ਕਿ ਉਹ ਮੁਨਾਸਬ ਸ਼ਾਸਨ ਕਰ ਰਹੀਆਂ ਹਨ। ਆਰਥਿਕ ਸ਼ੋਸ਼ਣ ਦਾ ਦਬਾਓ ਕੁਦਰਤ ਦੀ ਆਪਣੇ ਆਪ ਨੂੰ ਹੰਢਣਸਾਰ ਬਣਾਉਣ ਦੀ ਕਾਬਲੀਅਤ ਨੂੰ ਤੋੜ ਰਿਹਾ ਹੈ। ਸਾਫ਼ ਪਾਣੀ ਦੇ ਸਰੋਤ ਘਟਦੇ ਜਾ ਰਹੇ ਹਨ, ਜ਼ਮੀਨ ਦਾ ਉਪਜਾਊਪਣ ਖਰਾਬ ਹੋ ਰਿਹਾ ਹੈ ਅਤੇ ਜਲਵਾਯੂ ਤਬਦੀਲੀ ਵਧਦੀ ਹੀ ਜਾ ਰਹੀ ਹੈ ਜਿਸ ਕਰ ਕੇ ਮਾਨਵਤਾ ਸਾਹਮਣੇ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਸ਼ਕਤੀਸ਼ਾਲੀ ਦੇਸ਼ ਹੋਰ ਜ਼ਿਆਦਾ ਤਕਨਾਲੋਜੀਆਂ ਅਤੇ ਮਸਨੂਈ ਬੁੱਧੀ (ਏਆਈ) ਨਾਲ ਆਪੋ ਆਪਣੀਆਂ ਫ਼ੌਜਾਂ ਨੂੰ ਮਜ਼ਬੂਤ ਬਣਾ ਰਹੇ ਹਨ। ਇਹ ਖ਼ਤਰਾ ਪੈਦਾ ਹੋ ਗਿਆ ਹੈ ਕਿ ਭਵਿੱਖ ਵਿਚ ਜਿੰਨੀਆਂ ਮੌਤਾਂ ਦਾ ਕਾਰਨ ਜਲਵਾਯੂ ਤਬਦੀਲੀ ਬਣੇਗੀ, ਉਸ ਤੋਂ ਵੱਧ ਤੇਜ਼ੀ ਨਾਲ ਲੋਕ ਜੰਗਾਂ ਵਿਚ ਮਾਰੇ ਜਾਣਗੇ।

ਕੀ ਸਾਨੂੰ ਆਲਮੀ ਸਮੱਸਿਆਵਾਂ ਦੇ ਉਪਰੋਂ ਠੋਸੇ ਜਾ ਰਹੇ ਹੱਲਾਂ ਦੀ ਨਾਕਾਮੀ ਦੇ ਹੋਰ ਸਬੂਤਾਂ ਦੀ ਲੋੜ ਹੈ? ਜਿਵੇਂ ਕਿ ਅਲਬਰਟ ਆਈਨਸਟਾਈਨ ਅਤੇ ਹੋਰਨਾਂ ਨੇ ਕਿਹਾ ਸੀ ਕਿ ਜਿਸ ਸੋਚ ਕਰ ਕੇ ਸਮੱਸਿਆਵਾਂ ਪੈਦਾ ਹੋਈਆਂ ਹਨ, ਉਸੇ ਸੋਚ ਨਾਲ ਉਨ੍ਹਾਂ ਨੂੰ ਹੱਲ ਕਰਨ ਦੀ ਅੜੀ ਪਾਗਲਪਣ ਹੈ। ਆਓ, ਇਕ ਪਲ ਲਈ ਵਿਗਿਆਨਕ ਢੰਗ ਨਾਲ ਸੋਚ ਕੇ ਵੇਖੀਏ। 17 ਹੰਢਣਸਾਰ ਵਿਕਾਸ ਟੀਚੇ (ਐੱਸਡੀਜੀਜ਼) ਹਨ ਜਿਨ੍ਹਾਂ ਸਾਰਿਆਂ ਨੂੰ ਤੇਜ਼ੀ ਨਾਲ ਮੁਖ਼ਾਤਬ ਹੋਣਾ ਜ਼ਰੂਰੀ ਹੈ। ਸਗੋਂ ਇਨ੍ਹਾਂ 'ਚੋਂ ਕਿਸੇ ਨੂੰ ਵੱਖਰੇ ਤੌਰ 'ਤੇ ਹੱਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਾਰੇ ਅੰਤਰ ਸਬੰਧਤ ਹਨ। ਹਰੇਕ ਐੱਸਡੀਜੀ ਹਰ ਕਿਤੇ ਇਕੋ ਢੰਗ ਨਾਲ ਪ੍ਰਗਟ ਨਹੀਂ ਹੁੰਦਾ ਕਿਉਂਕਿ ਅਲਾਸਕਾ ਅਤੇ ਬਾਰਬਾਡੋਸ ਜਾਂ ਉਤਰਾਖੰਡ ਅਤੇ ਕੇਰਲਾ ਵਾਂਗ ਹਰੇਕ ਖੇਤਰ ਦੇ ਵਾਤਾਵਰਨ ਅਤੇ ਜਲਵਾਯੂ ਦੀਆਂ ਸਮੱਸਿਆਵਾਂ ਵੱਖੋ ਵੱਖਰੀਆਂ ਹਨ। ਨਿਊ ਯਾਰਕ ਦੇ ਸਲੱਮ ਖੇਤਰ ਅਤੇ ਬਿਹਾਰ ਦੇ ਦਿਹਾਤ ਵਿਚ ਰੋਜ਼ੀ ਰੋਟੀ ਦੀਆਂ ਸਮੱਸਿਆਵਾਂ ਵੱਖੋ ਵੱਖਰੀਆਂ ਹਨ। ਇਸ ਕਰ ਕੇ ਸਾਰੀਆਂ ਸਮੱਸਿਆਵਾਂ ਨੂੰ ਮੁਕਾਮੀ ਪੱਧਰ 'ਤੇ ਹੱਲ ਕੀਤੇ ਜਾਣ ਦੀ ਲੋੜ ਹੈ। ਤੇ ਦੁਨੀਆ ਵਿਚ ਹਰ ਜਗ੍ਹਾ ਘੱਟੋਘੱਟ ਹੰਢਣਸਾਰ ਵਿਕਾਸ ਟੀਚਿਆਂ ਦੀਆਂ 17 ਸਮੱਸਿਆਵਾਂ 'ਚੋਂ ਸੱਤ ਸਮੱਸਿਆਵਾਂ ਨੂੰ ਫੌਰੀ ਹੱਲ ਕੀਤਾ ਜਾਣਾ ਚਾਹੀਦਾ ਹੈ।

ਮਾਹਿਰਾਂ ਦਾ ਅਨੁਮਾਨ ਹੈ ਕਿ ਜੇ ਅਸੀਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਉਪਰੋਂ ਥੋਪੀ ਜਾਣ ਵਾਲੀ ਅਤੇ ਖਾਨਿਆਂ ਵਿਚ ਵੰਡ ਕੇ ਕੰਮ ਕਰਨ ਵਾਲੀ ਮੌਜੂਦਾ ਪਹੁੰਚ ਨਾਲ ਚਲਦੇ ਰਹੇ ਤਾਂ ਹੰਢਣਸਾਰ ਵਿਕਾਸ ਦੇ ਟੀਚੇ ਹਾਸਲ ਕਰਨ ਲਈ 2087 ਤੱਕ ਇੰਤਜ਼ਾਰ ਕਰਨਾ ਪਵੇਗਾ ਜਦਕਿ ਇਨ੍ਹਾਂ ਨੂੰ 2030 ਤੱਕ ਸਿਰੇ ਚਾੜ੍ਹਨ ਦਾ ਟੀਚਾ ਮਿੱਥਿਆ ਗਿਆ ਸੀ। ਇਕ ਸਮੇਂ 17 ਵਿੱਚੋਂ ਸੱਤ ਸਮੱਸਿਆਵਾਂ ਦੇ ਕਿੰਨੇ ਜੁੱਟ ਬਣਾਏ ਜਾ ਸਕਦੇ ਹਨ? 9 ਕਰੋੜ 40 ਲੱਖ! 17 ਐੱਸਡੀਜੀਜ਼ ਦੀਆਂ ਸਮੱਸਿਆਵਾਂ ਜ਼ਮੀਨੀ ਪੱਧਰ 'ਤੇ ਪ੍ਰਤੱਖ ਹਨ ਅਤੇ ਉਹ ਹਰ ਜਗ੍ਹਾ ਵੱਖੋ ਵੱਖਰੇ ਰੂਪਾਂ ਵਿਚ ਪ੍ਰਗਟ ਹੁੰਦੀਆਂ ਹਨ। ਸਾਨੂੰ ਸਮੱਸਿਆ ਹੱਲ ਕਰਨ ਦੇ ਇਕ ਨਵੇਂ ਪੈਰਾਡਾਈਮ (ਮਾਡਲ) ਦੀ ਲੋੜ ਹੈ। ਨਾਬਰਾਬਰੀ, ਸਮਾਜਿਕ ਬਦਅਮਨੀ ਅਤੇ ਵਾਤਾਵਰਨ ਬਰਬਾਦੀ ਦੀਆਂ ਆਲਮੀ ਵਿਵਸਥਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮੁਕਾਮੀ, ਭਾਈਚਾਰੇ ਦੀ ਅਗਵਾਈ ਵਾਲੇ ਸਮਾਧਾਨ ਰਾਹ ਦਰਸਾਵਾਂ ਬਣ ਸਕਦੇ ਹਨ।

ਸਾਨੂੰ ਹੁਣ ਇਕ ਨਵੇਂ ਮਾਰਗ 'ਤੇ ਤੁਰਨਾ ਪਵੇਗਾ ਤਾਂ ਕਿ ਅਸੀਂ ਆਪਣੀ ਸਮੂਹਿਕਤਾ ਦੇ ਉਸ ਵਾਅਦੇ ਨੂੰ ਸਾਕਾਰ ਕਰ ਸਕੀਏ ਜਿਸ ਨੂੰ ਸਾਡੀ ਸੋਚ ਅਤੇ ਕਰਮ ਦੇ ਸਥਾਪਤ ਢੰਗਾਂ ਨੇ 'ਸਮੂਹਿਕਤਾ ਦੇ ਦੁਖਾਂਤ' ਵਿਚ ਬਦਲ ਦਿੱਤਾ ਹੈ। ਨਵੀਂ ਸੋਚ ਅਤੇ ਕਰਮ ਦੇ ਵਿਵਸਥਾਈ ਢੰਗ ਨੂੰ ਹਰ ਪਾਸੇ ਫੈਲਾਉਣਾ ਪਵੇਗਾ। ਇਸ ਲਈ ਸਮੱਸਿਆਵਾਂ ਹੱਲ ਕਰਨ ਅਤੇ ਜਥੇਬੰਦ ਹੋਣ ਦੇ ਸਰਬਵਿਆਪੀ ਬਣ ਚੁੱਕੇ ਗ਼ੈਰਵਿਵਸਥਾਈ ਢੰਗਾਂ ਨੂੰ ਭੁਲਾਉਣਾ ਪਵੇਗਾ। ਵੱਡੇ ਪੈਮਾਨੇ 'ਤੇ ਜਥੇਬੰਦ ਹੋਣ ਦੇ ਸਥਾਪਤ ਢੰਗ ਵਿਚ ਵਿਵਸਥਾ ਨਾਲ ਜੁੜੀਆਂ ਸਮੱਸਿਆਵਾਂ ਨੂੰ ਮਾਹਿਰਾਂ ਅਤੇ ਸਰੋਤਾਂ ਦੇ ਹਿਸਾਬ ਨਾਲ ਹਿੱਸਿਆਂ ਵਿਚ ਵੰਡ ਦਿੱਤਾ ਜਾਂਦਾ ਹੈ ਅਤੇ ਫਿਰ ਵਿਅਕਤੀਗਤ ਸਮੱਸਿਆਵਾਂ ਨੂੰ ਵੱਖਰੇ ਤੌਰ 'ਤੇ ਹੱਲ ਕੀਤਾ ਜਾਂਦਾ ਹੈ। ਬਹਰਹਾਲ, ਵੱਖੋ ਵੱਖਰੇ ਖਾਨਿਆਂ ਵਿਚ ਕੀਤੇ ਜਾਂਦੇ ਫ਼ੈਸਲੇ ਸਿਸਟਮ ਦੇ ਦੂਜੇ ਹਿੱਸਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਅਰਥਚਾਰੇ ਨੂੰ ਹੁਲਾਰਾ ਦੇਣ ਲਈ ਬਣਾਇਆ ਜਾਂਦਾ ਬੁਨਿਆਦੀ ਢਾਂਚਾ ਵਾਤਾਵਰਨ ਨੂੰ ਤਬਾਹ ਕਰ ਦਿੰਦਾ ਹੈ। ਇਨਸਾਨਾਂ ਨੂੰ ਜੰਗਲਾਂ 'ਚੋਂ ਹਟਾ ਕੇ ਜਾਂ ਚਰਾਦਾਂ 'ਚੋਂ ਪਸ਼ੂਆਂ ਨੂੰ ਕੱਢ ਕੇ ਵਾਤਾਵਰਨ ਨੂੰ ਬਚਾਉਣ ਦੇ ਹੱਲਾਂ ਨਾਲ ਰੋਜ਼ੀ ਰੋਟੀ ਨੂੰ ਸੱਟ ਵੱਜਦੀ ਹੈ। ਖੇਤੀਬਾੜੀ ਦਾ ਉਤਪਾਦਨ ਵਧਾਉਣ ਲਈ ਹੋਰ ਜ਼ਿਆਦਾ ਰਸਾਇਣਕ ਖਾਦਾਂ ਦੀ ਵਰਤੋਂ ਅਤੇ ਕਿਸਾਨਾਂ ਦੀ ਥਾਂ ਹੋਰ ਜ਼ਿਆਦਾ ਮਸ਼ੀਨਾਂ ਲਾਉਣ ਨਾਲ ਜ਼ਮੀਨ ਦੀ ਉਤਪਾਦਕਤਾ ਘਟਦੀ ਹੈ ਜਿਸ ਦੇ ਸਿੱਟੇ ਵਜੋਂ ਹੋਰ ਜ਼ਿਆਦਾ ਰਸਾਇਣਾਂ ਦੀ ਲੋੜ ਪੈਂਦੀ ਹੈ। ਇਸ ਦੌਰਾਨ, ਉਜਾੜੇ ਗਏ ਕਿਸਾਨਾਂ ਨੂੰ ਨਿਰਮਾਣ ਫੈਕਟਰੀਆਂ ਵਿਚ ਰੁਜ਼ਗਾਰ ਨਹੀਂ ਮਿਲ ਰਿਹਾ ਕਿਉਂਕਿ ਉੱਥੇ ਪਹਿਲਾਂ ਹੀ ਕਾਮਿਆਂ ਦੀ ਥਾਂ ਰੋਬੋਟ ਲਾਏ ਜਾ ਰਹੇ ਹਨ ਤਾਂ ਕਿ ਫੈਕਟਰੀਆਂ ਦੀ ਉਤਪਾਦਕਤਾ ਵਧਾਈ ਜਾ ਸਕੇ!

ਸਾਨੂੰ ਚਾਹੀਦਾ ਹੈ ਕਿ 'ਜੀਡੀਪੀ ਦੇ ਭਗਵਾਨ' ਨੂੰ ਕੁਦਰਤ ਤੇ ਮਨੁੱਖਾਂ ਦਾ ਸ਼ੋਸ਼ਣ ਕਰਨ ਤੋਂ ਰੋਕਿਆ ਜਾਵੇ ਜੋ ਲਾਲਚੀ ਆਰਥਿਕ ਮਸ਼ੀਨਰੀ ਦੀ ਤਰੱਕੀ ਕਾਇਮ ਰੱਖਣ ਖਾਤਰ ਇਨ੍ਹਾਂ ਨਾਲ ਖਿਲਵਾੜ ਕਰ ਰਿਹਾ ਹੈ; ਇਸ ਦੀ ਬਜਾਏ, ਅਰਥਚਾਰਾ ਅਜਿਹਾ ਬਣਨਾ ਚਾਹੀਦਾ ਹੈ ਕਿ ਇਹ ਸਮਾਜ ਤੇ ਕੁਦਰਤ ਦੀ ਸੇਵਾ ਕਰੇ। 'ਗਰੀਨ' ਤੇ 'ਸਨੇਹੀ' ਅਰਥਚਾਰੇ ਜਿਨ੍ਹਾਂ ਬਾਰੇ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਹ ਭਵਿੱਖ ਵਿਚ ਰੁਜ਼ਗਾਰ ਪੈਦਾ ਕਰਨਗੇ, ਨੂੰ 'ਰਸਮੀ' ਫੈਕਟਰੀ ਅਧਾਰਿਤ ਕੰਮਕਾਜੀ ਤੌਰ-ਤਰੀਕਿਆਂ ਦੀ ਥਾਂ ਲੈਣ ਲਈ 'ਗ਼ੈਰਰਸਮੀ' ਕੰਮਕਾਜੀ ਤੌਰ-ਤਰੀਕਿਆਂ ਦੀ ਲੋੜ ਪਏਗੀ ਜੋ ਚੰਗੇ ਸਮਾਜ ਦੀ ਸਿਰਜਣਾ ਵਿਚ ਸਹਾਈ ਹੋਵੇਗਾ ਜਦਕਿ ਮੌਜੂਦਾ ਤੌਰ-ਤਰੀਕੇ ਆਰਥਿਕਤਾ ਤੇ ਉਤਪਾਦਨ ਨੂੰ ਵਧਾਉਣ ਉਤੇ ਜ਼ੋਰ ਦਿੰਦੇ ਹਨ।

ਇਹ ਸੰਪੂਰਨ ਬਦਲਾਅ ਸੌਖਾ ਨਹੀਂ ਹੋਵੇਗਾ ਕਿਉਂਕਿ ਉਪਰੋਂ ਤਾਕਤ ਲੈ ਕੇ ਹੇਠਾਂ ਲੋਕਾਂ ਨੂੰ ਸੌਂਪਣੀ ਪਏਗੀ। ਬੁਨਿਆਦੀ ਤਬਦੀਲੀਆਂ ਕਦੇ ਵੀ ਆਸਾਨ ਨਹੀਂ ਹੁੰਦੀਆਂ ਕਿਉਂਕਿ ਸੰਪਤੀ ਤੇ ਤਾਕਤ 'ਸਮੂਹਿਕ ਕਾਰਜ' ਦੀ ਪ੍ਰਕਿਰਿਆ ਨਾਲ ਇਕੱਠੀ ਹੁੰਦੀ ਹੈ। ਜਿਨ੍ਹਾਂ ਕੋਲ ਜਾਇਦਾਦ ਤੇ ਤਾਕਤ ਹੁੰਦੀ ਹੈ, ਉਹ ਇਸ ਦੀ ਵਰਤੋਂ ਅਜਿਹੇ ਨਿਯਮਾਂ ਦੀ ਪੈਰਵੀ ਲਈ ਕਰਦੇ ਹਨ ਜਿਹੜੇ ਉਨ੍ਹਾਂ ਦੀ ਸੰਪਤੀ ਤੇ ਤਾਕਤ ਨੂੰ ਹੋਰ ਵਧਾਉਣ। ਉਹ ਆਪਣੀ ਜਾਇਦਾਦ ਤੇ ਤਾਕਤ ਨੂੰ ਖੋਜ ਕਾਰਜਾਂ ਲਈ ਵਰਤਦੇ ਹਨ, ਸੰਮੇਲਨ ਕਰਵਾਉਂਦੇ ਹਨ ਤੇ ਅਜਿਹੀਆਂ ਨੀਤੀਆਂ ਬਣਵਾਉਣ ਲਈ ਲੌਬੀਇੰਗ ਕਰਦੇ ਹਨ ਜੋ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਮੁਤਾਬਕ ਹੋਣ। ਜਿਹੜੇ ਉਨ੍ਹਾਂ ਲਈ ਚੁਣੌਤੀ ਬਣਦੇ ਹਨ, ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ, ਵਿਚਾਰਾਂ ਦੇ ਮਾਡਲਾਂ 'ਤੇ ਸ਼ਿਕੰਜਾ ਕੱਸ ਦਿੱਤਾ ਜਾਂਦਾ ਹੈ। ਕਿਸੇ ਮਾਡਲ ਨੂੰ ਤਬਦੀਲ ਕਰਨ ਦੀ ਚਾਬੀ ਉਸ ਦੇ ਮੂਲ ਦਾਇਰੇ ਤੋਂ ਬਾਹਰ ਹੀ ਲੱਭੇਗੀ। ਉਮੀਦ ਕਾਇਮ ਹੈ। ਆਮ ਲੋਕਾਂ ਦੇ ਨੇਤਾ ਜੁੜ ਰਹੇ ਹਨ, ਇਕੱਠੇ ਸਿੱਖ ਕੇ ਅੱਗੇ ਵਧ ਰਹੇ ਹਨ ਅਤੇ ਬਦਲਾਅ ਦੀ ਅਹਿੰਸਕ ਮੁਹਿੰਮ ਨੂੰ ਥੱਲਿਓਂ ਹੋਰ ਚੌੜਾ ਕਰ ਰਹੇ ਹਨ। ਉਪਰ ਬੈਠੇ ਆਗੂ ਜਿਹੜੇ ਭਾਰਤ ਦੀ ਸ਼ਕਤੀਹੀਣ ਜਨਤਾ ਦਾ ਭਲਾ ਕਰਨ ਵਾਲੇ ਸੁਧਾਰਾਂ ਦਾ ਪੱਖ ਪੂਰਦੇ ਹਨ, ਨੂੰ ਇਨ੍ਹਾਂ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਸੁਣਨਾ ਚਾਹੀਦਾ ਹੈ ਤੇ ਇਨ੍ਹਾਂ ਤੋਂ ਸਿੱਖਣਾ ਚਾਹੀਦਾ ਹੈ। ਇਨ੍ਹਾਂ ਵਿਚੋਂ ਸੈਂਕੜੇ 27 ਤੋਂ 29 ਅਗਸਤ ਤੱਕ ਨਵੀਂ ਦਿੱਲੀ ਦੇ ਅੰਬੇਡਕਰ ਇੰਟਰਨੈਸ਼ਨਲ ਇੰਸਟੀਚਿਊਟ ਵਿਚ 'ਕਾਮਨਜ਼ ਕਨਵੀਨਿੰਗ' ਲਈ ਜੁੜੇ ਸਨ। ਇਹ ਜ਼ਮੀਨੀ ਸਬੂਤ ਸੀ ਕਿ ਹੇਠੋਂ-ਉਪਰ ਵੱਲ ਨੂੰ ਸਹਿਕਾਰੀ ਬਦਲਾਅ ਦਾ ਮਾਡਲ ਸਮਾਜ ਵਿਚ ਹਰੇਕ ਦਾ ਜੀਵਨ ਪੱਧਰ ਸੁਧਾਰ ਸਕਦਾ ਹੈ ਅਤੇ ਮਾਹਿਰਾਂ ਵੱਲੋਂ ਸੁਝਾਏ ਤਰੱਕੀ ਦੇ ਤਰੀਕਿਆਂ ਨਾਲ ਵਾਤਾਵਰਨ ਦੇ ਹੋਏ ਨੁਕਸਾਨ ਦੀ ਪੂਰਤੀ ਵੀ ਹੋ ਸਕਦੀ ਹੈ। ਬਦਲਾਅ ਦੇ ਇਹ 'ਰੋਲ ਮਾਡਲ' ਭਾਰਤ ਨੂੰ 2047 ਤੱਕ ਵਿਕਸਿਤ ਬਣਾਉਣ ਦਾ ਸਹੀ ਰਸਤਾ ਦੱਸਦੇ ਹਨ। ਉਪਰਲੀਆਂ ਪਦਵੀਆਂ 'ਤੇ ਬੈਠਣ ਵਾਲਿਆਂ ਨੂੰ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਅਪਣਾਉਣਾ ਚਾਹੀਦਾ ਹੈ ਤੇ ਜਲਦੀ ਨਤੀਜੇ ਲੈਣ ਲਈ ਤੇਜ਼ੀ ਨਾਲ ਫੈਲਾਉਣਾ ਚਾਹੀਦਾ ਹੈ। ਨਹੀਂ ਤਾਂ, 'ਵਿਕਸਤ ਭਾਰਤ' ਵੀ 'ਇੰਡੀਆ75' ਵਾਂਗ, ਤੇ 'ਕਿਸਾਨਾਂ ਦੀ ਆਮਦਨ ਦੁੱਗਣੀ ਕਰਨ' ਤੇ ਸਾਰਿਆਂ ਨੂੰ ਰੁਜ਼ਗਾਰ ਦੇਣ ਦੇ ਦਾਅਵੇ ਵਾਂਗ ਬਸ ਇਕ ਹੋਰ ਨਿਰਾਰਥਕ ਖਿਆਲ ਬਣ ਕੇ ਹੀ ਰਹਿ ਜਾਵੇਗਾ।

# ਪੰਜਾਬ ਦੀ ਖੇਤੀ ਨੀਤੀਆਂ ਵਿੱਚ ਤਬਦੀਲੀ ਦੀ ਜ਼ਰੂਰਤ

ਲੇਖਕ : ਡਾ. ਗਿਆਨ ਸਿੰਘ
ਸੰਪਰਕ: giansingh88@yahoo.com

ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਨੇ 19 ਜੂਨ 2024 ਨੂੰ ਕਿਹਾ ਹੈ ਕਿ ਕੇਂਦਰੀ ਕੈਬਨਿਟ ਨੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਸੀਏਸੀਪੀ) ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਸਾਉਣੀ ਦੀਆਂ 14 ਖੇਤੀਬਾੜੀ ਜਿਨਸਾਂ ਲਈ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸਾਉਣੀ ਮਾਰਕੀਟਿੰਗ ਸੀਜ਼ਨ 2024-25 ਲਈ ਸਾਉਣੀ ਦੀ ਮੁੱਖ ਖੇਤੀਬਾੜੀ ਜਿਨਸ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿੱਚ ਕੀਤੇ ਵਾਧੇ ਬਾਰੇ ਨੁਕਤਾਚੀਨੀ ਹੋਈ ਹੈ।

ਭਾਰਤ ਵਿੱਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੇ ਸੰਸਾਰ ਯੁੱਧ ਦੌਰਾਨ ਹੋ ਗਈ ਸੀ ਜਦੋਂ ਤਤਕਾਲੀ ਬ੍ਰਿਟਿਸ਼ ਸਰਕਾਰ ਨੇ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਤੇਜ਼ੀ ਨਾਲ ਵਧ ਰਹੀਆਂ ਕੀਮਤਾਂ ਤੋਂ ਖਪਤਕਾਰਾਂ ਨੂੰ ਰਾਹਤ ਦੇਣ ਲਈ ਕੁਝ ਮੁੱਖ ਖੇਤੀ ਜਿਨਸਾਂ ਦੀਆਂ ਵੱਧ ਤੋਂ ਵੱਧ ਕੀਮਤਾਂ ਤੈਅ ਕੀਤੀਆਂ ਤੇ ਕਿਸਾਨਾਂ ਦੇ ਹਿੱਤਾਂ ਦਾ ਖਿਆਲ ਰੱਖਦਿਆਂ ਕੁਝ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਤੈਅ ਕੀਤੀਆਂ। ਦੂਜੇ ਸੰਸਾਰ ਯੁੱਧ ਤੋਂ ਬਾਅਦ ਵੀ ਭਾਰਤ 'ਚ ਅਨਾਜ ਥੁੜ੍ਹ ਜਾਰੀ ਰਹੀ। ਮੁਲਕ ਆਜ਼ਾਦ ਹੋਣ ਪਿੱਛੋਂ 1950 'ਚ ਕੇਂਦਰ ਸਰਕਾਰ ਨੇ ਯੋਜਨਾ ਕਮਿਸ਼ਨ ਬਣਾਇਆ ਜਿਸ ਨੇ 1951 ਤੋਂ ਪੰਜ ਸਾਲਾ ਯੋਜਨਾਵਾਂ ਸ਼ੁਰੂ ਕੀਤੀਆਂ। ਪਹਿਲੀ ਪੰਜ ਸਾਲਾ ਯੋਜਨਾ (1951-56) ਦੌਰਾਨ ਮੁੱਖ ਤਰਜੀਹ ਖੇਤੀ ਵਿਕਾਸ ਨੂੰ ਦਿੱਤੀ ਗਈ ਜਿਸ ਸਦਕਾ ਮੁਲਕ ਵਿੱਚ ਅਨਾਜ ਪਦਾਰਥਾਂ ਦੀ ਥੁੜ੍ਹ ਉਤੇ ਕਾਬੂ ਪਾਇਆ ਜਾ ਸਕਿਆ। ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਉਦਯੋਗਿਕ ਵਿਕਾਸ ਨੂੰ ਦਿੱਤੀ। ਇਸ ਸਮੇਂ ਦੌਰਾਨ ਮੁਲਕ ਵਿੱਚ ਮੁੜ ਤੋਂ ਅਨਾਜ ਪਦਾਰਥਾਂ ਦੀ ਥੁੜ੍ਹ ਸਾਹਮਣੇ ਆਈ। 1962-64 ਦੌਰਾਨ ਮੁਲਕ ਦੇ ਕਈ ਹਿੱਸਿਆਂ ਵਿੱਚ ਪਏ ਸੋਕੇ ਕਾਰਨ ਮੁਲਕ ਵਿੱਚ ਅਨਾਜ ਪਦਾਰਥਾਂ ਦੀ ਥੁੜ੍ਹ ਨੇ ਭਿਆਨਕ ਰੂਪ ਧਾਰਨ ਕਰ ਲਿਆ।

ਅਨਾਜ ਦੀ ਥੁੜ੍ਹ ਉੱਤੇ ਕਾਬੂ ਪਾਉਣ ਲਈ ਸਰਕਾਰ ਨੇ ਅਮਰੀਕਾ ਤੋਂ ਪੀਐੱਲ 480 ਅਧੀਨ ਅਨਾਜ ਮੰਗਵਾਇਆ ਜਿਸ ਦੀ ਮੁਲਕ ਨੂੰ ਭਾਰੀ ਕੀਮਤ ਦੇਣੀ ਪਈ। ਸਰਕਾਰ ਨੇ ਖੇਤੀ ਜਿਨਸਾਂ ਦੀ ਉਤਪਾਦਕਤਾ ਅਤੇ ਉਤਪਾਦਨ ਵਧਾਉਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫ਼ੈਸਲਾ ਕੀਤਾ। ਇਹ ਜੁਗਤ ਵੱਧ ਝਾੜ ਦੇਣ ਵਾਲ਼ੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਕ ਖਾਦਾਂ, ਕੀਟ/ਨਦੀਨ ਨਾਸ਼ਕਾਂ ਅਤੇ ਕੁਝ ਹੋਰ ਰਸਾਇਣਾਂ, ਮਸ਼ੀਨਰੀ ਤੇ ਖੇਤੀਬਾੜੀ ਦੇ ਵਿਗਿਆਨਕ ਢੰਗਾਂ ਦਾ ਪੁਲੰਦਾ ਸੀ। ਵੱਖ-ਵੱਖ ਖੇਤਰਾਂ ਦੇ ਅਧਿਐਨ ਤੋਂ ਬਾਅਦ ਇਸ ਜੁਗਤ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕੀਤਾ ਗਿਆ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ- ਜ਼ਮੀਨ ਹੇਠਲੇ ਪਾਣੀ, ਉਪਜਾਊ ਭੂਮੀ ਆਦਿ, ਦੀ ਹੱਦੋਂ ਵੱਧ ਵਰਤੋਂ ਸਦਕਾ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਅਥਾਹ ਵਾਧਾ ਹੋਇਆ ਜਿਸ ਸਦਕਾ ਮੁਲਕ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਤੋਂ ਖਹਿੜਾ ਛੁੱਟਿਆ।



1965 ਦੌਰਾਨ ਖੇਤੀ ਕੀਮਤਾਂ ਕਮਿਸ਼ਨ ਅਤੇ ਭਾਰਤੀ ਖ਼ੁਰਾਕ ਨਿਗਮ (ਐੱਫਸੀਆਈ) ਬਣਾਏ ਗਏ। ਕਮਿਸ਼ਨ ਆਪਣੀ ਕਾਇਮੀ ਤੋਂ ਲੈ ਕੇ ਹੁਣ ਤੱਕ ਮੁੱਖ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਬੰਧੀ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰ ਰਿਹਾ ਹੈ ਅਤੇ ਕੇਂਦਰ ਸਰਕਾਰ ਆਮ ਤੌਰ ਉੱਤੇ ਇਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੀ ਹੈ। 1965 ਤੋਂ 1970 ਤੱਕ ਖੇਤੀਬਾੜੀ ਕੀਮਤਾਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਖੇਤੀਬਾੜੀ ਖੇਤਰ ਦੇ ਹੱਕ ਵਿੱਚ ਸਨ; ਉਸ ਤੋਂ ਬਾਅਦ ਇਹ ਸਿਫ਼ਾਰਸ਼ਾਂ ਉਲਟ ਕਰ ਦਿੱਤੀਆਂ ਗਈਆਂ ਜਿਸ ਦੀ ਸਮੇਂ-ਸਮੇਂ ਉੱਤੇ ਕਿਸਾਨ ਜੱਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਸਖ਼ਤ ਨੁਕਤਾਚੀਨੀ ਕੀਤੀ। ਇਸ ਨੁਕਤਾਚੀਨੀ ਤੋਂ ਬਚਣ ਲਈ ਸਰਕਾਰ ਨੇ 1987 ਵਿੱਚ ਖੇਤੀਬਾੜੀ ਕੀਮਤਾਂ ਕਮਿਸ਼ਨ ਦਾ ਨਾਮ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੋਵੇ ਪਰ ਸਮੇਂ ਦੇ ਨਾਲ਼ ਇਹ ਭੁਲੇਖਾ-ਪਾਊ ਸਾਬਿਤ ਹੋਇਆ।

ਸਰਕਾਰੀ ਖੇਤੀਬਾੜੀ ਨੀਤੀਆਂ ਕਾਰਨ ਖੇਤੀਬਾੜੀ ਉੱਪਰ ਨਿਰਭਰ ਵਰਗਾਂ- ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ, ਦੀ ਆਰਥਿਕ ਹਾਲਤ ਦਿਨੋ-ਦਿਨ ਨਿਘਰਦੀ ਗਈ। ਮੁਲਕ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਅਧਿਐਨ ਇਹ ਤੱਥ ਸਾਹਮਣੇ ਲਿਆਏ ਕਿ ਲਗਭਗ ਸਾਰੇ ਸੀਮਾਂਤ ਤੇ ਛੋਟੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਗ਼ਰੀਬੀ ਤੇ ਕਰਜ਼ੇ ਵਿੱਚ ਜਨਮ ਲੈਂਦੇ ਹਨ, ਗ਼ਰੀਬੀ ਤੇ ਕਰਜ਼ੇ ਵਿੱਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਘੋਰ ਗ਼ਰੀਬੀ ਤੇ ਕਰਜ਼ੇ ਦਾ ਪਹਾੜ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲ਼ੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਸਮਾਜ ਤੇ ਸਰਕਾਰ ਵੱਲੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ।

ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਕੁਝ ਸੂਬੇ ਜਾਂ ਖੇਤਰ ਕਈ ਗੰਭੀਰ ਸਮੱਸਿਆਵਾਂ ਹੰਢਾਉਣ ਲਈ ਮਜਬੂਰ ਹਨ। ਪੰਜਾਬ ਵਿੱਚ ਤਰਜੀਹੀ ਤੌਰ ਉੱਤੇ ਅਪਣਾਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਨਤੀਜੇ ਵਜੋਂ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਹੋਏ ਅਥਾਹ ਵਾਧੇ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਸਰਕਾਰ ਨੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਲਈ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ 1973 ਤੋਂ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹ ਦਿੱਤੀ। ਝੋਨੇ ਦੀ ਫ਼ਸਲ ਪੰਜਾਬ ਦੇ ਜਲਵਾਯੂ ਹਾਲਾਤ ਅਨੁਸਾਰ ਢੁਕਵੀਂ ਨਹੀਂ ਹੈ। ਝੋਨੇ ਦੀ ਫ਼ਸਲ ਲਈ ਛੱਪੜ-ਸਿੰਜਾਈ ਦੀ ਲੋੜ ਹੁੰਦੀ ਹੈ ਜਿਸ ਕਾਰਨ ਪੰਜਾਬ ਵਿੱਚ ਤਿੰਨ ਚੌਥਾਈ ਤੋਂ ਵੱਧ ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਹੇਠਾਂ ਚਲਿਆ ਗਿਆ; ਹੁਣ ਪੰਜਾਬ ਦੇ ਜ਼ਿਆਦਾਤਰ ਖੇਤਰਾਂ ਵਿੱਚ ਫ਼ਸਲਾਂ ਦੀ ਸਿੰਜਾਈ ਲਈ ਸਬਮਰਸੀਬਲ ਮੋਟਰਾਂ ਤੋਂ ਬਿਨਾਂ ਗੁਜਾਰਾ ਨਹੀਂ। ਸਿੰਜਾਈ ਦਾ ਇਹ ਸਾਧਨ ਕਿਸਾਨਾਂ ਸਿਰ ਕਰਜ਼ੇ ਦਾ ਕਾਰਨ ਬਣਿਆ ਹੈ।

ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾਣ ਕਾਰਨ ਅੱਜ ਕੱਲ੍ਹ ਲੋਕ ਅਨੇਕ ਸਮੱਸਿਆਵਾਂ ਹੰਢਾਅ ਰਹੇ ਹਨ; ਆਉਣ ਵਾਲੇ ਸਮੇਂ ਦੌਰਾਨ ਇਹ ਸਮੱਸਿਆਵਾਂ ਕਿੰਨੀਆਂ ਗੰਭੀਰ ਹੋਣਗੀਆਂ, ਇਸ ਪੱਖ ਦਾ ਅੰਦਾਜ਼ਾ ਮੁਲਕ ਦੀ ਰਾਜਧਾਨੀ ਦਿੱਲੀ ਦੇ ਨਿਵਾਸੀਆਂ ਦੀ ਪਾਣੀ ਦੀ ਥੁੜ੍ਹ ਕਾਰਨ ਬਣੀ ਤਰਸਯੋਗ ਹਾਲਤ ਤੋਂ ਲਾਇਆ ਜਾ ਸਕਦਾ ਹੈ। ਮੁਲਕ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਦੇ ਬਹੁਤੇ ਹਿੱਸਿਆਂ ਵਿੱਚ ਦੋ ਜਾਂ ਇਸ ਤੋਂ ਵੱਧ ਫ਼ਸਲਾਂ ਲੈਣ ਲਈ ਰਸਾਇਣਾਂ ਦੀ ਵਰਤੋਂ ਕਾਰਨ ਭੂਮੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਝੋਨੇ ਦੀ ਫ਼ਸਲ ਲਈ ਛੱਪੜ-ਸਿੰਜਾਈ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਲੋਕ ਹਵਾ ਦੇ ਪ੍ਰਦੂਸ਼ਣ ਦੇ ਨਤੀਜੇ ਵਜੋਂ ਅਨੇਕ ਬਿਮਾਰੀਆਂ ਦੀ ਮਾਰ ਝੱਲ ਰਹੇ ਹਨ।

ਮੁਲਕ ਦੀਆਂ ਅਨਾਜ ਅਤੇ ਹੋਰ ਖੇਤੀਬਾੜੀ ਵਸਤੂਆਂ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੇ ਬੱਚਿਆਂ ਦਾ ਦੂਜੇ ਮੁਲਕਾਂ ਵਿੱਚ ਪਰਵਾਸ ਰੋਕਣ ਲਈ ਜ਼ਰੂਰੀ ਹੈ ਕਿ ਸਰਕਾਰ ਖੇਤੀਬਾੜੀ ਨੀਤੀਆਂ ਵਿੱਚ ਤਬਦੀਲੀ ਲਿਆਵੇ। ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਤੈਅ ਕਰਨ ਸਦਕਾ ਖੇਤੀਬਾੜੀ ਲਾਹੇਵੰਦ ਧੰਦਾ ਬਣ ਜਾਵੇਗੀ। ਅਜਿਹਾ ਕਰਨ ਨਾਲ਼ ਵੱਡੇ ਕਿਸਾਨਾਂ ਦੀ ਆਮਦਨ ਜ਼ਿਆਦਾ ਵਧੇਗੀ ਪਰ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਆਮਦਨ ਵਿੱਚ ਬਹੁਤ ਘੱਟ ਵਾਧਾ ਹੋਵੇਗਾ ਕਿਉਂਕਿ ਇਨ੍ਹਾਂ ਕਿਸਾਨਾਂ ਕੋਲ਼ ਮੰਡੀ ਵਿੱਚ ਵੇਚਣ ਵਾਲ਼ੀਆਂ ਜਿਨਸਾਂ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਕੋਲ਼ ਆਪਣੀ ਕਿਰਤ ਤੋਂ ਸਿਵਾਇ ਉਤਪਾਦਨ ਦੇ ਕੋਈ ਸਾਧਨ ਨਹੀਂ ਹੁੰਦੇ, ਇਸ ਲਈ ਉਨ੍ਹਾਂ ਦੀ ਆਮਦਨ ਵਧਾਉਣ ਲਈ ਹੋਰ ਉਪਰਾਲਿਆਂ ਦੀ ਲੋੜ ਹੈ। ਖੇਤੀਬਾੜੀ ਖੇਤਰ ਵਿੱਚ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧ ਰਹੀ ਵਰਤੋਂ ਕਾਰਨ ਸੀਮਾਂਤ ਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਵੱਡੀ ਪੱਧਰ ਉੱਪਰ ਘਟੇ ਹਨ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਵਰਗਾਂ ਨੂੰ ਮਗਨਰੇਗਾ ਅਤੇ ਇਸ ਵਰਗੀਆਂ ਹੋਰ ਸਕੀਮਾਂ ਰਾਹੀਂ ਰੁਜ਼ਗਾਰ ਦਿੱਤਾ ਜਾਵੇ, ਇਨ੍ਹਾਂ ਦੀ ਘੱਟੋ-ਘੱਟ ਮਜ਼ਦੂਰੀ ਵਿੱਚ ਲੋੜੀਂਦਾ ਵਾਧਾ ਕੀਤਾ ਜਾਵੇ। ਖੇਤੀ ਖੇਤਰ ਉੱਪਰ ਨਿਰਭਰ ਲੋਕਾਂ ਦੀ ਆਮਦਨ 'ਚ ਇਤਨਾ ਵਾਧਾ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ ਜਿਸ ਸਦਕਾ ਉਹ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ- ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ ਸੇਵਾਵਾਂ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ, ਸਤਿਕਾਰਯੋਗ ਢੰਗ ਨਾਲ਼ ਪੂਰੀਆਂ ਕਰ ਸਕਣ।

ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਦੀਆਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਮੁਲਕ ਦੇ ਵੱਖ-ਵੱਖ ਖੇਤਰਾਂ ਵਿੱਚ ਫ਼ਸਲੀ ਚੱਕਰ ਉੱਥੋਂ ਦੀਆਂ ਖੇਤੀਬਾੜੀ ਜਲਵਾਯੂ ਹਾਲਾਤ ਅਨੁਸਾਰ ਹੋਵੇ। ਅਜਿਹਾ ਵੱਖ-ਵੱਖ ਖੇਤੀਬਾੜੀ ਜ਼ੋਨ ਬਣਾ ਕੇ ਕੀਤਾ ਜਾ ਸਕਦਾ ਹੈ। ਖੇਤੀਬਾੜੀ ਜਿਨਸਾਂ ਦੀ ਪ੍ਰੋਸੈਸਿੰਗ ਦੁਆਰਾ ਕੀਤੇ ਜਾਣ ਵਾਲੇ ਮੁੱਲ-ਵਾਧੇ ਦਾ ਫ਼ਾਇਦਾ ਖੇਤੀਬਾੜੀ ਖੇਤਰ ਉੱਪਰ ਨਿਰਭਰ ਵਰਗਾਂ ਤੱਕ ਪਹੁੰਚਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਵਰਗਾਂ ਦੀ ਮਲਕੀਅਤ ਵਾਲ਼ੇ ਸਹਿਕਾਰੀ ਯੂਨਿਟਾਂ ਦੀ ਬਣਦੀ ਵਿੱਤੀ ਮਦਦ ਕਰੇ।

ਖੇਤੀਬਾੜੀ ਉੱਪਰ ਨਿਰਭਰ ਵਰਗਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਇਨ੍ਹਾਂ ਵਰਗਾਂ ਦੀਆਂ ਜੱਥੇਬੰਦੀਆਂ ਇਨ੍ਹਾਂ ਵਰਗਾਂ ਨੂੰ ਸਹਿਕਾਰੀ ਖੇਤੀਬਾੜੀ ਅਤੇ ਹੋਰ ਸਹਿਕਾਰੀ ਉਦਮਾਂ ਵੱਲ ਸੇਧਿਤ ਕਰਨ ਜਿਸ ਸਦਕਾ ਇਨ੍ਹਾਂ ਵਰਗਾਂ ਦੀ ਆਮਦਨ ਵਿੱਚ ਵਾਧਾ ਅਤੇ ਰਹਿਣ-ਸਹਿਣ ਦੇ ਪੱਧਰ ਵਿੱਚ ਸੁਧਾਰ ਹੋਣਾ ਯਕੀਨੀ ਬਣਾਇਆ ਜਾ ਸਕਦਾ ਹੈ।








## ਮਨੁੱਖਤਾ ਦੇ ਮੱਥੇ ਦਾ ਕਲੰਕ ਹੈ

# ਮਨੁੱਖੀ ਤਸਕਰੀ

ਲੇਖਕ : ਪ੍ਰੋਫੈਸਰ ਪਰਮਜੀਤ ਸਿੰਘ

ਕੋਈ ਵੇਲਾ ਸੀ ਜਦੋਂ ਭਾਰਤ ਹੀ ਨਹੀਂ ਸਗੋਂ ਦੂਜੇ ਮੁਲਕਾਂ ਵਿਚ ਵੀ ਪਸ਼ੂਆਂ ਦੇ ਨਾਲ-ਨਾਲ ਮਨੁੱਖਾਂ ਦੀ ਵੀ ਮੰਡੀ ਲਗਦੀ ਹੁੰਦੀ ਸੀ। ਜਵਾਨ ਔਰਤਾਂ ਤੇ ਮਰਦਾਂ ਅਤੇ ਬੱਚਿਆਂ ਤੱਕ ਦੀ ਬੋਲੀ ਲਗਾਈ ਜਾਂਦੀ ਸੀ ਤੇ ਖ਼ਰੀਦ ਕੇ ਲੈ ਜਾਣ ਤੋਂ ਬਾਅਦ ਮਾਲਕ ਵਲੋਂ ਉਨ੍ਹਾਂ ਨੂੰ ਬਿਨਾਂ ਕੋਈ ਪੈਸਾ ਜਾਂ ਮਜ਼ਦੂਰੀ ਅਦਾ ਕੀਤਿਆਂ ਉਨ੍ਹਾਂ ਤੋਂ ਗ਼ੁਲਾਮਾਂ ਵਾਂਗ ਕੰਮ ਲਿਆ ਜਾਂਦਾ ਸੀ। ਔਰਤਾਂ ਤੇ ਬੱਚੀਆਂ ਦਾ ਤਾਂ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਸੀ। ਗ਼ੁਲਾਮ ਪ੍ਰਥਾ ਖ਼ਿਲਾਫ਼ ਦੁਨੀਆ ਭਰ ਵਿਚ ਉੱਠੇ ਵੱਖ-ਵੱਖ ਅੰਦੋਲਨਾਂ ਕਰਕੇ ਇਹ ਪ੍ਰਥਾ ਕਾਫੀ ਹੱਦ ਤੱਕ ਖ਼ਤਮ ਹੋ ਗਈ ਮੰਨੀ ਜਾਣ ਲੱਗ ਪਈ ਸੀ ਪਰ ਕੁਝ ਇਕ ਸਮਾਜ ਵਿਗਿਆਨੀਆਂ ਦਾ ਮਤ ਹੈ ਕਿ ਸਮਾਂ ਬਦਲਣ ਨਾਲ ਮਨੁੱਖੀ ਖਰੀਦੋ-ਫ਼ਰੋਖ਼ਤ ਦਾ ਸਰੂਪ ਬਦਲ ਗਿਆ ਪਰ ਇਹ ਪ੍ਰਥਾ ਖ਼ਤਮ ਨਹੀਂ ਹੋਈ। ਅੱਜ ਵੀ ਦੁਨੀਆ ਭਰ ਵਿਚੋਂ ਔਰਤਾਂ, ਲੜਕੀਆਂ ਅਤੇ ਬੱਚਿਆਂ ਨੂੰ ਅਗਵਾ ਕਰ ਲਿਆ ਜਾਂਦਾ ਹੈ ਤੇ ਫਿਰ ਉਨ੍ਹਾਂ ਤੋਂ ਸਰੀਰਕ ਮਿਹਨਤ ਜਾਂ ਬੰਧੂਆ ਮਜ਼ਦੂਰੀ ਵਾਲੇ ਕੰਮ ਕਰਵਾਏ ਜਾਂਦੇ ਹਨ ਜਾਂ ਭੀਖ ਮੰਗਣ ਦੇ 'ਕਾਲੇ ਕਾਰੋਬਾਰ' ਵਿਚ ਲਗਾ ਦਿੱਤਾ ਜਾਂਦਾ ਹੈ ਤੇ ਲੜਕੀਆਂ ਨੂੰ ਵੇਸ਼ਵਾਗਮਨੀ ਦੇ ਧੰਦੇ ਵਿਚ ਧਕੇਲ ਕੇ ਉਨ੍ਹਾਂ ਦਾ ਜੀਵਨ ਨਾਸ਼ ਕਰ ਦਿੱਤਾ ਜਾਂਦਾ ਹੈ।

ਅੱਜ 30 ਜੁਲਾਈ ਦਾ ਦਿਨ ਉਪਰੋਕਤ ਕਸ਼ਟਾਂ ਨਾਲ ਵਾਬਸਤਾ ਲੋਕਾਂ ਨੂੰ ਸਮਰਪਿਤ ਹੈ ਤੇ ਪੂਰੇ ਵਿਸ਼ਵ ਵਿਚ ਇਹ ਦਿਨ 'ਇੰਟਰਨੈਸ਼ਨਲ ਡੇਅ ਅਗੇਂਸਟ ਟਰੈਫਿਕਿੰਗ ਇਨ ਹਿਊਮਨਜ਼' ਭਾਵ 'ਕੌਮਾਂਤਰੀ ਮਨੁੱਖੀ ਤਸਕਰੀ ਵਿਰੋਧੀ ਦਿਵਸ' ਦੇ ਸਿਰਲੇਖ ਹੇਠ ਹਰ ਸਾਲ ਮਨਾਇਆ ਜਾਂਦਾ ਹੈ। ਸੰਨ 2013 ਵਿਚ ਹੋਈ ਸੰਯੁਕਤ ਰਾਸ਼ਟਰ ਸੰਘ ਦੀ ਜਨਰਲ ਅਸੈਂਬਲੀ ਭਾਵ ਆਮ ਸਭਾ ਵਿਚ ਇਸ ਦਿਵਸ ਨੂੰ ਮਨਾਉਣ ਸੰਬੰਧੀ ਮਤਾ ਪਾਸ ਕੀਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਮਨੁੱਖੀ ਤਸਕਰੀ ਅਤੇ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੂੰ ਸਮਰਪਿਤ ਕਰਕੇ ਇਕ ਅਜਿਹਾ ਦਿਨ ਮਨਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ, ਜਿਸ ਵਿਚ ਪੀੜਤ ਲੋਕਾਂ ਦੇ ਹੱਕਾਂ ਸੰਬੰਧੀ ਜਾਗਰੂਕਤਾ ਫੈਲਾਈ ਜਾਵੇ ਤੇ ਪੀੜਤਾਂ ਨੂੰ ਨਰਕ ਕੁੰਭ 'ਚੋਂ ਕੱਢ ਕੇ ਇਕ ਚੰਗਾ ਜੀਵਨ ਜਿਊਣ ਦੇ ਕਾਬਲ ਬਣਾਇਆ ਜਾਵੇ। ਸੰਨ 2003 ਵਿਚ ਸੰਯੁਕਤ ਰਾਸ਼ਟਰ ਦੇ 'ਡਰੱਗ ਐਂਡ ਕ੍ਰਾਈਮ ਵਿਭਾਗ' ਨੇ ਉਕਤ ਸਮੱਸਿਆ ਨਾਲ ਪੀੜਤ ਸਵਾ ਦੋ ਲੱਖ ਦੇ ਕਰੀਬ ਵਿਅਕਤੀਆਂ ਦੀ ਪਛਾਣ ਕੀਤੀ ਸੀ ਤੇ ਉਪਰੰਤ ਸਮੂਹ ਮੁਲਕਾਂ ਨੇ ਅਜਿਹੇ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਮੁਕਤੀ ਦੁਆਉਣ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਸੀ। ਪ੍ਰਾਪਤ ਅੰਕੜਿਆਂ ਅਨੁਸਾਰ ਮਨੁੱਖੀ ਤਸਕਰੀ ਜਾਂ ਟਰੈਫਿਕਿੰਗ ਦੀਆਂ ਸ਼ਿਕਾਰ ਔਰਤਾਂ ਜਾਂ ਲੜਕੀਆਂ ਵਿਚੋਂ 65 ਫ਼ੀਸਦੀ ਲੜਕੀਆਂ ਨੂੰ ਦੇਹ ਵਪਾਰ ਦੇ ਧੰਦੇ ਵਿਚ ਲਗਾ ਦਿੱਤਾ ਜਾਂਦਾ ਹੈ ਤੇ 35 ਫ਼ੀਸਦੀ ਕੋਲੋਂ ਬੰਧੂਆ ਮਜ਼ਦੂਰੀ ਕਰਵਾਈ ਜਾਂਦੀ ਹੈ।

ਸੰਯੁਕਤ ਰਾਸ਼ਟਰ ਵਲੋਂ ਕਰਵਾਏ ਗਏ ਅਧਿਐਨ ਵਿਚ ਇਹ ਪਤਾ ਲੱਗਾ ਹੈ ਕਿ ਇਸ ਗੋਰਖਧੰਦੇ ਵਿਚ ਫਸ ਚੁੱਕੇ ਨੌਜਵਾਨਾਂ ਨੂੰ ਸ਼ਾਤਰ ਦਿਮਾਗ ਅਪਰਾਧੀਆਂ ਨੇ ਨੌਕਰੀ ਜਾਂ ਪੈਸਿਆਂ ਦਾ ਲਾਲਚ ਦੇ ਕੇ ਫਸਾਇਆ ਹੁੰਦਾ ਹੈ। ਨਿੱਕੇ ਬੱਚਿਆਂ ਨੂੰ ਜਾਂ ਤਾਂ ਅਗਵਾ ਕਰ ਲਿਆ ਜਾਂਦਾ ਹੈ ਜਾਂ ਫਿਰ ਗਰੀਬ ਮਾਪਿਆਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਬੱਚੇ ਉਨ੍ਹਾਂ ਤੋਂ ਲੈ ਲਏ ਜਾਂਦੇ ਹਨ ਤੇ ਫਿਰ ਇਸ ਕਾਲੇ ਕਾਰੋਬਾਰ ਵਿਚ ਧੱਕ ਦਿੱਤੇ ਜਾਂਦੇ ਹਨ। ਇਸ ਧੰਦੇ ਦੇ ਮਾਹਰ ਲੋਕ ਸਮਾਜ ਵਿਚ ਗਰੀਬ, ਇਕੱਲੇ, ਬੇਰੁਜ਼ਗਾਰ, ਅਨਪੜ੍ਹ ਲੋਕਾਂ ਨੂੰ ਤਲਾਸ਼ਦੇ ਰਹਿੰਦੇ ਹਨ ਤੇ ਹੋਰ ਤਾਂ ਹੋਰ ਕਿਸੇ ਮੁਲਕ ਵਿਚ ਜੰਗ ਜਾਂ ਕੁਦਰਤੀ ਆਫ਼ਤ ਦੇ ਸ਼ਿਕਾਰ ਔਰਤਾਂ ਤੇ ਬੱਚਿਆਂ ਨੂੰ ਵੀ ਆਪਣਾ ਸ਼ਿਕਾਰ ਬਣਾਉਣ ਤੋਂ ਬਾਜ਼ ਨਹੀਂ ਆਉਂਦੇ। ਅਨੇਕਾਂ ਬੱਚਿਆਂ ਤੇ ਔਰਤਾਂ ਨੂੰ ਤਾਂ ਅਜਿਹੇ ਅਨਜਾਣੇ ਮੁਲਕਾਂ ਵਿਚ ਲਿਜਾਇਆ ਜਾਂਦਾ ਹੈ ਜਿੱਥੋਂ ਦੀ ਭਾਸ਼ਾ ਵੀ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ। ਉਨ੍ਹਾਂ ਮੁਲਕਾਂ ਵਿਚ ਇਨ੍ਹਾਂ ਵਿਚਾਰਿਆਂ ਦੀ ਮਦਦ ਲਈ ਕੋਈ ਨਹੀਂ ਬਹੁੜਦਾ ਤੇ ਫਿਰ ਕਈ ਸਾਲ ਦੀ ਤਸ਼ੱਦਦ ਭਰੀ ਜ਼ਿੰਦਗੀ ਕੱਟਣ ਪਿੱਛੋਂ ਉਹ ਕਿਹੜੇ ਖੂਹ-ਖਾਤੇ ਪੈ ਜਾਂਦੇ ਹਨ ਇਹ ਵੀ ਕੋਈ ਨਹੀਂ ਜਾਣਦਾ। ਭਾਰਤ ਵਿਚ ਸੰਨ 2016 ਵਿਚ 2 ਲੱਖ 90 ਹਜ਼ਾਰ, 439 ਲੋਕਾਂ ਦੇ ਗੁੰਮ ਹੋਣ ਸੰਬੰਧੀ ਰਿਪੋਰਟਾਂ ਦਰਜ ਹੋਈਆਂ ਸਨ ਜੋ ਕਿ ਸੰਨ 2018 ਵਿਚ ਵਧ ਕੇ 3 ਲੱਖ, 47 ਹਜ਼ਾਰ, 524 ਹੋ ਗਈਆਂ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਰਤ ਵਿਚ 40 ਹਜ਼ਾਰ ਬੱਚੇ ਹਰ ਸਾਲ ਅਗਵਾ ਕੀਤੇ ਜਾਂਦੇ ਹਨ। ਇਕ ਹੋਰ ਰਿਪੋਰਟ ਅਨੁਸਾਰ 60 ਹਜ਼ਾਰ ਬੱਚੇ ਇੱਥੇ ਹਰ ਸਾਲ ਗੁੰਮਸ਼ੁਦਾ ਐਲਾਨੇ ਜਾਂਦੇ ਹਨ, ਜਿਨ੍ਹਾਂ ਵਿਚੋਂ 11 ਹਜ਼ਾਰ ਦਾ ਤਾਂ ਕੋਈ ਅਤਾ-ਪਤਾ ਹੀ ਨਹੀਂ ਲਗਦਾ। ਸਾਲ 2020 ਵਿਚ ਮੱਧ ਪ੍ਰਦੇਸ਼ ਵਿਚ 8751 ਅਤੇ ਰਾਜਸਥਾਨ ਵਿਚ 3179 ਬੱਚੇ ਗੁਮਸ਼ੁਦਾ ਐਲਾਨੇ ਗਏ ਸਨ ਤੇ ਸਾਲ 2021 ਵਿਚ ਇਹ ਅੰਕੜਾ ਵਧ ਕੇ ਕ੍ਰਮਵਾਰ 10648 ਅਤੇ 5354 ਹੋ ਗਿਆ ਸੀ ਤੇ ਸਾਲ 2021 ਵਿਚ ਹੀ ਉੱਤਰ ਪ੍ਰਦੇਸ਼ ਤੋਂ 2998 ਬੱਚੇ ਗੁੰਮਸ਼ੁਦਾ ਐਲਾਨੇ ਗਏ ਸਨ। ਵਧੇਰੇ ਦੁੱਖ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਗੁੰਮਸ਼ੁਦਾ ਐਲਾਨੇ ਗਏ ਬੱਚਿਆਂ ਵਿਚੋਂ 83 ਫ਼ੀਸਦੀ ਲੜਕੀਆਂ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਦੇ ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਸੀ। ਤਕਰੀਬਨ 12 ਹਜ਼ਾਰ ਤੋਂ ਲੈ ਕੇ 50 ਹਜ਼ਾਰ ਤੱਕ ਔਰਤਾਂ ਤੇ ਬੱਚੇ ਹਰ ਸਾਲ ਗੁਆਂਢੀ ਮੁਲਕਾਂ ਤੋਂ ਲਿਆ ਕੇ ਭਾਰਤ ਵਿਚ ਦੇਹ ਵਪਾਰ ਦੇ ਧੰਦੇ ਵਿਚ ਧਕੇਲ ਦਿੱਤੇ ਜਾਂਦੇ ਹਨ। ਯੂਨੀਸੈਫ਼ ਦੀ ਰਿਪੋਰਟ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਤਿੰਨ ਲੱਖ ਤੋਂ ਵੱਧ ਬੱਚਿਆਂ ਨੂੰ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਚੱਲ ਰਹੇ ਹਥਿਆਰਬੰਦ ਵਿਦਰੋਹਾਂ ਵਿਚ ਵਰਤਿਆ ਜਾ ਰਿਹਾ ਹੈ। ਬਦਕਿਸਮਤੀ ਨਾਲ ਸਾਢੇ ਬਾਰਾਂ ਲੱਖ ਬੱਚਿਆਂ ਨੂੰ ਬੇਹੱਦ ਖ਼ਤਰਨਾਕ ਕੰਮ-ਧੰਦਿਆਂ ਵਿਚ ਲਗਾਇਆ ਗਿਆ ਹੈ। ਅਮਰੀਕਾ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਨੂੰ 'ਚਾਈਲਡ ਪੋਰਨ ਇੰਡਸਟਰੀ' ਵਿਚ ਵਰਤਿਆ ਜਾਂਦਾ ਹੈ। ਭਾਰਤ ਵਿਚ ਨਕਸਲਵਾਦੀਆਂ ਨੇ ਤਾਂ 'ਬਾਲ ਦਸਤੇ' ਵੀ ਕਾਇਮ ਕੀਤੇ ਹੋਏ ਹਨ। ਇੱਥੇ ਤਿੰਨ ਲੱਖ ਦੇ ਕਰੀਬ ਭੀਖ ਮੰਗਦੇ ਹਨ ਤੇ 44 ਹਜ਼ਾਰ ਬੱਚੇ ਵੱਖ-ਵੱਖ ਅਪਰਾਧੀ ਗਰੋਹਾਂ ਲਈ ਕੰਮ ਕਰਦੇ ਹਨ। ਭਾਰਤੀ ਪੁਲਿਸ ਵਲੋਂ ਜਾਰੀ ਅੰਕੜਿਆਂ ਅਨੁਸਾਰ 20 ਲੱਖ ਔਰਤਾਂ ਤੇ ਬੱਚੇ ਰੈੱਡਲਾਈਟ ਖੇਤਰਾਂ ਵਿਚ ਹਨ। ਦੇਹ ਵਪਾਰ ਦੇ ਧੰਦੇ ਨਾਲ ਜੁੜੇ ਲੋਕਾਂ ਵਿਚ 40 ਫ਼ੀਸਦੀ ਬੱਚੇ ਹਨ। ਇਹ ਅੰਕੜੇ ਬੜੇ ਹੀ ਤਕਲੀਫ਼ਦੇਹ ਹਨ।

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਨਟੋਨੀਓ ਗੁਟਰੇਸ ਨੇ ਕਿਹਾ ਸੀ, 'ਅੱਜ ਦੇ ਦਿਨ ਆਓ ਉਸ ਪ੍ਰਣ ਨੂੰ ਦੁਹਰਾਈਏ ਕਿ ਅਸੀਂ ਉਨ੍ਹਾਂ ਸਾਰੇ ਅਪਰਾਧੀਆਂ ਨੂੰ ਨੱਥ ਪਾਵਾਂਗੇ ਜੋ ਆਪਣੇ ਫ਼ਾਇਦੇ ਲਈ ਬੜੀ ਬੇਦਰਦੀ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਦੇ ਹਨ ਤੇ ਨਾਲ ਹੀ ਇਹ ਪ੍ਰਣ ਵੀ ਦੁਹਰਾਈਏ ਕਿ ਅਜਿਹੇ ਪੀੜਤ ਲੋਕਾਂ ਨੂੰ ਅਸੀਂ ਉਨ੍ਹਾਂ ਦੇ ਮਨੁੱਖੀ ਅਧਿਕਾਰ ਵਾਪਸ ਦਿਵਾ ਕੇ ਉਨ੍ਹਾਂ ਨੂੰ ਇਕ ਚੰਗਾ ਜੀਵਨ ਜਿਊਣ ਲਈ ਦੇਵਾਂਗੇ।'

# ਨਕਲੀ ਦੁੱਧ ਅਤੇ ਦੁੱਧ ਤੋਂ ਬਣ ਰਹੀਆਂ ਵਸਤਾਂ ਸਿਹਤ ਲਈ ਹਾਨੀਕਾਰਕ

ਲੇਖਕ : ਨਰਿੰਦਰ ਸਿੰਘ ਜ਼ੀਰਾ,
ਸੰਪਰਕ : 98146 - 62260

ਨਕਲੀ ਅਤੇ ਮਿਲਾਵਟੀ ਦੁੱਧ ਦੇ ਕਾਰੋਬਾਰੀ ਮਨੁੱਖੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਦੁੱਧ ਤੇ ਦੁੱਧ ਤੋਂ ਬਣੀਆਂ ਖਾਣ-ਪੀਣ ਵਾਲੀਆਂ ਵਸਤਾਂ ਸਿਹਤ ਨੂੰ ਤੰਦਰੁਸਤ ਕਰਨ ਦੀ ਬਜਾਏ ਖਰਾਬ ਵੀ ਕਰ ਸਕਦੀਆਂ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਰੋਜ਼ਾਨਾ 64 ਕਰੋੜ ਲੀਟਰ ਦੁੱਧ ਦੀ ਵਿਕਰੀ ਹੁੰਦੀ ਹੈ, ਜਿਸ ਵਿੱਚੋਂ 50 ਕੋਰੜ ਲੀਟਰ ਮਿਲਾਵਟੀ ਤੇ ਨਕਲੀ ਹੋਣ ਦਾ ਖ਼ਦਸ਼ਾ ਹੈ। ਕਰੀਬ 6 ਕਰੋੜ ਲੀਟਰ ਡੱਬਾ ਬੰਦ ਦੁੱਧ ਲੋਕ ਰੋਜ਼ਾਨਾ ਪੀਂਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਭਾਰਤ ਸਰਕਾਰ ਨੂੰ ਚਿਤਾਵਣੀ ਦਿੱਤੀ ਹੈ ਕਿ ਜੇਕਰ ਮਿਲਾਵਟੀ ਅਤੇ ਨਕਲੀ ਦੁੱਧ ਦੇ ਕਾਰੋਬਾਰ ਨੂੰ ਨਾ ਰੋਕਿਆ ਗਿਆ ਤਾਂ ਭਾਰਤੀ ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਪੀੜਤ ਹੋ ਜਾਣਗੇ। ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਪੇਸ਼ ਅੰਕੜਿਆਂ ਅਨੁਸਾਰ ਦੁੱਧ ਵਿੱਚ ਮਿਲਾਵਟ ਦੇ ਸਭ ਤੋਂ ਵੱਧ ਮਾਮਲੇ ਉੱਤਰ ਪ੍ਰਦੇਸ਼ ਵਿੱਚ ਫੜੇ ਗਏ ਹਨ। ਇਸ ਤੋਂ ਬਾਅਦ ਕੇਰਲ ਤੇ ਤਾਮਿਲਨਾਡੂ ਆਉਂਦੇ ਹਨ। ਪੰਜਾਬ ਵਿੱਚ ਵੀ ਦੁੱਧ ਤੇ ਦੁੱਧ ਦੇ ਉਤਪਾਦਾਂ ਵਿੱਚ ਮਿਲਾਵਟ ਦੀ ਮਾਤਰਾ ਪਾਈ ਗਈ। ਪਰ ਇਹ ਦੁੱਧ ਵਿੱਚ ਮਿਲਾਵਟ ਹੋਰ ਸੂਬਿਆਂ ਦੇ ਮੁਕਾਬਲੇ ਘੱਟ ਹੈ। ਇਹ ਅੰਕੜੇ ਦੁੱਧ, ਦੁੱਧ ਦੇ ਪੈਕਟਾਂ, ਪਨੀਰ, ਦਹੀਂ, ਮਠਿਆਈ, ਬਿਸਕੁਟ ਆਦਿ ਦੇ ਸੈਂਪਲਾਂ ਦੀ ਜਾਂਚ ਤੋਂ ਨਿਕਲੇ ਨਤੀਜਿਆਂ ਦੇ ਆਧਾਰ 'ਤੇ ਮਿਲੇ ਹਨ।

ਭਾਰਤ ਵਿੱਚ 6 ਕਰੋੜ ਡੱਬਾ ਬੰਦ ਦੁੱਧ ਦਾ ਸਾਲਾਨਾ ਪੰਝੱਤਰ ਹਜ਼ਾਰ ਕਰੋੜ ਦਾ ਸਾਲਾਨਾ ਕਾਰੋਬਾਰ ਹੈ। ਰਾਜ ਸਭਾ ਵਿੱਚ ਫੂਡ ਐਂਡ ਸਟੈਂਡਰਡ ਅਥਾਰਟੀ ਆਫ ਇੰਡਿਆਂ ਵੱਲੋਂ ਤਿੰਨ ਸਾਲਾਂ ਵਿੱਚ ਲਏ ਗਏ ਦੁੱਧ ਦੇ ਸੈਂਪਲਾਂ ਦੀ ਰਿਪੋਰਟ ਦੇ ਆਧਾਰ 'ਤੇ ਮਿਲ ਅੰਕੜੇ ਪੇਸ਼ ਕੀਤੇ ਗਏ। ਇਨ੍ਹਾਂ ਮੁਤਾਬਕ ਉੱਤਰ ਪ੍ਰਦੇਸ਼ ਵਿੱਚ ਤਿੰਨ ਸਾਲਾਂ ਦੌਰਾਨ ਦੁੱਧ ਤੇ ਦੁੱਧ ਤੋਂ ਬਣੇ ਉਤਪਾਦਾਂ ਦੇ 27750 ਵਿੱਚੋਂ 16183 ਸੈਂਪਲ ਫੇਲ ਹੋਏ। ਤਾਮਿਲਨਾਡੂ ਵਿੱਚੋਂ 18146 ਵਿੱਚੋਂ 2237 ਤੇ ਕੇਰਲ ਵਿੱਚੋਂ 10792 ਵਿੱਚੋਂ 1297 ਸੈਂਪਲ ਫੇਲ ਪਾਏ। ਪੰਜਾਬ ਵਿੱਚੋਂ 20988 ਸੈਂਪਲ ਲਏ ਗਏ, ਜਿਸ ਵਿੱਚੋਂ 3712 ਸੈਂਪਲ ਫੇਲ ਹੋਏ। ਰਿਪੋਰਟ ਮੁਤਾਬਕ ਸਾਲ 2023-24 ਦੌਰਾਨ ਪੰਜਾਬ ਦੇ 6041 ਸੈਂਪਲਾਂ ਵਿੱਚੋਂ 929 ਸੈਂਪਲ ਫੇਲ ਪਾਏ ਗਏ। ਜਦਕਿ ਹਿਮਾਚਲ ਪ੍ਰਦੇਸ਼ ਵਿੱਚ 1617 ਵਿੱਚੋਂ 386, ਹਰਿਆਣਾ ਵਿੱਚ 3485 ਵਿੱਚੋਂ 856 ਤੇ ਰਾਜਸਥਾਨ ਦੇ 18264 ਸੈਂਪਲਾਂ ਵਿੱਚੋਂ 3565 ਸੈਂਪਲ ਫੇਲ ਹੋਏ ਹਨ।

ਮਿਲਾਵਟੀ ਦੁੱਧ ਵੇਚਣ ਵਾਲਿਆਂ ਖਿਲਾਫ਼ ਕਾਰਵਾਈ ਕਰਨ ਵਿੱਚ ਉੱਤਰ ਪ੍ਰਦੇਸ਼ ਸਭ ਤੋਂ ਅੱਗੇ ਹੈ। ਉੱਤਰ ਪ੍ਰਦੇਸ਼ ਨੇ ਮਿਲਾਵਟ ਕਰਨ ਵਾਲਿਆਂ ਖਿਲਾਫ਼ 1928 ਮਾਮਲੇ ਦਰਜ ਕੀਤੇ ਜਦਕਿ ਤਾਮਿਲਨਾਡੂ, ਕੇਰਲਾ, ਮਹਾਰਾਸ਼ਟਰ, ਬਿਹਾਰ, ਹਰਿਆਣਾ, ਪੰਜਾਬ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਨੇ ਕਰਮਵਾਰ 944, 737, 191, 174, 117, 76, 83, 8 ਲੋਕਾਂ ਖਿਲਾਫ਼ ਅਪਰਾਧਿਕ ਮਾਮਲੇ ਦਰਜ ਕੀਤੇ। ਰਿਪੋਰਟ ਵਿੱਚ ਮਿਜ਼ੋਰਮ ਇੱਕ ਅਜਿਹਾ ਸੂਬਾ ਹੈ ਜਿੱਥੇ ਕੋਈ ਵੀ ਸੈਂਪਲ ਨਹੀਂ ਲਿਆ ਗਿਆ। ਪੰਜਾਬ ਅੰਦਰ 25 ਲੱਖ ਗਾਊਆਂ ਅਤੇ 40 ਲੱਖ ਮੱਝਾਂ ਹੋਣ ਦੇ ਸਰਕਾਰੀ ਅੰਕੜੇ ਹਨ। ਪਰ ਦੁੱਧ ਦੇਣ ਵਾਲੇ ਪਸ਼ੂਆਂ ਦੀ ਗਿਣਤੀ ਬਹੁਤ ਘੱਟ ਦੱਸੀ ਜਾ ਰਹੀ ਹੈ। ਪੰਜਾਬ ਅੰਦਰ ਰੋਜ਼ਾਨਾ 16 ਲੱਖ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ। ਸੂਬੇ ਅੰਦਰ ਦੁੱਧ ਦੇ ਕੁੱਲ ਉਤਪਾਦਨ ਦਾ 60 ਫ਼ੀਸਦੀ ਹਿੱਸਾ ਲੋਕਾਂ ਦੁਆਰਾ ਵਰਤ ਲਿਆ ਜਾਂਦਾ ਹੈ ਅਤੇ 40 ਫ਼ੀਸਦੀ ਦੁੱਧ ਮੱਖਣ, ਦਹੀਂ, ਪਨੀਰ, ਸੁੱਕਾ ਦੁੱਧ ਬਣਾਉਣ ਲਈ ਵਰਤਿਆ ਜਾਂਦਾ ਹੈ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡਿਆ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ ਸੂਬੇ ਵਿੱਚ ਦੁੱਧ ਦੇ 37 ਫ਼ੀਸਦੀ ਨਮੂਨੇ ਜਾਂਚ ਦੌਰਾਨ ਫੇਲ ਪਾਏ ਗਏ। ਜ਼ਿਆਦਾ ਮੁਨਾਫੇ ਦੀ ਆਸ ਵਿੱਚ ਸ਼ਹਿਰਾਂ ਸਮੇਤ ਪਿੰਡਾਂ ਵਿੱਚ ਵੀ ਦੁੱਧ ਵੇਚਣ ਵਾਲੇ ਡੇਅਰੀ ਸੰਚਾਲਕ ਦੁੱਧ ਨੂੰ ਅਰਾਰੋਟ, ਰੰਗ, ਕੱਪੜੇ ਧੋਣ ਵਾਲੇ ਪਾਊਡਰ, ਗੁਲੋਕੇਜ਼ ਅਤੇ ਮਿਲਕ ਪਾਊਡਰ ਨਾਲ ਦੁੱਧ ਤਿਆਰ ਕਰਕੇ ਮਨੁੱਖੀ ਸਿਹਤ ਨਾਲ ਖੇਡ ਰਹੇ ਹਨ।

ਚੰਡੀਗੜ੍ਹ ਨੇੜੇ ਖਰੜ ਸਥਿਤ ਡਰੱਗ ਫੂਡ ਐਂਡ ਕੈਮੀਕਲ ਟੈਸਟਿੰਗ ਲੈਬੋਰਟਰੀ ਦੇ ਸੂਤਰਾਂ ਮੁਤਾਬਕ ਦੁੱਧ ਵਿੱਚ ਯੂਰੀਆ, ਡਿਟਰਜੈਂਟ, ਕਾਸਟਿਡ ਸੋਡਾ, ਮਾਲਟੋਡੈਕਸਟਿਨ ਆਦਿ ਦੀ ਮਿਲਾਵਟ ਬਹੁਤ ਵਧ ਗਈ ਹੈ। ਦੁੱਧ ਛੇਤੀ ਖਰਾਬ ਨਾ ਹੋਵੇ, ਇਸ ਲਈ ਉਸ ਵਿੱਚ ਹਾਈਡਰੋਜਨ ਪੈਰਾਕਸਾਈਡ ਤੇ ਫਾਰਮਾਲਿਨ ਮਿਲਾਇਆ ਜਾਂਦਾ ਹੈ। ਅਮੋਨੀਆ ਕਾਰਨ ਖਰਾਬ ਹੋਇਆ ਟੇਸਟ ਠੀਕ ਕਰਨ ਲਈ ਆਟਾ ਤੇ ਸਟਾਰਡ ਮਿਲਾਇਆ ਜਾਂਦਾ ਹੈ।

ਚੰਡੀਗੜ੍ਹ ਸਥਿਤ ਗੈਸਟਾਲੋਜਿਸਟ ਡਾ. ਜੀ ਐੱਸ ਨਾਗਪਾਲ ਮੁਤਾਬਕ ਦੁੱਧ ਵਿੱਚ ਮਿਲਾਵਟ ਬਹੁਤ ਖਤਰਨਾਕ ਹੈ। ਇਹ ਮਿਲਾਵਟੀ ਤੱਤ ਹੌਲੀ ਹੌਲੀ ਪੇਟ ਤੇ ਫਿਰ ਲਿਵਰ ਸਮੇਤ ਸਰੀਰ ਦੇ ਵੱਖ ਵੱਖ ਅੰਗਾਂ ਨੂੰ ਆਪਣੀ ਜਕੜ ਵਿੱਚ ਲੈ ਕੇ ਨਵੀਂਆਂ ਨਵੀਂਆਂ ਬਿਮਾਰੀਆਂ ਪੈਦਾ ਕਰਦੇ ਹਨ। ਔਰਤਾਂ ਤੇ ਕੁੜੀਆਂ ਵਿੱਚ ਦੁੱਧ ਪੀਣ ਨਾਲ ਹਾਰਮੋਨਲ ਬਦਲਾਅ ਆਉਣੇ ਸ਼ੁਰੂ ਹੋ ਜਾਂਦੇ ਹਨ। ਬੱਚਿਆਂ ਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ।

ਦੁੱਧ ਵੇਚਣ ਵਾਲੇ ਡੇਅਰੀ ਸੰਚਾਲਕਾਂ ਦੇ ਜ਼ਿਆਦਾਤਰ ਨਮੂਨੇ ਫੇਲ ਹੁੰਦੇ ਹਨ। ਦੁੱਧ ਵਿਕਰੇਤਾ ਜ਼ਿਆਦਾ ਮੁਨਾਫੇ ਦੀ ਆਸ ਵਿੱਚ ਦੁੱਧ ਵਿੱਚ ਪਾਣੀ ਪਾ ਕੇ ਉਸ ਨੂੰ ਗਾੜ੍ਹਾ ਕਰਨ ਲਈ ਅਰਾਰੋਟ ਪਾਊਡਰ ਦੀ ਵਰਤੋਂ ਕਰਦੇ ਹਨ। ਪਸ਼ੂਆਂ ਦੇ ਲਗਾਏ ਜਾਂਦੇ ਟੀਕਿਆਂ ਵਾਲਾ ਦੁੱਧ ਸਿਹਤ ਲਈ ਹਾਨੀਕਾਰਕ ਹੈ। ਕੱਪੜੇ ਧੋਣ ਵਾਲੇ ਪਾਊਡਰ ਅਤੇ ਕੰਧਾਂ ਨੂੰ ਕਰਨ ਵਾਲੇ ਰੰਗ ਨਾਲ ਤਿਆਰ ਕੀਤਾ ਹੋਇਆ ਦੁੱਧ ਵੀ ਖਪਤਕਾਰਾਂ ਨੂੰ ਪਿਲਾਏ ਜਾਣ ਦੀਆਂ ਕਨਸੋਆਂ ਹਨ। ਸਰਕਾਰਾਂ ਦੀ ਬੇਲਾਗਤਾ ਕਾਰਨ ਭ੍ਰਿਸ਼ਟਾਚਾਰ ਤੇ ਮੁਨਾਫਾਖੋਰੀ ਦਾ ਰੁਝਾਨ ਜਾਰੀ ਰਹਿੰਦਾ ਹੈ। ਪਰ ਸਰਕਾਰ ਇਸ ਮਾਮਲੇ ਵਿੱਚ ਅਕਸਰ ਹੱਥ 'ਤੇ ਹੱਥ ਧਰੀ ਬੈਠੀਆਂ ਰਹਿੰਦੀਆਂ ਹਨ।

ਪੰਜਾਬ ਵਿੱਚ ਕਦੇ ਦੁੱਧ ਘਿਓ ਦੀਆਂ ਨਦੀਆਂ ਵਗਦੀਆਂ ਹੁੰਦੀਆਂ ਸਨ ਪਰ ਹੁਣੇ ਸੂਬੇ ਦੇ ਲਾਲਚੀ ਸਿਆਸਤਦਾਨਾਂ ਅਤੇ ਸਮਾਜਿਕ ਪੱਧਰ 'ਤੇ ਵਧਦੇ ਲਾਲਚ ਨੇ ਇੱਕ ਪਾਸੇ ਜਿੱਥੇ ਪਸ਼ੂ ਧਨ ਨੂੰ ਸੀਮਤ ਕਰ ਦਿੱਤਾ ਹੈ, ਉੱਥੇ ਵਧਦੀ ਅਬਾਦੀ ਲਈ ਦੁੱਧ ਘਿਓ ਦੀ ਵਧਦੀ ਮੰਗ ਨੇ ਨਕਲੀ ਦੁੱਧ ਦੇ ਵਪਾਰ ਨੂੰ ਹੋਰ ਵੀ ਉਤਸ਼ਾਹਿਤ ਕੀਤਾ ਹੈ। ਪੰਜਾਬ ਵਿੱਚ ਦੁੱਧ-ਘਿਓ ਦੀ ਘਾਟ ਦਾ ਸੰਕਟ ਵਧਣ ਪਿੱਛੇ ਕਈ ਕਾਰਨ ਜ਼ਿੰਮੇਵਾਰ ਹਨ। ਜੋਤਾਂ ਦੇ ਘਟਣ ਕਰਕੇ ਸੂਬੇ ਦੇ ਕਿਸਾਨਾਂ ਕੋਲ ਥੋੜ੍ਹੀਆਂ ਜ਼ਮੀਨਾਂ ਰਹਿ ਗਈਆਂ ਹਨ, ਜਿਸ ਕਾਰਨ ਉਹ ਦੁਧਾਰੂ ਪਸ਼ੂ ਛੱਡਣ ਲਈ ਮਜਬੂਰ ਹਨ। ਇਸ ਤੋਂ ਇਲਾਵਾ ਚਾਰੇ ਦੀ ਘਾਟ, ਮਹਿੰਗੀ ਹੁੰਦੀ ਜਾ ਰਹੀ ਪਸ਼ੂਆਂ ਦੀ ਫੀਡ ਅਤੇ ਸਾਂਝੀਆਂ ਜ਼ਮੀਨਾਂ ਦੇ ਘਟਦੇ ਜਾਣਾ ਆਦਿ ਇਸਦੇ ਹੋਰ ਕਾਰਨ ਗਿਣੇ ਜਾ ਸਕਦੇ ਹਨ।

ਦੂਜੇ ਪਾਸੇ ਅਜੋਕੀ ਨੌਜਵਾਨ ਪੀੜ੍ਹੀ ਵੀ ਦੁਧਾਰੂ ਪਸ਼ੂਆਂ ਦੀ ਸੇਵਾ ਸੰਭਾਲ ਕਰਨ ਤੋਂ ਕੰਨੀ ਕਤਰਾਉਂਦੀ ਨਜ਼ਰ ਆਉਂਦੀ ਹੈ, ਜਿਸ ਕਾਰਨ ਸੂਬੇ ਵਿੱਚ ਦੁੱਧ-ਘਿਓ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਲਾਲਚੀ ਲੋਕਾਂ ਵੱਲੋਂ ਵੱਡੀ ਪੱਧਰ 'ਤੇ ਨਕਲੀ ਦੁੱਧ ਤਿਆਰ ਕੀਤਾ ਜਾਂਦਾ ਹੈ। ਨਕਲੀ ਦੁੱਧ-ਘਿਓ ਦਾ ਰੁਝਾਨ ਤਾਂ ਦੇਸ਼ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਅਪਰਾਧਿਕ ਖ਼ਤਰਾ ਬਣ ਗਿਆ ਹੈ। ਇਸ ਸਮਾਜਿਕ ਧੰਦੇ ਵਿੱਚ ਸ਼ਾਮਿਲ ਲੋਕ ਲਾਲਚ ਵਿੱਚ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਮਾਹਿਰਾਂ ਅਨੁਸਾਰ ਨਕਲੀ ਦੁੱਧ ਬਣਾਏ ਜਾਣ ਲਈ ਜਿਨ੍ਹਾਂ ਘਾਤਕ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨਾਲ ਬੱਚਿਆਂ ਵਿੱਚ ਅਪੰਗਤਾ ਅਤੇ ਕੈਂਸਰ ਵਰਗੇ ਰੋਗ ਤਕ ਹੋ ਜਾਂਦੇ ਹਨ। ਪੰਜਾਬ ਦੇ ਲੋਕਾਂ ਲਈ ਦੁੱਧ ਅਤੇ ਘਿਓ ਸਿਰਫ ਖਾਣ-ਪੀਣ ਦੀਆਂ ਚੀਜ਼ਾਂ ਨਹੀਂ ਹਨ, ਇਨ੍ਹਾਂ ਚੀਜ਼ਾਂ ਦਾ ਪੰਜਾਬ ਦੀ ਸੱਭਿਆਚਾਰਕ ਪਛਾਣ ਵਿੱਚ ਵੱਡਾ ਯੋਗਦਾਨ ਹੈ। ਪੁਰਾਣੇ ਸਮਿਆਂ ਤੋਂ ਹੀ ਦੁੱਧ ਅਤੇ ਘਿਓ ਪੰਜਾਬ ਦੇ ਲੋਕਾਂ ਦੀ ਖੁਰਾਕ ਦਾ ਅਹਿਮ ਹਿੱਸਾ ਬਣੇ ਹੋਏ ਹਨ। ਇਨ੍ਹਾਂ ਦਾ ਸਹੀ ਤਰੀਕੇ ਨਾਲ ਉਤਪਾਦਨ ਅਤੇ ਵਰਤੋਂ ਸਿਹਤ ਲਈ ਲਾਭਦਾਇਕ ਹੈ। ਪਰ ਅਫਸੋਸ ਪਿਛਲੇ ਕੁਝ ਸਮਿਆਂ ਤੋਂ ਬਜ਼ਾਰ ਵਿੱਚ ਨਕਲੀ ਦੁੱਧ ਅਤੇ ਨਕਲੀ ਦੇਸੀ ਘਿਓ ਦੀ ਵਰਤੋਂ ਵਧਦੀ ਜਾ ਰਹੀ ਹੈ। ਇਸ ਤੋਂ ਸਿਹਤ ਲਈ ਬਹੁਤ ਵੱਡੇ ਖਤਰੇ ਉੱਭਰ ਕੇ ਸਾਹਮਣੇ ਆ ਰਹੇ ਹਨ। ਨਕਲੀ ਦੁੱਧ ਅਤੇ ਨਕਲੀ ਦੇਸੀ ਘਿਓ ਦੇ ਖੇਤਰ ਵਿੱਚ ਵਧ ਰਹੀ ਗਤੀਵਿਧੀ ਨੇ ਲੋਕਾਂ ਦੇ ਵਿਸ਼ਵਾਸ ਨੂੰ ਵੀ ਝਟਕਾ ਲਾਇਆ ਹੈ।

ਨਕਲੀ ਉਤਪਾਦਾਂ ਦੀ ਜਾਂਚ ਲਈ ਵੱਖ ਵੱਖ ਜ਼ਿਲ੍ਹਿਆਂ ਵਿੱਚ ਤੇਜ਼ੀ ਨਾਲ ਜਾਂਚ ਮੁਹਿੰਮ ਚਲਾਉਣੀ ਚਾਹੀਦੀ ਹੈ, ਜਿਸ ਨਾਲ ਅਸਲ ਦੁੱਧ ਅਤੇ ਘਿਓ ਦੇ ਨਿਰਮਾਤਾਵਾਂ ਦੀ ਸੁਰੱਖਿਆ ਕੀਤੀ ਜਾ ਸਕੇ। ਨਕਲੀ ਉਤਪਾਦਾਂ ਦੀ ਵਰਤੋਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਸਿਹਤ ਮੰਤਰਾਲੇ ਵੱਲੋਂ ਯਤਨ ਕਰਨ ਦੇ ਬਾਵਜੂਦ ਇਹ ਸਮੱਸਿਆ ਹੱਲ ਹੋਣ ਦੀ ਬਜਾਏ ਵਧਦੀ ਜਾ ਰਹੀ ਹੈ। ਪੰਜਾਬੀਆਂ ਦੀਆਂ ਅਸੀਸਾਂ ਦਾ ਹਿੱਸਾ ਦੁੱਧ ਤੇ ਦੇਸੀ ਘਿਓ ਹੁਣ ਨਕਲੀ ਰੂਪ ਬਣ ਸਰੀਰਾਂ ਵਿੱਚ ਜ਼ਹਿਰ ਘੋਲਣ ਲੱਗੇ ਹਨ। ਮਿਲਾਵਟ ਵਾਲੇ ਇਨ੍ਹਾਂ ਪਦਾਰਥਾਂ ਨੂੰ ਪੀਣ ਨਾਲ ਬੱਚਿਆਂ ਵਿੱਚ ਬੇਹੋਸ਼ੀ, ਹੱਡੀਆਂ ਦੀ ਕਮਜ਼ੋਰੀ ਅਤੇ ਬਜ਼ੁਰਗਾਂ ਵਿੱਚ ਕਿਡਨੀ ਅਤੇ ਹਾਰਟ ਦੀਆਂ ਸਮੱਸਿਆਵਾਂ ਜ਼ਿਆਦਾ ਵਧ ਰਹੀਆਂ ਹਨ। ਨਕਲੀ ਉਤਪਾਦਾਂ ਦਾ ਕਾਰੋਬਾਰ ਸੂਬੇ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੱਡੀ ਚੁਣੌਤੀ ਬਣ ਸਕਦਾ ਹੈ। ਆਮ ਲੋਕਾਂ ਨੂੰ ਸ਼ੁੱਧ ਦੁੱਧ-ਘਿਓ ਅਤੇ ਮਿਲਾਵਟ ਰਹਿਤ ਹੋਰ ਖੁਰਾਕੀ ਵਸਤਾਂ ਉਪਲਬਧ ਕਰਵਾਉਣਾ ਸਰਕਾਰਾਂ ਦਾ ਮੁੱਢਲਾ ਫ਼ਰਜ਼ ਬਣਦਾ ਹੈ।

# ਜਿਣਸੀ ਸ਼ੋਸ਼ਣ ਇੱਕ ਸਦੀਵੀ ਰੋਗ



ਲੇਖਕ : ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ, 98721 - 65741

ਜਦੋਂ ਤੋਂ ਇਸ ਧਰਤੀ ’ਤੇ ਕਬੀਲਿਆਂ ਦੇ ਰੂਪ ਵਿੱਚ ਮਨੁੱਖ ਨੇ ਜਨਮ ਲਿਆ, ਉਦੋਂ ਜ਼ਿਆਦਾ ਉਨ੍ਹਾਂ ਵਿੱਚ ਜਿਣਸੀ ਭੁੱਖ ਹੁੰਦੀ ਸੀ, ਜਿਸ ਨੂੰ ਹੌਲੀ-ਹੌਲੀ ਕਬੀਲਿਆ ਦੇ ਮੁਖੀਆਂ ਨੇ ਆਪਣੀ ਸਮਰੱਥਾ ਮੁਤਾਬਕ ਨੇਮਬੱਧ ਕਰਨ ਲਈ ਸਮੇਂ-ਸਮੇਂ ਸੰਘਰਸ਼ ਕੀਤਾ ਹੋਵੇਗਾ, ਪਰ ਅੱਜ ਤਕ ਸੰਪੂਰਨ ਸਮਾਜ ਅਜਿਹੀਆਂ ਨਮੋਸ਼ੀਯੋਗ ਘਟਨਾਵਾਂ ਤੋਂ ਪਾਕਿ ਨਹੀਂ ਹੋ ਸਕਿਆ। ਅੱਜ ਵੀ ਦੁਨੀਆ ਭਰ ਦੇ ਸਮੁੱਚੇ ਦੇਸਾਂ ਵਿੱਚੋਂ ਕੋਈ ਦੇਸ਼ ਸੰਪੂਰਨ ਛੁਟਕਾਰਾ ਨਹੀਂ ਪਾ ਸਕਿਆ।

ਅੱਜ ਦੁਨੀਆ ਦੇ ਦੇਸ਼ ਇਸ ਸ਼ਰਮਨਾਕ ਘਟਨਾਵਾਂ ਨਾਲ ਆਪੋ-ਆਪਣੇ ਤਰੀਕੇ ਨਾਲ ਲੜ ਰਹੇ ਹਨ, ਪਰ ਇਸ ’ਤੇ ਪੂਰਨ ਕਾਬੂ ਨਹੀਂ ਪਾ ਸਕੇ। ਅਜਿਹੇ ਭੱਦੇ ਦੋਸ਼ ਘਰ ਦੀਆਂ ਗਰੀਬ ਨੌਕਰਾਣੀ ਤੋਂ ਲੈ ਕੇ ਦੇਸ਼ਾਂ ਦੇ ਮੁਖੀਆਂ ਤਕ ਲਗਦੇ ਰਹੇ ਹਨ। ਇਸ ਦੋਸ਼ ਨਾਲ ਹਰ ਦੇਸ਼ ਦਾ ਉਹ ਸਮਾਂ ਵੀ ਬਚ ਨਹੀਂ ਸਕਿਆ, ਜਦੋਂ ਵਿੱਦਿਆ ਦੀ ਘਾਟ ਕਰਕੇ ਸਾਧੂ, ਸੰਤਾਂ, ਕਰਾਮਾਤੀਆ, ਜਾਦੂ-ਟੂਣਿਆ ਦਾ ਯੁਗ ਸੀ। ਅੱਜ ਕੱਲ੍ਹ ਦੇ ਉਨ੍ਹਾਂ ਸਾਧੂਆਂ, ਸੰਤਾਂ, ਗੁਰੂਆਂ ’ਤੇ ਜੇ ਤੁਸੀਂ ਪੂਰੀ ਨੀਝ ਨਾਲ ਝਾਤੀ ਮਾਰ ਕੇ ਸਮਝਣਾ ਚਾਹੋਗੇ ਤਾਂ ਤੁਹਾਨੂੰ ਸਭ ਜੇਲ੍ਹਾਂ ਵਿੱਚ ਬਿਰਾਜਮਾਨ ਹੋਏ ਮਿਲਣਗੇ। ਗੁਰੂ ਦਾ ਅਹੁਦਾ ਮਾਤਾ-ਪਿਤਾ ਤੋਂ ਵੀ ਉੱਪਰ ਹੁੰਦਾ ਹੈ, ਉਹ ਵੀ ਗੁਰੂ ਦਾ ਰੋਲ ਨਿਭਾਉਂਦੇ-ਨਿਭਾਉਂਦੇ ਆਖਰ ਭੇੜੀਏ ਬਣੇ ਦੇਖੋਗੇ।

ਸਮਾਜ ਵਿੱਚ ਅਜਿਹੀਆਂ ਘਟਨਾਵਾਂ ਨੂੰ ਜਨਮ ਦੇਣ ਦਾ ਜੋ ਮੁੱਖ ਕਾਰਨ ਬਣਦਾ ਹੈ, ਉਹ ਹੈ ਸਮਾਜ ਵਿੱਚ ਵਿੱਦਿਆ ਦੀ ਘਾਟ। ਅਸੀਂ ਆਪਣੇ ਬੱਚਿਆਂ ਨੂੰ ਬਣਦੇ ਮੌਕਿਆਂ ’ਤੇ ਅਜਿਹੀ ਸਿੱਖਿਆ ਨਹੀਂ ਦਿੰਦੇ। ਪੰਜਾਬੀ ਵਾਰਤਕ ਦੇ ਪਿਤਾਮਾ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਆਖਿਆ ਕਰਦੇ ਸਨ ਅਤੇ ਲਿਖਦੇ ਵੀ ਸਨ ਕਿ ਜਦੋਂ ਤੁਸੀਂ ਆਪਣੇ ਡੰਗਰ ਗਊ-ਮੱਝ ਆਦਿ ਨੂੰ ਤੁਸੀਂ ਸਾਨ੍ਹਾਂ ਅਤੇ ਝੋਟਿਆਂ ਪਾਸ ਲਿਜਾਂਦੇ ਹੋ ਤਾਂ ਉਸ ਸਮੇਂ ਨਾਲ ਗਏ ਬੱਚਿਆਂ ਨੂੰ ਸਮਝਾਇਆ ਜਾਵੇ ਕਿ ਅਜਿਹਾ ਕਰਨਾ ਸਾਡੇ ਲਈ ਕਿਉਂ ਜ਼ਰੂਰੀ ਹੈ? ਅਗਰ ਉਸ ਸਮੇਂ ਬੱਚਿਆਂ ਨੂੰ ਡੀਟੇਲ ਵਿੱਚ ਸਮਝਾਅ ਦਿਉਗੇ ਤਾਂ ਬੱਚਾ ਸਮਝ ਜਾਵੇਗਾ। ਜੇਰ ਬੱਚਿਆਂ ਨੂੰ ਅਜਿਹੇ ਵਕਤ ਦੱਸਿਆ ਜਾਵੇਗਾ ਕਿ ਇਸ ਤੋਂ ਬਾਅਦ ਇਹ ਜਾਨਵਰ ਬੱਚਾ ਦੇਵੇਗਾ, ਸਾਨੂੰ ਦੁੱਧ ਦੇਵੇਗਾ, ਜਿਸ ਨੂੰ ਪੀ ਕੇ ਅਸੀਂ ਤਕੜੇ ਹੋਵਾਂਗੇ। ਇਸ ਸੰਬੰਧ ਵਿੱਚ ਸਭ ਮਾਵਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਪਿਆਰੀ ਧੀ ਨੂੰ ਆਪਣਾ ਫ਼ਰਜ਼ ਸਮਝ ਕੇ ਸਮੇਂ-ਸਮੇਂ ਸਮਝਾਉਣ ਕਿ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ?

ਜਿਣਸੀ ਸ਼ੋਸ਼ਣ ਦਾ ਰੋਗ ਫੌਜ ਦੇ ਤਿੰਨਾਂ ਅੰਗਾਂ, ਜੁਡੀਸ਼ਰੀ, ਵਿੱਦਿਅਕ ਖੇਤਰ, ਸਭ ਸਰਕਾਰੀ ਅਦਾਰਿਆਂ ਵਿੱਚ ਵਧ-ਘੱਟ ਅਨੁਪਾਤ ਨਾਲ ਫੈਲਿਆ ਹੋਇਆ ਹੈ। ਅੱਜ ਦੇ ਦਿਨ ਵੀ ਕਹਿੰਦੇ-ਕਹਾਉਂਦੇ ਧਾਰਮਕ ਡੇਰੇ ਵੀ ਇਸ ਤੋਂ ਬਿਲਕੁਲ ਮੁਕਤ ਨਹੀਂ ਹਨ। ਉਨ੍ਹਾਂ ਡੇਰਿਆਂ ਦੀ ਮਾੜੀ ਗੱਲ ਬਾਹਰ ਇਸ ਕਰਕੇ ਨਹੀਂ ਆਉਂਦੀ, ਕਿਉਂਕਿ ਉਨ੍ਹਾਂ ਨੂੰ ਸਿਆਸੀ ਪਨਾਹ ਮਿਲੀ ਹੋਈ ਹੁੰਦੀ ਹੈ। ਬਹੁਤੇ ਧਾਰਮਕ ਡੇਰਿਆਂ ਦੀਆਂ ਸਮੇਂ-ਸਮੇਂ ਸਿਰ ਅਜਿਹੀਆਂ ਤਸਵੀਰਾਂ ਆਮ ਛਪਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿੱਚ ਸਮੇਂ-ਸਮੇਂ ਰਾਜ ਕਰ ਚੁੱਕੇ ਸਿਆਸੀ ਆਗੂਆਂ ਨੂੰ ਉਨ੍ਹਾਂ ਦੇ ਡੇਰਿਆਂ ਵਿੱਚ ਪਾਖੰਡੀ ਗੁਰੂਆਂ ਦੇ ਚਰਨਾਂ ਵਿੱਚ ਬੈਠਿਆਂ ਜਾਂ ਝੁਕ ਕੇ ਅਸ਼ੀਰਵਾਦ ਲੈਂਦਿਆਂ ਆਮ ਦੇਖਿਆ ਜਾ ਸਕਦਾ ਹੈ। ਜਦੋਂ ਕਿਸੇ ਵੀ ਅਖੌਤੀ ਡੇਰੇ ਨੂੰ ਸਿਆਸੀ ਪਨਾਹ ਮਿਲ ਜਾਂਦੀ ਹੈ, ਫਿਰ ਅਜਿਹੇ ਡੇਰਿਆਂ ਵਿੱਚ ਧਰਮ ਦੇ ਉਹਲੇ ਕੁਕਰਮ ਸ਼ੁਰੂ ਹੋ ਜਾਂਦਾ ਹੈ। ਆਮ ਦੇਖਿਆ ਗਿਆ ਹੈ ਕਿ ਅਜਿਹੇ ਡੇਰਿਆਂ ਦੇ ਮੁਖੀ ਜਦੋਂ ਸੀਖਾਂ ਪਿੱਛੇ ਵੀ ਹੁੰਦੇ ਹਨ, ਤਦ ਵੀ ਉਨ੍ਹਾਂ ਦੇ ਚੇਲੇ ਮੰਨਣ ਤੋਂ ਇਨਕਾਰੀ ਹੋਣ ਦੀ ਬਜਾਏ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨਾਲ ਜੋੜਦੇ ਹਨ ਕਿ ਉਹ ਵੀ ਜੇਲ੍ਹ ਵਿੱਚ ਰਹੇ ਸਨ। ਇਸ ਸਭ ਵਿੱਦਿਆ ਅਤੇ ਤਰਕਸ਼ੀਲਤਾ ਦੀ ਘਾਟ ਕਰਕੇ ਹੈ। ਬੱਚਿਆਂ ਨੂੰ ਬਣਦੀ ਉਮਰ ਸਮੇਂ ਸਹੀ ਜਾਣਕਾਰੀ ਹਾਸਲ ਕਰਾਉਣੀ ਚਾਹੀਦੀ ਹੈ। ਜਿਣਸੀ ਸ਼ੋਸ਼ਣ ਦੀ ਦੌੜ ਵਿੱਚ ਸਭ ਸ਼ਾਮਲ ਹਨ। ਇਸ ਦੌੜ ਵਿੱਚ ਇੱਕ ਬਾਪ (ਮਤਰੇਆ ਪਿਓ) ਤੋਂ ਲੈ ਕੇ ਗੁਰੂ ਤਕ ਸ਼ਾਮਲ ਹਨ।, ਜਿਸ ਨੂੰ ਪੜ੍ਹ ਕੇ ਆਮ ਮਨੁੱਖ ਪੂਰੇ ਦਾ ਪੂਰਾ ਹਿੱਲ ਜਾਂਦਾ ਹੈ। ਅਜਿਹੀਆਂ ਖ਼ਬਰਾਂ ਪੜ੍ਹ ਕੇ ਮਨੁੱਖ ਸੋਚਦਾ ਹੈ ਕਿ ਮਨੁੱਖ ਯਕੀਨ ਕਰੇ ਤਾਂ ਕਿਸ ’ਤੇ ਕਰੇ? ਅਜਿਹੀਆਂ ਹਰਕਤਾਂ ਬਾਰੇ ਜਾਣਨ ਲਈ ਜਦੋਂ ਲੇਖਕ ਨੇ ਪਸ਼ੂਆਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ। ਜਦੋਂ ਲੇਖਕ ਊਠਾਂ-ਊਠਣੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਪੜ੍ਹ ਰਿਹਾ ਸੀ ਤਾਂ ਪਤਾ ਲੱਗਾ ਕਿ ਇੱਕ ਵਾਰ ਜਦੋਂ ਊਠਣੀ ਸਾਹੇ ਤੋਂ ਬਾਅਦ ਊਠ ਪਾਸ ਲਿਆਂਦੀ ਗਈ। ਊਠ ਨੂੰ ਊਠਣੀ ਨਾਲ ਸੰਬੰਧ ਬਣਾਉਣ ਤੋਂ ਪਹਿਲਾਂ ਊਠ ਦੀਆਂ ਅੱਖਾਂ ’ਤੇ ਪੱਟੀ ਬੰਨ੍ਹ ਦਿੱਤੀ ਗਈ। ਜਦੋਂ ਬਾਅਦ ਵਿੱਚ ਊਠ ਦੀਆਂ ਅੱਖਾਂ ’ਤੇ ਪੱਟੀ ਖੋਲ੍ਹੀ ਗਈ ਤਾਂ ਊਠ ਨੇ ਦੇਖਿਆ ਕਿ ਸੰਬੰਧਤ ਊਠਣੀ ਰਿਸ਼ਤੇ ਤੋਂ ਉਸ ਦੀ ਮਾਂ ਲਗਦੀ ਸੀ। ਫਿਰ ਕੀ ਸੀ, ਉਹ ਬਹੁਤ ਦਹਾੜਿਆ, ਖਾਣਾ-ਪੀਣਾ ਪ੍ਰਾਣ ਤਿਆਗਣ ਤਕ ਉਸ ਨੇ ਤਿਆਗਿਆ, ਇਹ ਹੈ ਕਿ ਇੱਕ ਜਾਨਵਰ ਦਾ ਵਧੀਆ ਰਵੱਈਆ ਆਪਣੇ ਪਰਿਵਾਰ ਬਾਰੇ, ਪਰ ਮਨੁੱਖ ਅੱਜ ਵੀਹਵੀਂ ਸਦੀ ਵਿੱਚ ਸਭ ਹੱਦਾਂ ਟੱਪ ਜਾਂਦਾ ਹੈ ਜਾਂ ਟੱਪਣ ਨੂੰ ਤਿਆਰ ਰਹਿੰਦਾ ਹੈ।

ਜਦੋਂ ਅਸੀਂ ਜਿਣਸੀ ਸ਼ੋਸ਼ਣ ਬਾਰੇ ਲਿਖ ਰਹੇ ਹਾਂ ਤਾਂ ਇੱਕ ਬਹੁਤ ਵੱਡੀ ਖ਼ਬਰ ਆ ਰਹੀ ਹੈ ਕਿ ਭਾਰਤ ਦੇ ਇੰਦੌਰ ਸ਼ਹਿਰ ਵਿੱਚ ਦੋ ਫੌਜੀ ਅਤੇ ਉਨ੍ਹਾਂ ਦੀਆਂ ਦੋ ਮਹਿਲਾ ਮਿੱਤਰ ਆਪਣੇ ਤੌਰ ’ਤੇ ਪਿਕਨਿਕ ਮਨਾ ਰਹੇ ਸਨ। ਉਨ੍ਹਾਂ ਨੂੰ ਛੇ ਬਦਮਾਸ਼ਾਂ ਰੋਕ ਕੇ ਲੁੱਟ ਲਿਆ ਅਤੇ ਇੱਕ ਮਹਿਲਾ ਨਾਲ ਸਮੂਹਿਕ ਬਲਾਤਕਾਰ ਕੀਤਾ। ਦੋ ਬਲਾਤਕਾਰੀ ਫੜੇ ਗਏ। ਜੇ ਇਹ ਹਾਲ ਇੰਦੌਰ ਦਾ ਹੈ, ਫਿਰ ਅਸੀਂ ਸੁਰੱਖਿਅਤ ਕਿੱਥੇ ਹਾਂ? ਜਿੰਨਾ ਅਸੀਂ ਵੱਖ-ਵੱਖ ਖੇਤਰਾਂ ਵਿੱਚ ਤਰੱਕੀ ਕਰਨ ਲਈ ਯਤਨਸ਼ੀਲ ਹਾਂ, ਓਨਾ ਅਸੀਂ ਕਈ ਮਾਮਲਿਆਂ ਵਿੱਚ ਨਿਵਾਣਾ ਛੂਹ ਰਹੇ ਹਾਂ। ਖ਼ਬਰਾਂ ਮੁਤਾਬਕ ਛੱਤੀਸਗੜ੍ਹ ਸੂਬੇ ਦੇ ਸਕੂਲਾਂ ਵਿੱਚ ਵਿਦਿਆਰਥੀ ਅਤੇ ਵਿਦਿਆਰਥਣਾਂ ਬੀਅਰ ਅਤੇ ਸ਼ਰਾਬ ਪੀਣ ਤਕ ਪਹੁੰਚ ਗਏ ਹਨ। ਅਜਿਹੇ ਹਾਲਤਾਂ ਵਿੱਚ ਤੁਸੀਂ ਆਉਣ ਵਾਲੀ ਪੀੜ੍ਹੀ ਤੋਂ ਕੀ ਆਸ ਰੱਖ ਸਕਦੇ ਹੋ।

ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਅਜਿਹੀਆਂ ਘਿਨਾਉਣੀਆਂ ਆਦਤਾਂ ਫੈਲੀਆਂ ਹੋਈਆਂ ਹਨ, ਉਨ੍ਹਾਂ ਨੂੰ ਨੱਥ ਪਾਉਣ ਲਈ ਸਭ ਵੱਲੋਂ ਸਾਂਝੇ ਯਤਨ ਸ਼ੁਰੂ ਕਰਨੇ ਪੈਣਗੇ। ਅੰਧ-ਵਿਸ਼ਵਾਸਾਂ ਖ਼ਿਲਾਫ਼ ਸਾਂਝੇ ਤੌਰ ’ਤੇ ਯਤਨ ਕਰਨੇ ਹੋਣਗੇ। ਉਂਝ ਵੀ ਭਾਰਤੀ ਸੰਵਿਧਾਨ ਦੇ ਅਨੁਛੇਦ ‘51-ਏ’ ਮੁਤਾਬਕ ਸਭ ਦੇਸ਼ ਵਾਸੀਆਂ ਨੂੰ ਅੰਧ-ਵਿਸ਼ਵਾਸ ਅਤੇ ਪਾਖੰਡ ਦੇ ਖ਼ਿਲਾਫ਼ ਲਿਖਣ ਅਤੇ ਬੋਲਣੇ ਦਾ ਸੰਪੂਰਨ ਹੱਕ ਹੈ। ਸਾਨੂੰ ਸਭ ਨੂੰ ਸਮਾਜ ਨੂੰ ਜਾਗ੍ਰਿਤ ਕਰਨ ਲਈ ਇਸ ਅਧਿਕਾਰ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਸਾਡਾ ਵੀ ਆਪਣੇ ਵਿੱਤ ਮੁਤਾਬਕ ਹਿੱਸਾ ਪੈਂਦਾ ਰਹੇ। ਲੰਮੀ ਲੜਾਈ ਬਹੁਤ ਲੜਨ ਦੀ ਲੋੜ ਹੈ। ਅਗਰ ਬਹੁਤਿਆਂ ਵੱਲੋਂ ਰਲ ਕੇ ਹੰਭਲਾ ਮਾਰਿਆ ਜਾਵੇ ਤਾਂ ਇਸ ਨਾ-ਮੁਰਾਦ ਬਿਮਾਰੀ ਨੂੰ ਘਟਾਉਣ ਵਿੱਚ ਅਸੀਂ ਆਪਣਾ ਹਿੱਸਾ ਪਾ ਕੇ ਮਾਣ ਮਹਿਸੂਸ ਕਰਾਂਗੇ।

# ਨਾ-ਬਰਾਬਰੀ

## ਪਛਾਣਾਂ ਤੋਂ ਪਰ੍ਹੇ ਦੇਖਣ ਦੀ ਲੋੜ

ਲੇਖਕ : ਸੁਰਿੰਦਰ ਸਿੰਘ ਜੋਧਕਾ

ਅਨੁਸੂਚਿਤ ਜਾਤੀਆਂ ਲਈ ਰਾਖਵੇਂਕਰਨ ਵਿੱਚ ਉਪ-ਵਰਗੀਕਰਨ ਦੀ ਤਸਦੀਕ ਕਰਦੇ ਸੁਪਰੀਮ ਕੋਰਟ ਦੇ ਫ਼ੈਸਲੇ ਵਿੱਚ ਕਈ ਵਿਵਾਦਪੂਰਨ ਮੁੱਦਿਆਂ ਨੂੰ ਛੂਹਿਆ ਗਿਆ ਹੈ। ਰਾਖਵਾਂਕਰਨ ਨੀਤੀ ਵਿੱਚ ਮਹੱਤਵਪੂਰਨ ਬਦਲਾਅ ਦਾ ਆਧਾਰ ਤਿਆਰ ਕਰਨ ਤੋਂ ਇਲਾਵਾ ਇਸ ਨੇ ਜਾਤ ਦੇ ਬਦਲਦੇ ਹੋਏ ਸੁਭਾਅ ਅਤੇ ਰਾਜਕੀ ਨੀਤੀਆਂ ਨੂੰ ਇਸ ਨੂੰ ਕਿਵੇਂ ਸਿੱਝਣਾ ਚਾਹੀਦਾ ਹੈ, ਜਿਹੇ ਕਈ ਸੁਆਲ ਵੀ ਖੜ੍ਹੇ ਕੀਤੇ ਹਨ। ਜਿਵੇਂ ਕਿ ਆਸ ਕੀਤੀ ਜਾਂਦੀ ਸੀ ਇਸ ਫ਼ੈਸਲੇ ਨੇ ਦਲਿਤ ਕਾਰਕੁਨਾਂ ਅਤੇ ਸਿਆਸੀ ਪਾਰਟੀਆਂ ਵਿੱਚ ਬਖੇੜਾ ਪਾ ਦਿੱਤਾ ਹੈ। ਅਨੁਸੂਚਿਤ ਜਾਤੀਆਂ ਅੰਦਰ ਨਿਸਬਤਨ ਜ਼ਿਆਦਾ ਬੋਲਣ ਅਤੇ ਨਜ਼ਰ ਆਉਣ ਵਾਲੇ ਤਬਕੇ ਇਸ ਫ਼ੈਸਲੇ ਦੇ ਖ਼ਿਲਾਫ਼ ਖੜ੍ਹੇ ਹੋ ਗਏ ਹਨ। ਮੀਡੀਆ ਵਿੱਚ ਘੱਟ ਨਜ਼ਰ ਆਉਂਦੇ ਜ਼ਿਆਦਾ ਛੋਟੇ ਅਤੇ ਮਹਿਰੂਮ ਤਬਕੇ ਉਪ-ਵਰਗੀਕਰਨ ਦੀ ਮੰਗ ਕਰ ਰਹੇ ਹਨ।

ਇਹ ਫ਼ੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਮੁੱਖਧਾਰਾ ਦੀ ਸਿਆਸੀ ਜਮਾਤ ਭਾਰਤੀ ਆਬਾਦੀ ਵਿੱਚ ਜਾਤੀ ਆਧਾਰਿਤ ਸਮਾਜਿਕ ਆਰਥਿਕ ਦਰਜੇ ਦੀ ਗਣਨਾ ਦੀ ਲੋੜ ਦਾ ਜ਼ੋਰਦਾਰ ਪ੍ਰਚਾਰ ਕਰ ਰਹੀ ਹੈ। ਉਨ੍ਹਾਂ ਦਾ ਤਰਕ ਹੈ ਕਿ ਇਸ ਨਾਲ ਦੇਸ਼ ਅੰਦਰ ਘੱਟ ਵਿਸ਼ੇਸ਼ਾਧਿਕਾਰ ਸਮਾਜਿਕ ਸਮੂਹਾਂ ਜਾਤੀਆਂ ਅੰਦਰ ਪਛੜੇਪਣ ਦੇ ਦਰਜਿਆਂ ਬਾਰੇ ਅੰਕੜੇ ਪੈਦਾ ਕਰਨ ਵਿੱਚ ਮਦਦ ਮਿਲੇਗੀ। ਜੇ ਅੰਕੜਿਆਂ ਤੋਂ ਇਹ ਪਤਾ ਲੱਗੇ ਕਿ ਲੋਕਾਂ ਦੇ ਵੱਡੇ ਤਬਕਿਆਂ (ਭਾਵ ਜਾਤੀ ਭਾਈਚਾਰਿਆਂ) ਦੀ ਸਿਆਸੀ ਪ੍ਰਣਾਲੀ ਜਾਂ ਨੌਕਰਸ਼ਾਹੀ ਅਤੇ ਮੀਡੀਆ ਜਿਹੀਆਂ ਸੰਸਥਾਵਾਂ ਵਿਚ ਨੁਮਾਇੰਦਗੀ ਨਹੀਂ ਹੋ ਰਹੀ ਤਾਂ ਦੇਸ਼ ਵਿੱਚ ਵਧੇਰੇ ਸਮਤਾਪੂਰਨ ਅਤੇ ਨੁਮਾਇੰਦਾ ਸਮਾਜ ਕਾਇਮ ਕਰਨ ਲਈ ਨੀਤੀਆਂ ਬਣਾਈਆਂ ਜਾ ਸਕਦੀਆਂ ਹਨ।

ਹਾਲਾਂਕਿ ਜਾਤੀ ਗਣਨਾ ਦਾ ਬ੍ਰਿਤਾਂਤ ਜ਼ਿਆਦਾਤਰ ਹੋਰਨਾਂ ਪੱਛੜੇ ਵਰਗਾਂ (ਓਬੀਸੀਜ਼) ’ਤੇ ਸੇਧਿਤ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਵਿੱਚ ਅਨੁਸੂਚਿਤ ਜਾਤੀਆਂ ਦੇ ਵਰਗ, ਉਨ੍ਹਾਂ ਦੇ ਅੰਦਰੂਨੀ ਮਤਭੇਦਾਂ ਨੂੰ ਮਾਨਤਾ ਦਿਵਾਉਣ ਦੀ ਲੋੜ ਅਤੇ ਉਨ੍ਹਾਂ ਦੇ ਮੌਜੂਦਾ ਕੋਟਿਆਂ ਦੀ ਵਧੇਰੇ ਨਿਆਂਪੂਰਨ ਵੰਡ ਲਈ ਉਨ੍ਹਾਂ ਅੰਦਰ ਉਪ-ਵਰਗ ਕਾਇਮ ਕਰਨ ਜਿਹੇ ਕਈ ਸੁਆਲ ਖੜ੍ਹੇ ਕੀਤੇ ਗਏ ਹਨ। ਫ਼ੈਸਲੇ ਨੇ ਅਨੁਸੂਚਿਤ ਜਾਤੀਆਂ ਦੇ ਅੰਦਰ ਭਾਈਚਾਰਿਆਂ ਦੇ ਸਮਾਜਿਕ ਆਰਥਿਕ ਦਰਜੇ ਦੀ ਮੌਜੂਦਾ ਸਥਿਤੀ ਬਾਰੇ ਵਿਹਾਰਕ ਤਸਦੀਕਯੋਗ ਅੰਕੜਿਆਂ ਦੀ ਲੋੜ ਨੂੰ ਰੇਖਾਂਕਿਤ ਕੀਤਾ ਗਿਆ ਹੈ। ਅੰਕੜਿਆਂ ਰਾਹੀਂ ਅਜਿਹੇ ਤੱਥਾਂ ਦਾ ਪਤਾ ਲਗਾਉਣ ਤੋਂ ਬਾਅਦ ਸੂਬੇ ਕੋਟਿਆਂ ਅੰਦਰ ਕੋਟੇ ਲਾਗੂ ਕਰ ਸਕਦੇ ਹਨ। ਦਿਲਚਸਪ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਉਪ-ਵਰਗੀਕਰਨ ਬਾਰੇ ਫ਼ੈਸਲੇ ਦਾ ਵਿਰੋਧ ਕਰਨ ਵਾਲਿਆਂ ’ਚੋਂ ਬਹੁਤ ਸਾਰੇ ਲੋਕ ਹੋਰਨਾਂ ਪਛੜੇ ਤਬਕਿਆਂ ਦੇ ਦਰਜੇ ਬਾਰੇ ਪਤਾ ਲਾਉਣ ਲਈ ਜਾਤੀ ਆਧਾਰਿਤ ਗਣਨਾ ਦੇ ਹਮਾਇਤੀ ਰਹੇ ਹਨ। ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਦੇ ਮਾਮਲੇ ਵਿੱਚ ਉਹ ਓਬੀਸੀਜ਼ ਨਾਲੋਂ ਵੱਖਰਾ ਤਰਕ ਦਿੰਦੇ ਹਨ। ਓਬੀਸੀਜ਼ ਛੂਆਛੂਤ ਅਤੇ ਅਧੋਗਤੀ ਦਾ ਸ਼ਿਕਾਰ ਨਹੀਂ ਰਹੇ। ਇਨ੍ਹਾਂ ’ਚੋਂ ਆਰਥਿਕ ਤੌਰ ’ਤੇ ਰੱਜੇ-ਪੁੱਜੇ ਲੋਕਾਂ ਨੂੰ ਉਹੋ ਜਿਹੇ ਵਤੀਰੇ ਦਾ ਅਨੁਭਵ ਨਹੀਂ ਹੋਇਆ ਜਿਹੋ ਜਿਹਾ ਅਨੁਸੂਚਿਤ ਜਾਤੀਆਂ ਦੇ ਗਤੀਸ਼ੀਲ ਤਬਕਿਆਂ ਨੂੰ ਕੁਝ ਹੱਦ ਤੱਕ ਆਰਥਿਕ ਸਫ਼ਲਤਾ ਹਾਸਿਲ ਕਰਨ ਦੇ ਬਾਵਜੂਦ ਝੱਲਣਾ ਪਿਆ ਹੈ। ਉਨ੍ਹਾਂ ਦਾ ਤਰਕ ਹੈ ਕਿ ਅਨੁਸੂਚਿਤ ਜਾਤੀਆਂ ਨੂੰ ਇਕਜੁੱਟ ਰੂਪ ਵਿੱਚ ਇਸ ਕਰ ਕੇ ਵਰਗੀਕ੍ਰਿਤ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਦਾ ਮੁੱਖ ਧਾਰਾ ਦੇ ਹਿੰਦੂ ਸਮਾਜ ਵੱਲੋਂ ਦੁਤਕਾਰਨ ਦਾ ਸਾਂਝਾ ਅਨੁਭਵ ਰਿਹਾ ਸੀ। ਇਸ ਕਰ ਕੇ ਉਨ੍ਹਾਂ ਦੀ ਅਨੁਸੂਚਿਤ ਜਾਤੀ ਵਿੱਚ ਸ਼ਮੂਲੀਅਤ ਨਾਲ ਉਹ ਇਕਰੂਪੀ ਜਮਾਤ ਗਿਣੇ ਜਾਂਦੇ ਹਨ। ਉਪ-ਵਰਗੀਕਰਨ ਬਾਰੇ ਪਹਿਲਾਂ ਦੇ ਅਦਾਲਤੀ ਫ਼ੈਸਲਿਆਂ ਤੋਂ ਵੀ ਇਸ ਦੀ ਤਸਦੀਕ ਕੀਤੀ ਗਈ ਸੀ।

ਅਨੁਸੂਚਿਤ ਜਾਤੀਆਂ ਦੀ ਗਣਨਾ ਅਤੇ ਇਨ੍ਹਾਂ ਲਈ ਕੋਟਾ ਨਿਯਤ ਕਰਨ ਦੇ ਇਤਿਹਾਸ ਦੀਆਂ ਪੈੜਾਂ ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਤੱਕ ਜਾਂਦੀਆਂ ਹਨ। ਬਰਤਾਨਵੀ ਸ਼ਾਸਕਾਂ ਵੱਲੋਂ ਉਨੀਵੀਂ ਸਦੀ ਦੇ ਅੰਤ ਵਿੱਚ ਮਰਦਮਸ਼ੁਮਾਰੀ ਦੀ ਸ਼ੁਰੂਆਤ ਭਾਰਤ ਦੀ ਜਾਤੀ ਵਿਵਸਥਾ ਦੇ ਇਤਿਹਾਸ ਦਾ ਇੱਕ ਨਿਰਣਾਇਕ ਮੋੜ ਸੀ। ਇਸ ਨੇ ਜਾਤੀ ਦੀ ਕਲਪਨਾ ਕਿਸ ਢੰਗ ਨਾਲ ਕੀਤੀ ਜਾਂਦੀ ਸੀ, ਉਸ ਨੂੰ ਬਦਲ ਦਿੱਤਾ। ਜਾਤੀਆਂ ਅਤੇ ਇਨ੍ਹਾਂ ਦੀਆਂ ਉਪ-ਇਕਾਈਆਂ ਦੀ ਸਥਾਨਕ ਵਿਵਸਥਾ ਤੋਂ ਇਹ ਕੁੱਲ ਹਿੰਦ ਪੱਧਰ ’ਤੇ ਜਾਤੀ ਭਾਈਚਾਰਿਆਂ ਦੀ ਗੱਲ ਹੋਣ ਲੱਗ ਪਈ। ਇਸ ਨੇ ਉਨ੍ਹਾਂ ਅੰਦਰਲੇ ਸਭ ਤੋਂ ਵੱਧ ਮਹਿਰੂਮ ਤਬਕਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੱਬੀਆਂ ਕੁਚਲੀਆਂ ਜਮਾਤਾਂ ਦੇ ਇੱਕ ਵੱਖਰੇ ਵਰਗ ਵਿੱਚ ਪ੍ਰੀਭਾਸ਼ਤ ਕਰਨ ਦਾ ਰਾਹ ਵੀ ਪੱਧਰਾ ਹੋ ਗਿਆ। ਇਸ ਤਰ੍ਹਾਂ ਦਾ ਵਰਗੀਕਰਨ ਹੋਣ ਨਾਲ ਉਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਕੇਸ ਵੀ ਬਣ ਗਿਆ।

ਕੁਝ ਦੇਸੀ ਸ਼ਾਸਕਾਂ ਨੇ ਵੀ ਇਹ ਕਲਿਆਣਕਾਰੀ ਨੀਤੀਆਂ ਤਿਆਰ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ। ਰਾਖਵਾਂਕਰਨ ਨੀਤੀ 1902 ਵਿੱਚ ਕੋਲ੍ਹਾਪੁਰ ਦੇ ਸ਼ਾਸਕ ਸ਼ਾਹੂ ਮਹਾਰਾਜ ਵੱਲੋਂ ਸ਼ੁਰੂ ਕੀਤੀ ਗਈ ਸੀ। ਜਦੋਂ ਤਕ ਭਾਰਤ ਨੇ ਆਜ਼ਾਦੀ ਹਾਸਿਲ ਕੀਤੀ ਉਦੋਂ ਤੱਕ ਇਹ ਪ੍ਰਕਿਰਿਆ ਜਾਰੀ ਰਹੀ ਅਤੇ ਇਸ ਮੁਤੱਲਕ ਲਗਪਗ ਆਮ ਸਹਿਮਤੀ ਸੀ ਕਿ ਦੇਸ਼ ਨੂੰ ਉਨ੍ਹਾਂ ਲੋਕਾਂ ਦੇ ਭਲੇ ਲਈ ਵਿਸ਼ੇਸ਼ ਪ੍ਰਬੰਧਾਂ ਦੀ ਲੋੜ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਛੂਆਛੂਤ ਅਤੇ ਵਿਤਕਰਿਆਂ ਦਾ ਸੰਤਾਪ ਹੰਢਾਉਣਾ ਪਿਆ ਸੀ। ਸੰਵਿਧਾਨ ਘੜਨੀ ਸਭਾ ਵਿੱਚ ਬੀਆਰ ਅੰਬੇਡਕਰ ਦੀ ਖਰੜਾ ਕਮੇਟੀ ਦੇ ਮੁਖੀ ਵਜੋਂ ਮੌਜੂਦਗੀ ਨੇ ਇਹ ਯਕੀਨੀ ਬਣਾ ਦਿੱਤਾ ਕਿ ਉਨ੍ਹਾਂ ਨੂੰ ਰਾਖਵੇਂਕਰਨ ਦੇ ਰੂਪ ਵਿੱਚ ਵਾਜਬ ਹੱਕ ਮਿਲੇ।

ਭਾਰਤ ਦੀ ਰਾਖਵਾਂਕਰਨ ਨੀਤੀ ਆਧੁਨਿਕ ਸੰਸਾਰ ’ਚ ਸਰਕਾਰੀ ਪੱਧਰ ’ਤੇ ਸਕਾਰਾਤਮਕ ਕਾਰਵਾਈਆਂ ਦੀਆਂ ਸਭ ਤੋਂ ਸਫ਼ਲ ਉਦਾਹਰਨਾਂ ਵਿੱਚੋਂ ਇੱਕ ਹੈ। ਇਸ ਨੇ ਅਛੂਤ ਮੰਨੇ ਜਾਣ ਵਾਲਿਆਂ ਨੂੰ ਸਿੱਖਿਆ ਗ੍ਰਹਿਣ ਕਰਨ ਲਈ ਸਕੂਲ, ਕਾਲਜ ਤੇ ਯੂਨੀਵਰਸਿਟੀ ਜਾਣ ਦੇ ਯੋਗ ਬਣਾਇਆ ਅਤੇ ਹਰੇਕ ਪੱਧਰ ’ਤੇ ਸਰਕਾਰੀ ਖੇਤਰ ’ਚ ਨੌਕਰੀਆਂ ਦਿਵਾਈਆਂ। ਇਸ ਤੋਂ ਇਲਾਵਾ ਇਸ ਨੀਤੀ ਰਾਹੀਂ ਹੀ ਸੰਭਵ ਬਣਿਆ ਕਿ ਉਹ ਆਪਣੀ ਜਾਤੀ ਦੇ ਮੈਂਬਰਾਂ ਨੂੰ ਚੁਣ ਕੇ ਰਾਜ ਵਿਧਾਨ ਸਭਾਵਾਂ ਤੇ ਸੰਸਦ ਵਿੱਚ ਭੇਜ ਸਕਣ। ਕਈ ਸਾਲਾਂ ’ਚ ਇਸ ਨੇ ਇੱਕ ਦਲਿਤ ਮੱਧਵਰਗ ਵੀ ਪੈਦਾ ਕੀਤਾ, ਜੋ ਆਪਣੇ ਅੰਦਰਲੀਆਂ ਚਿੰਤਾਵਾਂ ਤੇ ਖ਼ਾਹਿਸ਼ਾਂ ਨੂੰ ਪ੍ਰਗਟ ਕਰਦਾ ਹੈ।

ਅਨੁਸੂਚਿਤ ਜਾਤੀਆਂ ਦੀ ਸੂਚੀ ਵਿੱਚ ਇਕੱਠੇ ਰਹਿ ਕੇ ਉਨ੍ਹਾਂ ਗਿਣਤੀ ਦੇ ਪੱਖ ਤੋਂ ਵੀ ਮਜ਼ਬੂਤੀ ਹਾਸਿਲ ਕੀਤੀ। ਅਨੁਸੂਚਿਤ ਜਾਤੀਆਂ ਵਜੋਂ ਉਨ੍ਹਾਂ ਦੀ ਹਿੱਸੇਦਾਰੀ ਕਾਫ਼ੀ ਵਿਆਪਕ ਹੈ; ਕੁਝ ਰਾਜਾਂ ਵਿੱਚ ਉਹ ਕੁੱਲ ਆਬਾਦੀ ਦੇ ਚੌਥੇ ਹਿੱਸੇ ਤੋਂ ਵੀ ਵੱਧ ਹਨ। ਚੁਣਾਵੀ ਲੋਕਤੰਤਰ ਵਿੱਚ ਅੰਕੜੇ ਬਹੁਤ ਮਹੱਤਵ ਰੱਖਦੇ ਹਨ। ਕਾਂਸ਼ੀ ਰਾਮ ਵਰਗੇ ਨੇਤਾ ਇਸ ਲਈ ਸਫ਼ਲ ਹੋਏ ਕਿਉਂਕਿ ਉਨ੍ਹਾਂ ਆਪਣੇ ਹਲਕਿਆਂ ਨੂੰ ਇਹ ਅਹਿਸਾਸ ਕਰਾਇਆ ਸੀ ਕਿ ਇੱਕ ਰਾਜਨੀਤਕ ਗੁੱਟ ਵਜੋਂ ਇਕੱਠੇ ਰਹਿ ਕੇ ਕੰਮ ਕਰਦਿਆਂ ਉਨ੍ਹਾਂ ਦਾ ਕਿੰਨਾ ਮੁੱਲ ਪੈ ਸਕਦਾ ਹੈ। ਹਾਲਾਂਕਿ, ਅਨੁਸੂਚਿਤ ਜਾਤੀਆਂ ਦੀ ਸੂਚੀ (ਐੱਸਸੀ ਲਿਸਟ) ਵਿੱਚ ਇਕੱਠੇ ਰਹਿਣ ਦੇ ਬਾਵਜੂਦ ਇਨ੍ਹਾਂ ਦੀਆਂ ਜਾਤੀਆਂ ਨਾਲ ਜੁੜੀਆਂ ਪਛਾਣਾਂ ਫਿੱਕੀਆਂ ਨਹੀਂ ਪਈਆਂ। ‘ਦਲਿਤ’ ਵਰਗੇ ਵਰਗ ਰਾਸ਼ਟਰੀ ਪੱਧਰ ’ਤੇ ਤਾਂ ਇੱਕੋ ਪਛਾਣ ਰੱਖਦੇ ਹਨ, ਪਰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਉਹ ਵੰਡੇ ਹੋਏ ਹਨ। ਉਨ੍ਹਾਂ ਦੀਆਂ ਦੋਸਤੀਆਂ ਨਿਰੋਲ ਉਨ੍ਹਾਂ ਦੀ ਜਾਤ-ਬਿਰਾਦਰੀ ਤੱਕ ਹੀ ਸੀਮਤ ਹਨ। ਭਾਰਤੀ ਸੰਘ ਦੇ ਹਰੇਕ ਰਾਜ ਵਿੱਚ ਐੱਸਸੀ ਸੂਚੀ ’ਚ ਵੱਖੋ-ਵੱਖਰੀਆਂ ਜਾਤੀਆਂ ਸ਼ਾਮਿਲ ਹਨ।

ਇਸ ਗੱਲ ਦੀ ਸੰਭਾਵਨਾ ਹੈ ਕਿ ਵੱਖੋ-ਵੱਖਰੇ ਖੰਡਾਂ ’ਚ ਉਪ-ਵਰਗੀਕਰਨ ਇਨ੍ਹਾਂ ਦੀ ਸਿਆਸੀ ਤਾਕਤ ਨੂੰ ਅਤੇ ਰਾਖਵਾਂਕਰਨ ਦੇ ਪੱਖ ’ਚ ਰਾਜ ’ਤੇ ਦਬਾਅ ਬਣਾਉਣ ਦੀ ਇਨ੍ਹਾਂ ਦੀ ਸਮਰੱਥਾ ਨੂੰ ਘਟਾਏਗਾ। ਇਹ ਵੀ ਸੱਚ ਹੈ ਕਿ ਐੱਸਸੀ ਜਾਤੀ ਦੇ ਇੱਕ ਵਿਅਕਤੀ ਵੱਲੋਂ ਰਾਖਵੇਂਕਰਨ ਰਾਹੀਂ ਮਾਣੀ ਗਤੀਸ਼ੀਲਤਾ, ਉਸ ਦੀ ਬਿਰਾਦਰੀ ਖ਼ਿਲਾਫ਼ ਸਮਾਜਿਕ ਪੱਖਪਾਤ ਨੂੰ ਖ਼ਤਮ ਨਹੀਂ ਕਰਦੀ। ਇਹ ਇਸ ਚੀਜ਼ ਦੇ ਸੰਦਰਭ ’ਚ ਹੈ ਕਿ ਅਨੁਸੂਚਿਤ ਜਾਤੀਆਂ ਦੇ ਮਾਮਲੇ ਵਿੱਚ ‘ਕਰੀਮੀ ਲੇਅਰ’ ਦੇ ਵਿਚਾਰ ਨੂੰ ਥੋਪਣ ਦੀ ਕੋਈ ਤੁਕ ਨਹੀਂ ਬਣਦੀ ਤੇ ਇਸ ਨੂੰ ਸਰਕਾਰੀ ਨੀਤੀ ਲਈ ਨਹੀਂ ਵਿਚਾਰਿਆ ਜਾਣਾ ਚਾਹੀਦਾ। ਸਾਨੂੰ ਇਹ ਵੀ ਸਵੀਕਾਰਨਾ ਪਏਗਾ ਕਿ ਉਪ-ਵਰਗੀਕਰਨ ਦੀ ਮੰਗ ਅੰਦਰੋਂ ਹੀ ਐੱਸਸੀ ਬਿਰਾਦਰੀਆਂ ਦੇ ਉਨ੍ਹਾਂ ਵਰਗਾਂ ਵੱਲੋਂ ਚੁੱਕੀ ਗਈ ਹੈ ਜਿਨ੍ਹਾਂ ਨੂੰ ਕੋਟੇ ਦੀਆਂ ਨੌਕਰੀਆਂ ’ਚ ਵਾਜਬ ਪ੍ਰਤੀਨਿਧਤਾ ਨਹੀਂ ਮਿਲ ਸਕੀ। ਇਸ ਤਰ੍ਹਾਂ ਦੇ ਦਾਅਵਿਆਂ ਦੇ ਪੱਖ ਵਿੱਚ ਕਈ ਸਬੂਤ ਮੌਜੂਦ ਹਨ, ਜੋ ਉਨ੍ਹਾਂ ਦੀ ਮੰਗ ਨੂੰ ਵਾਜਬ ਠਹਿਰਾਉਂਦੇ ਹਨ।

ਹਾਲਾਂਕਿ ਸੰਵਿਧਾਨ ’ਚ ਸ਼ਾਮਿਲ ਅਨੁਸੂਚਿਤ ਜਾਤੀਆਂ ਕੋਈ ਤੈਅ ਜਾਂ ਮੁਕੰਮਲ ਬਿਰਾਦਰੀਆਂ ਨਹੀਂ ਹਨ। ਗੁਜ਼ਰੇ ਸਾਲਾਂ ’ਚ ਕਈ ਵਰਗਾਂ ਨੂੰ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਉਦਾਹਰਨ ਵਜੋਂ, 1951 ਵਿੱਚ, ਪੰਜਾਬ ’ਚ 27 ਜਾਤੀਆਂ ਐੱਸਸੀ ਵਜੋਂ ਸੂਚੀਬੱਧ ਸਨ। ਵਰਤਮਾਨ ’ਚ ਇਹ ਅੰਕੜਾ 39 ਹੈ। ਅਜਿਹਾ ਹੀ ਕਈ ਹੋਰ ਰਾਜਾਂ ਵਿੱਚ ਵੀ ਹੈ, ਅਨੁਸੂਚਿਤ ਜਨਜਾਤੀਆਂ ਦੇ ਕੇਸ ਵਿੱਚ ਵੀ ਅਜਿਹਾ ਹੋਇਆ ਹੈ।

ਜੇ ਰਾਖਵਾਂਕਰਨ ਢਾਂਚੇ ਦਾ ਮੰਤਵ ਨਿਆਂ ਅਤੇ ਹਿੱਸੇਦਾਰੀ/ਭਾਗੀਦਾਰੀ ਹੈ, ਤਾਂ ਉਪ-ਵਰਗੀਕਰਨ ਦੇ ਪ੍ਰਸਤਾਵ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ, ਪਰ ਜੇ ਮੰਤਵ ਨਾਗਰਿਕਾਂ ਨੂੰ ਉਨ੍ਹਾਂ ਡੂੰਘੀਆਂ ਅਸਮਾਨਤਾਵਾਂ ਵਿੱਚੋਂ ਕੱਢਣਾ ਹੈ, ਜਿਨ੍ਹਾਂ ’ਚ ਉਹ ਫਸੇ ਹੋਏ ਹਨ, ਫੇਰ ਇੱਕ ਜਮਹੂਰੀ/ ਕਲਿਆਣਕਾਰੀ ਸਰਕਾਰ ਦੀਆਂ ਨੀਤੀਆਂ ਅੰਕੜਿਆਂ ਤੇ ਪ੍ਰਮਾਣਾਂ ਵਿੱਚੋਂ ਨਿਕਲਣੀਆਂ ਚਾਹੀਦੀਆਂ ਹਨ, ਨਾ ਕਿ ਸਿਰਫ਼ ਪਛਾਣਾਂ ਵਿੱਚੋਂ।







# ਜਾਗਦੀਆਂ ਅੱਖਾ ਦੇ ਸੁਪਨੇ

"ਓ ਛੋਟੂ!"

ਜਦੋਂ ਆਵਾਜ ਪਈ ਤਾਂ ਇੱਕ ਬੱਚਾ ਭੱਜਦਾ ਹੋਇਆ ਆਇਆ ਤੇ ਢਾਬੇ ਦੇ ਮਾਲਿਕ ਕੋਲ ਖੜ ਗਿਆ।

"ਓ ਜਾ ਓਏ! ਓਧਰ ਜਾ ਕੇ ਦੇਖ! ਭਾਂਡੇ ਕਿੰਨੇ ਮਾਂਜਣ ਆਲੇ ਪਏ ਆ! ਕੌਣ ਮਾਜੂੰ ਓਨਾ ਨੂੰ ਹੈ!!"

ਛੋਟੂ ਬਿਨਾ ਕੋਈ ਜਵਾਬ ਦਿੱਤੇ ਭੱਜ ਕੇ ਭਾਂਡੇ ਮਾਂਜਣ ਲੱਗ ਪਿਆ। ਓਥੇ ਬੈਠਾ ਇੱਕ ਹੋਰ ਬੱਚਾ ਖੁਸ਼ ਹੋ ਰਿਹਾ ਸੀ ਕਿ ਛੋਟੂ ਦੇ ਗਾਲਾਂ ਪਈਆ।

"ਤੇਰੇ ਕੋ ਕਿਤਨੀ ਬਾਰ ਬੋਲਾ ਹੈ ਪਾਗਲ!! ਛੋੜ ਦੇ ਅਪਨੀ ਉਨ ਕਿਤਾਬੋਂ ਕੋ! ਹਮਾਰੇ ਨਸੀਬ ਮੇਂ ਪੜਾਈ ਨਹੀਂ ਹੈ!" ਕੋਲ ਬੈਠੀ ਕਮਲਾ ਨੇ ਛੋਟੂ ਨੂੰ ਕਿਹਾ।

ਪਰ ਛੋਟੂ ਕਿੱਥੇ ਮੰਨਦਾ ਸੀ। ਸਾਰਾ ਦਿਨ ਕੰਮ ਕਰਦਾ ਸੀ ਤੇ ਰਾਤ ਨੂੰ ਬੈਠ ਕੇ ਪੜਦਾ ਰਹਿੰਦਾ ਸੀ। ਢਾਬਾ ਹਾਈਵੇਅ ਤੇ ਹੋਣ ਕਰਕੇ ਰਾਤ ਨੂੰ ਵੀ ਖੁੱਲਾ ਹੀ ਰਹਿੰਦਾ ਸੀ ਤੇ ਇਸ ਕਰਕੇ ਛੋਟੂ ਨੂੰ ਪੜਨ ਵਿੱਚ ਵੀ ਕੋਈ ਮੁਸ਼ਕਲ ਨਹੀਂ ਸੀ ਆਂਓਦੀ।

ਛੋਟੂ ਕਿਸੇ ਸਕੂਲ ਨਹੀਂ ਸੀ ਜਾਂਦਾ। ਉਸਦੀ ਇੱਕ ਦੀਦੀ ਸੀ ਮੀਨਾ ਸ਼ਰਮਾ। ਜੋ ਉਸ ਨੂੰ ਆਪਣੀ ਬਸਤੀ ਵਿੱਚ ਮਿਲੀ ਸੀ। ਮੀਨਾ ਸ਼ਰਮਾਂ ਇੱਕ "ਐਨ.ਜੀ ਓ" ਚਲਾਂਓਦੀ ਸੀ ਤੇ ਛੋਟੂ ਵਰਗੇ ਬੱਚਿਆ ਲਈ ਭਲਾਈ ਦਾ ਕੰਮ ਕਰਦੀ ਸੀ।

"ਤੁਮ ਕੁੱਛ ਕਰ ਸਕਤੇ ਹੋ ਇਸਮੇਂ ਕੋਈ ਬੜੀ ਬਾਤ ਨਹੀਂ ਹੈ। ਤੁਮ ਕੁੱਛ ਕਰਨਾ ਚਾਹਤੇ ਹੋ! ਬੜੀ ਬਾਤ ਇਸਮੇਂ ਹੈ!" ਮੀਨਾ ਸ਼ਰਮਾਂ ਨੇ ਕਿਹਾ ਤਾਂ ਬਸਤੀ ਦੇ ਸਾਰੇ ਬੱਚਿਆਂ ਨੂੰ ਸੀ ਪਰ ਸ਼ਾਇਦ ਸਮਝਿਆ ਛੋਟੂ ਹੀ ਸੀ।

"ਦੀਦੀ ਮੁਝੇ ਪੜਨਾ ਹੈ!" ਛੋਟੂ ਨੇ ਜਾ ਕੇ ਮੀਨਾ ਸ਼ਰਮਾਂ ਨੂੰ ਕਿਹਾ ਸੀ।

"ਸਪਨੇ ਦੇਖਤੇ ਹੋ?" ਮੀਨਾ ਨੇ ਛੋਟੂ ਨੂੰ ਪੁੱਛਿਆ ਸੀ। "ਹਾਂ ਦੀਦੀ! ਤਬੀ ਤੋ ਸੋਤਾ ਨਹੀਂ ਹੂੰ!"

ਛੋਟੂ ਦੇ ਇਸ ਜਵਾਬ ਨੇ ਮੀਨਾ ਸ਼ਰਮਾਂ ਨੂੰ ਖੁਸ਼ ਕਰ ਦਿੱਤਾ ਸੀ। ਉਸਨੇ ਛੋਟੂ ਵਾਸਤੇ ਕਿਤਾਬਾ ਖਰੀਦੀਆਂ ਤੇ ਉਸਨੂੰ ਆਪ ਪੜਾਓਣ ਲੱਗੀ।

"ਹਮੇਂ ਨਹੀਂ ਪੜਾਨਾ ਇਸਕੋ ਬੀਬੀ ਜੀ!! ਇਸਕਾ ਬਾਪ ਮੇਰੇ ਕਮਾਏ ਪੈਸੇ ਸੇ ਨਸ਼ਾ ਕਰਤਾ ਹੈ! ਇਸਕੇ ਪੈਸੇ ਸੇ ਘਰ ਚਲਤਾ ਹੈ! ਅਗਰ ਯੇ ਭੀ ਪੜੇਗਾ ਤੋ ਹਮ ਖਾਏਂਗੇ ਕਹਾਂ ਸੇ!?"

ਛੋਟੂ ਦੀ ਮਾਂ ਨੇ ਮੀਨਾ ਸ਼ਰਮਾਂ ਨੂੰ ਕਿਹਾ ਸੀ। ਪਰ ਛੋਟੂ ਕਿੱਥੇ ਰੁਕਣ ਵਾਲਾ ਸੀ। ਓਹ ਕੰਮ ਵੀ ਕਰਦਾ ਗਿਆ ਤੇ ਪੜਦਾ ਵੀ ਗਿਆ। ਇੱਕ ਐਸਾ ਦਿਨ ਆਇਆ ਜਦੋਂ ਛੋਟੂ ਛੋਟੂ ਨਾ ਰਿਹਾ। ਓਹ ਦਸਵੀਂ ਜਮਾਤ ਵਿੱਚੋਂ ਪੰਜਾਬ ਭਰ ਵਿੱਚੋਂ ਦੂਸਰੇ ਸਥਾਨ ਤੇ ਰਿਹਾ। ਉਸਨੇ ਕਾਨੂੰਨ ਦੀ ਪੜਾਈ ਕਰਨੀ ਸ਼ੁਰੂ ਕਰ ਦਿੱਤੀ ਤੇ ਉਸ ਦਿਨ ਜਦੋਂ ਮੀਨਾ ਸ਼ਰਮਾ ਨੇ ਆਪਣੇ ਘਰ ਦਾ ਦਰਵਾਜਾ ਖੋਲਿਆ ਤਾਂ ਸਾਹਮਣੇ ਜੱਜ ਸਾਹਬ ਮਨੀਸ਼ ਭਰਦਵਾਜ ਜੀ ਖੜੇ ਸਨ।

"ਪਹਿਚਾਣਿਆ ਨਹੀਂ ਦੀਦੀ ਤੁਸੀਂ ਆਪਣੇ ਛੋਟੂ ਨੂੰ!?" ਕਹਿੰਦੇ ਹੋਏ ਮਨੀਸ਼ ਨੇ ਆਪਣੇ ਅਧਿਆਪਕ ਦੇ ਪੈਰਾਂ ਨੂੰ ਹੱਥ ਲਗਾਏ। ਮੀਨਾ ਸ਼ਰਮਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ।

"ਹੁੱਣ ਨੀਂਦ ਆਂਓਦੀ ਐ ਕਿ ਨਹੀਂ?" ਭਾਵੁਕ ਹੋਈ ਮੀਨਾ ਨੇ ਆਪਣੇ ਛੋਟੂ ਦੇ ਸਿਰ ਤੇ ਹੱਥ ਫੇਰਦੇ ਹੋਏ ਪੁੱਛਿਆ।

"ਨਹੀਂ ਦੀਦੀ, ਨੀਂਦ ਤਾਂ ਨਹੀਂ ਆਓਦੀ, ਪਰ ਸੁਪਨੇ ਅੱਜ ਵੀ ਬਹੁਤ ਦੇਖਦਾ ਵਾਂ!"

ਕਹਿੰਦਾ ਹੋਇਆ ਮਨੀਸ਼ ਮੁਸਕੁਰਾ ਪਿਆ।

## ਪੀਂਘ ਝੂਟਦੀ ਧੀ

ਮੇਰੀ ਧੀ ਪਈ ਪੀਂਘ ਝੂਟਦੀ,
ਨਾਲੇ ਮਿੱਠੇ ਗੀਤ ਸੁਣਾਵੇ।
ਮੇਰੀ ਨਜ਼ਰ ਓਸਨੂੰ ਵਿੰਹਦੀ,
ਕਦੇ ਹੇਠਾਂ ਕਦੇ ਉੱਤੇ ਜਾਵੇ।
ਹੀਂਘ ਚੜ੍ਹਾਉਂਦੀ ਬੁੱਲ੍ਹ ਹੱਸਦੇ,
ਵਾਲਾਂ ਨੂੰ ਹੈ ਹਵਾ ਹਿਲਾਉਂਦੀ।
ਜਾਪੇ ਰੁੱਖ ਦਾ ਪੱਤਾ ਪੱਤਾ,
ਖ਼ੁਸ਼ੀ ਲੋਰ ਵਿੱਚ ਹੱਥ ਹਿਲਾਵੇ।
ਟਾਹਣੀ ਟਾਹਣੀ ਪੰਛੀ ਬੈਠੇ,
ਨਾਲ ਸੰਗੀਤ ਚੁਗਿਰਦਾ ਭਰਿਆ।
ਜਾਦੂ ਕੰਨਾਂ ਦੇ ਵਿੱਚ ਘੁਲਦਾ,
ਨਸ਼ਾ ਜਿਹਾ ਕੋਈ ਚੜ੍ਹਦਾ ਜਾਵੇ।
ਪਤਾ ਨਹੀਂ ਕਿਧਰੋਂ ਬੱਦਲ ਉਮੜੇ,
ਕਣੀਆਂ ਵੀ ਨਾਲੇ ਵਰ੍ਹ ਪਈਆਂ।
ਪੀਂਘ ਨੂੰ ਛੱਡ ਕੇ ਮੇਰੇ ਵੱਲ ਨੂੰ,
ਧੀ ਮੇਰੀ ਪਈ ਭੱਜੀ ਆਵੇ।

**- ਕਰਮਜੀਤ ਸਿੰਘ ਗਠਵਾਲਾ -**

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਗਏ ਸ਼ਬਦ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ...?

| | | | | | | | | | |
|---|---|---|---|---|---|---|---|---|---|
| B | E | D | E | U | C | A | L | P | E |
| I | C | A | S | U | T | P | Y | I | N |
| R | C | R | O | R | N | B | E | A | M |
| B | H | A | H | L | D | E | R | D | N |
| A | N | S | T | A | K | C | E | E | I |
| B | E | P | U | O | A | H | L | N | L |
| O | A | B | N | T | S | E | M | P | O |
| B | P | A | L | M | T | R | E | E | P |
| E | F | I | R | E | L | P | A | M | L |
| E | C | H | L | A | R | C | H | R | A |

Find all the words from the word list (ignore spaces and dashes):

ALDER, ASPEN, BAOBAB, BEECH, BIRCH, CEDAR, CHESTNUT, ELM, EUCALYPTUS, FIR, HORNBEAM, LARCH, LINDEN, MAPLE, ~~OAK~~, PALM TREE, PINE, POPLAR



## 98 ਫੁੱਟਬਾਲ ਮੈਦਾਨਾਂ ਦੇ ਬਰਾਬਰ ਹੈ ਚੀਨ ਦਾ ਇਹ ਮੈਗਾ ਏਅਰਪੋਰਟ

ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਚੀਨ ਦੇ 11 ਬਿਲੀਅਨ ਡਾਲਰ ਦੇ ਨਵੇਂ ਮੈਗਾ ਹਵਾਈ ਅੱਡੇ ਦਾ ਅਧਿਕਾਰਤ ਤੌਰ 'ਤੇ ਉਦਘਾਟਨ ਕਰਨ ਦਾ ਐਲਾਨ ਕੀਤਾ ਹੈ, ਜੋ ਕਿ ਫੁੱਟਬਾਲ ਦੇ 98 ਮੈਦਾਨਾਂ ਦੇ ਬਰਾਬਰ ਹੈ। ਇਥੇ ਡੈਕਸਿੰਗ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਰਸਮੀ ਤੌਰ 'ਤੇ ਰਾਸ਼ਟਰਪਤੀ ਸ਼ੀ ਵਲੋਂ ਬੁੱਧਵਾਰ ਸਵੇਰੇ ਖੋਲ੍ਹਿਆ ਗਿਆ। ਚੀਨ ਦੀ ਇਕ ਮੀਡੀਆ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਇਕੋ ਇਮਾਰਤ 'ਚ ਦੁਨੀਆ ਦੀ ਸਭ ਤੋਂ ਵੱਡੀ ਟਰਮੀਨਲ ਵਾਲਾ ਹਵਾਈ ਅੱਡਾ ਹੈ, ਜੋ ਕਿ 7,00,000 ਵਰਗ ਮੀਟਰ ਤੱਕ ਫੈਲੀ ਹੈ। ਏਅਰਪੋਰਟ ਕੌਂਸਲ ਦੇ ਅਨੁਸਾਰ ਬੀਜਿੰਗ ਦਾ ਮੌਜੂਦਾ ਹਵਾਈ ਅੱਡਾ ਅਟਲਾਂਟਾ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵਿਅਸਤ ਹਵਾਈ ਅੱਡਾ ਹੈ। ਚੀਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਬੀਜਿੰਗ ਦੇ ਹਵਾਈ ਅੱਡੇ ਤੋਂ ਵਰਕ ਲੋਡ ਘੱਟ ਕਰਨ ਲਈ ਇਕ ਨਵੇਂ ਹਵਾਈ ਅੱਡੇ ਦੀ ਲੋੜ ਸੀ।

## ਦਿਮਾਗ਼ੀ ਕਸਰਤ



## ਬਿੰਦੂ ਮਿਲਾਓ




## ਰਸਤਾ ਲੱਭੋ



# ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨੂੰ ਸਾਂਭਣ ਦਾ ਵੇਲਾ

**ਲੇਖਕ : ਮੇਜਰ ਜਨਰਲ ਬਲਵਿੰਦਰ ਸਿੰਘ (ਸੇਵਾਮੁਕਤ)**



ਪੰਜਾਬ ਇਸ ਗੱਲ ਦੇ ਯੋਗ ਕਿਉਂ ਨਹੀਂ ਹੋ ਸਕਿਆ ਕਿ ਇਹ ਆਪਣੀ ਸੱਭਿਆਚਾਰਕ ਵਿਰਾਸਤ ਦੀ ਵਰਤੋਂ ਕਰ ਕੇ ਆਪਣੇ ਅਰਥਚਾਰੇ ਨੂੰ ਹੁਲਾਰਾ ਦੇ ਸਕੇ? ਕੀ ਇਸ ਦਾ ਕਾਰਨ ਇਹ ਹੈ ਕਿ ਸਾਡਾ ਆਪਣੀ ਵਿਰਾਸਤ ਨਾਲ ਕੋਈ ਰਿਸ਼ਤਾ ਹੀ ਨਹੀਂ ਰਹਿ ਗਿਆ ਜਾਂ ਸਮੇਂ ਸਮੇਂ 'ਤੇ ਆਈਆਂ ਸਰਕਾਰਾਂ ਕੋਲ ਸੰਕਲਪ ਦੀ ਘਾਟ ਰਹੀ ਹੈ? ਜੇ ਸਹੀ ਸਮੇਂ 'ਤੇ ਸਹੀ ਕਦਮ ਪੁੱਟੇ ਜਾਣ ਤਾਂ ਪੰਜਾਬ ਦੀ ਵਿਰਾਸਤ ਦੁਨੀਆ ਭਰ ਦੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣ ਸਕਦੀ ਹੈ। ਹਿੰਦੋਸਤਾਨ ਤੱਕ ਪਹੁੰਚਣ ਲਈ ਹਮਲਾਵਰ ਪੰਜਾਬ 'ਚੋਂ ਹੋ ਕੇ ਲੰਘੇ ਸਨ ਅਤੇ ਇਸ ਧਰਤੀ 'ਤੇ ਕਈ ਲੜਾਈਆਂ ਲੜੀਆਂ ਗਈਆਂ ਸਨ। ਇਹ ਸਿੱਖ ਗੁਰੂਆਂ ਦੀ ਧਰਤੀ ਹੈ ਜਿਨ੍ਹਾਂ ਨੇ ਇਨਸਾਨੀਅਤ ਦੀ ਖਾਤਰ ਅਥਾਹ ਕੁਰਬਾਨੀਆਂ ਕੀਤੀਆਂ ਸਨ। ਪੰਜਾਬ ਨੂੰ ਭਾਰਤ ਦਾ ਅਨਾਜ ਦੇ ਕਟੋਰੇ ਦੀ ਤਸ਼ਬੀਹ ਦਿੱਤੀ ਜਾਂਦੀ ਰਹੀ ਹੈ। ਇਸ ਨੇ ਆਜ਼ਾਦੀ ਦੀ ਲੜਾਈ ਵਿੱਚ ਵੱਡਾ ਯੋਗਦਾਨ ਪਾਇਆ ਸੀ ਅਤੇ ਫਿਰ ਵੰਡ ਵੇਲੇ ਅਕਹਿ ਸੰਤਾਪ ਵੀ ਹੰਢਾਇਆ ਸੀ।

ਪੰਜਾਬ ਦੀ ਸੱਭਿਆਚਾਰਕ ਵਿਰਾਸਤ ਐਨੀ ਅਮੀਰ ਹੈ ਕਿ ਇਸ ਦੇ ਬਹੁਤ ਸਾਰੇ ਹੀਰਿਆਂ ਨੂੰ ਹਾਲੇ ਤੱਕ ਵਿਦਵਾਨਾਂ ਅਤੇ ਇਤਿਹਾਸਕਾਰਾਂ ਵੱਲੋਂ ਪਰਖਿਆ ਹੀ ਨਹੀਂ ਗਿਆ। ਮੰਦੇ ਭਾਗੀਂ ਸੂਬੇ ਦੇ ਬਹੁਤ ਸਾਰੇ ਵਿਰਾਸਤੀ ਭਵਨਾਂ ਦੀ ਖ਼ਸਤਾ ਹਾਲਤ ਬਣੀ ਹੋਈ ਹੈ ਅਤੇ ਜੇ ਇਨ੍ਹਾਂ ਨੂੰ ਸੰਭਾਲਣ ਜਾਂ ਸੁਰਜੀਤ ਕਰਨ ਲਈ ਫੌਰੀ ਤੌਰ 'ਤੇ ਚਾਰਾਜੋਈ ਨਾ ਕੀਤੀ ਗਈ ਤਾਂ ਇਹ ਸਦਾ ਲਈ ਸਾਥੋਂ ਖੁੱਸ ਜਾਣਗੇ। ਤੇਜ਼-ਤਰਾਰ ਤਕਨੀਕੀ ਤਰੱਕੀ ਅਤੇ ਸੰਸਾਰੀਕਰਨ ਦੇ ਇਸ ਯੁੱਗ ਅੰਦਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਹੋਰ ਜ਼ਿਆਦਾ ਚੁਣੌਤੀਪੂਰਨ ਅਤੇ ਅਹਿਮ ਹੋ ਗਿਆ ਹੈ। ਸੱਭਿਆਚਾਰਕ ਵਿਰਾਸਤ ਵਿੱਚ ਹੱਥ ਲਿਖਤਾਂ, ਕਲਾਕਿਰਤਾਂ ਅਤੇ ਭਵਨਾਂ ਜਿਹੀਆਂ ਸਥੂਲ ਅਤੇ ਰਵਾਇਤਾਂ ਅਤੇ ਭਾਸ਼ਾਵਾਂ ਜਿਹੀਆਂ ਅਸਥੂਲ ਚੀਜ਼ਾਂ ਤੋਂ ਮਿਲ ਕੇ ਸਾਡੀ ਸਮੂਹਕ ਪਛਾਣ ਦਾ ਆਧਾਰ ਬਣਦੀ ਹੈ। ਇਹ ਸਾਨੂੰ ਆਪਣੇ ਅਤੀਤ ਨਾਲ ਜੋੜਦੀ ਹੈ, ਸਾਡੇ ਵਰਤਮਾਨ ਨੂੰ ਅਮੀਰ ਬਣਾਉਂਦੀ ਹੈ ਅਤੇ ਸਾਡੇ ਭਵਿੱਖ ਨੂੰ ਪ੍ਰਭਾਵਿਤ ਕਰਦੀ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਵਿਰਾਸਤ ਨੂੰ ਸੰਭਾਲਣ ਲਈ ਸਮਕਾਲੀ ਖੋਜਾਂ ਨੂੰ ਅਪਣਾਉਣਾ ਜ਼ਰੂਰੀ ਹੁੰਦਾ ਹੈ।

ਸੱਭਿਆਚਾਰਕ ਵਿਰਾਸਤ ਨਾ ਕੇਵਲ ਇਤਿਹਾਸ ਦਾ ਭੰਡਾਰ ਹੁੰਦੀ ਹੈ ਸਗੋਂ ਇਹ ਕਿਸੇ ਭਾਈਚਾਰੇ ਦੀਆਂ ਕਦਰਾਂ ਕੀਮਤਾਂ, ਵਿਸ਼ਵਾਸਾਂ ਅਤੇ ਅਨੁਭਵਾਂ ਦੀ ਜਿਊਂਦੀ ਜਾਗਦੀ ਮੂਰਤ ਵੀ ਹੁੰਦੀ ਹੈ। ਇਹ ਅਪਣੱਤ ਦੇ ਬੋਧ ਦਾ ਸੰਚਾਰ ਕਰਦੀ ਹੈ ਅਤੇ ਪ੍ਰੇਰਨਾ ਦੇ ਸਰੋਤ ਦਾ ਕੰਮ ਦਿੰਦੀ ਹੈ। ਇਸ ਤੋਂ ਇਲਾਵਾ ਇਹ ਸੈਰ ਸਪਾਟੇ ਅਤੇ ਜਨ ਸੰਚਾਰ ਮਾਧਿਅਮਾਂ ਰਾਹੀਂ ਆਰਥਿਕ ਵਿਕਾਸ ਵਿੱਚ ਚੋਖਾ ਯੋਗਦਾਨ ਪਾਉਂਦੀ ਹੈ ਅਤੇ ਸਮਾਜਿਕ ਇਕਸੁਰਤਾ ਅਤੇ ਅੰਤਰ ਸੱਭਿਆਚਾਰਕ ਸੰਵਾਦ ਨੂੰ ਹੁਲਾਰਾ ਦਿੰਦੀ ਹੈ।

ਸੱਭਿਆਚਾਰਕ ਵਿਰਾਸਤ ਵਿੱਚ ਸਮਕਾਲੀ ਖੋਜਾਂ ਦੇ ਏਕੀਕਰਨ ਦਾ ਭਾਵ ਸਿਰਫ਼ ਨਵੀਆਂ ਤਕਨੀਕਾਂ ਅਪਣਾਉਣ ਤਕ ਸੀਮਤ ਨਹੀਂ ਹੈ ਸਗੋਂ ਅੰਤਰ ਵਿਸ਼ਾਗਤ ਸਾਂਝ ਭਿਆਲੀ ਅਤੇ ਸਮਾਵੇਸ਼ੀ ਵਿਧੀਆਂ ਨੂੰ ਹੱਲਾਸ਼ੇਰੀ ਦੇਣਾ ਵੀ ਹੈ। ਪੁਰਾਲੇਖ, ਪਦਾਰਥਕ ਵਿਗਿਆਨ ਅਤੇ ਡਿਜੀਟਲ ਤਕਨਾਲੋਜੀ ਜਿਹੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨੂੰ ਇੱਕ ਥਾਂ ਲਿਆ ਕੇ ਅਸੀਂ ਸੱਭਿਆਚਾਰਕ ਵਿਰਾਸਤ ਦੀ ਸਾਂਭ ਸੰਭਾਲ ਦੀ ਸਰਬਪੱਖੀ ਪਹੁੰਚ ਵਿਕਸਤ ਕਰ ਸਕਦੇ ਹਾਂ। ਇਸ ਤੋਂ ਇਲਾਵਾ ਇਨ੍ਹਾਂ ਇਖ਼ਲਾਕੀ ਸਰੋਕਾਰਾਂ ਨੂੰ ਮੁਖ਼ਾਤਿਬ ਹੁੰਦਿਆਂ ਇਹ ਯਕੀਨੀ ਬਣਾਇਆ ਜਾਵੇ ਕਿ ਤਕਨੀਕੀ ਮੁਦਾਖ਼ਲਤਾਂ ਸੱਭਿਆਚਾਰਕ ਵਿਰਾਸਤ ਦੀ ਪ੍ਰਮਾਣਿਕਤਾ ਅਤੇ ਮਹੱਤਵ ਦਾ ਸਤਿਕਾਰ ਕਰਨ। ਨਵੀਨਤਾ ਦਾ ਰਵਾਇਤਾਂ ਨਾਲ ਸਮਤੋਲ ਬਿਠਾ ਕੇ ਅਸੀਂ ਅਜਿਹੀਆਂ ਪਾਏਦਾਰ ਰਣਨੀਤੀਆਂ ਵਿਕਸਤ ਕਰ ਸਕਦੇ ਹਾਂ ਜੋ ਸਾਡੇ ਅਤੀਤ ਦਾ ਸਤਿਕਾਰ ਵੀ ਕਰਨ ਅਤੇ ਭਵਿੱਖ ਨਾਲ ਬਗਲਗੀਰ ਵੀ ਹੋ ਸਕਣ।

ਆਧੁਨਿਕ ਤੱਤਾਂ ਨੂੰ ਸੋਚਮਈ ਢੰਗ ਨਾਲ ਰਵਾਇਤੀ ਸੈਟਿੰਗਾਂ ਨਾਲ ਇਕਮਿਕ ਕਰਨਾ ਸਮੇਂ ਦੀ ਲੋੜ ਹੈ। ਇਤਿਹਾਸਕ ਧਰੋਹਰਾਂ ਦੀ ਪੂਰਨਤਾ ਲਈ ਆਧੁਨਿਕ ਆਰਕੀਟੈਕਚਰ ਦਾ ਇਸ ਢੰਗ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਦੀ ਆਭਾ ਨੂੰ ਆਂਚ ਨਾ ਆਵੇ। ਇਤਿਹਾਸਕ ਥਾਵਾਂ ਦੀ ਮੂਲ ਇਮਾਰਤਸਾਜ਼ੀ ਅਤੇ ਆਲੇ ਦੁਆਲੇ ਦੇ ਮਿਜ਼ਾਜ 'ਤੇ ਢੁਕਵੀਆਂ ਆਧੁਨਿਕ ਸਹੂਲਤਾਂ ਅਤੇ ਸਹਾਇਕ ਢਾਂਚੇ ਨੂੰ ਅਪਣਾਉਣਾ ਚਾਹੀਦਾ ਹੈ। ਇਹ ਸਭ ਕਿਸੇ ਨਵੀਂ ਉਸਾਰੀ ਵਿਚ ਰਵਾਇਤੀ ਇਮਾਰਤੀ ਸਮੱਗਰੀ ਜਾਂ ਡਿਜ਼ਾਈਨਾਂ ਦਾ ਇਸਤੇਮਾਲ ਕਰ ਕੇ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸਾਨੂੰ ਉੱਤਰ ਭਾਰਤ ਦੇ ਮੈਦਾਨੀ ਇਲਾਕਿਆਂ ਦੀ ਗਰਮੀ ਦੀ ਮਾਰ ਤੋਂ ਬਚਾਉਣ ਵਾਲੀ ਕੁਦਰਤੀ ਠੰਢਕ ਪਹੁੰਚਾਣ ਵਾਲੀਆਂ ਸਾਡੀਆਂ ਪੁਰਾਣੀਆਂ ਇਮਾਰਤਾਂ ਨੂੰ ਸਾਂਭਣ ਅਤੇ ਸੁਰਜੀਤ ਕਰਨ ਦੀ ਲੋੜ ਹੈ।

ਅਜਿਹੀਆਂ ਇਤਿਹਾਸਕ ਥਾਵਾਂ ਦੀ ਨਿਸ਼ਾਨਦੇਹੀ ਕਰਨੀ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨੀ ਜ਼ਰੂਰੀ ਹੈ ਜੋ ਸਾਡੇ ਅਤੀਤ ਦੀ ਵਿਰਾਸਤ ਦੀ ਤਰਜਮਾਨੀ ਕਰਦੀਆਂ ਹੋਣ। ਉਨ੍ਹਾਂ ਨੂੰ ਆਧੁਨਿਕ ਤਕਨੀਕਾਂ ਦੀ ਵਰਤੋਂ ਕਰ ਕੇ ਸੁਰਜੀਤ ਕਰਨ ਅਤੇ ਸੰਭਾਲ ਕੇ ਰੱਖਣ ਦੀ ਲੋੜ ਹੈ। ਇਸ ਤੋਂ ਇਲਾਵਾ, ਅਜਾਇਬਘਰਾਂ, ਸਭਿਆਚਾਰਕ ਕੇਂਦਰਾਂ ਅਤੇ ਹੋਟਲਾਂ ਜਿਹੇ ਸਮਕਾਲੀ ਮੰਤਵਾਂ ਲਈ ਵਿਰਾਸਤੀ ਇਮਾਰਤਾਂ ਦੀ ਪੁਨਰ ਵਰਤੋਂ ਕਰਨ ਬਾਰੇ ਵੀ ਸੋਚਣਾ ਚਾਹੀਦਾ ਹੈ। ਇਸ ਨਾਲ ਇਤਿਹਾਸਕ ਭਵਨਾਂ ਦੀ ਵਿਰਾਸਤੀ ਕਦਰ ਦੀ ਰਾਖੀ ਕਰਦੇ ਹੋਏ, ਇਨ੍ਹਾਂ ਨੂੰ ਨਵਾਂ ਜੀਵਨ ਦਾਨ ਮਿਲ ਸਕੇਗਾ। ਸਾਨੂੰ ਆਪਣੇ ਸੱਭਿਆਚਾਰ ਅਤੇ ਵਿਰਾਸਤ 'ਤੇ ਮਾਣ ਹੋਣਾ ਚਾਹੀਦਾ ਹੈ ਅਤੇ ਸਾਨੂੰ ਆਪਣੀ ਸੱਭਿਆਚਾਰਕ ਵਿਰਾਸਤ ਦੀ ਸਾਂਭ-ਸੰਭਾਲ ਦੀ ਰਾਖੀ ਦੇ ਮਹੱਤਵ ਨੂੰ ਵੀ ਪ੍ਰਵਾਨ ਕਰਨਾ ਪਵੇਗਾ। ਆਮ ਤੌਰ 'ਤੇ ਰਸਮਾਂ, ਰਵਾਇਤਾਂ, ਭਾਸ਼ਾਵਾਂ ਅਤੇ ਇਤਿਹਾਸਕ ਥਾਵਾਂ ਹੀ ਕਿਸੇ ਭਾਈਚਾਰੇ ਜਾਂ ਸਮਾਜ ਦੀ ਪਛਾਣ ਅਤੇ ਕਦਰਾਂ ਕੀਮਤਾਂ ਦੀ ਲਖਾਇਕ ਹੁੰਦੀਆਂ ਹਨ। ਪੰਜਾਬ ਕੋਲ ਹਰ ਕਿਸਮ ਦੀਆਂ ਚੁਣੌਤੀਆਂ 'ਤੇ ਪਾਰ ਪਾਉਣ ਅਤੇ ਇਕ ਹਾਂਦਰੂ ਤਬਦੀਲੀ ਲਿਆਉਣ ਦਾ ਜਜ਼ਬਾ ਹੈ।

ਸਮਾਜ ਬਦਲਦਾ ਹੈ ਤੇ ਆਧੁਨਿਕੀਕਰਨ ਅਕਸਰ ਤਕਨੀਕ, ਬੁਨਿਆਦੀ ਢਾਂਚੇ, ਸਿਹਤ ਸੰਭਾਲ ਤੇ ਵਿਦਿਅਕ ਸਹੂਲਤਾਂ ਦੇ ਪੱਖ ਤੋਂ ਵਿਕਾਸ ਲੈ ਕੇ ਆਉਂਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਤਬਦੀਲੀਆਂ ਨੂੰ ਅਪਣਾਈਏ ਤੇ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਲਈ ਜੀਵਨ ਪੱਧਰ 'ਚ ਸੁਧਾਰ ਕਰੀਏ। ਅਜਿਹੀਆਂ ਨੀਤੀਆਂ ਬਣਨ ਜੋ ਵਿਕਾਸ ਦੇ ਟੀਚਿਆਂ ਦਾ ਵਿਰਾਸਤੀ ਸਾਂਭ-ਸੰਭਾਲ ਨਾਲ ਸੰਤੁਲਨ ਬਿਠਾਉਣ। ਇਹ ਸ਼ਾਇਦ ਖੇਤਰੀਕਰਨ ਕਾਨੂੰਨਾਂ, ਵਿਰਾਸਤੀ ਰੱਖ-ਰਖਾਅ ਦੇ ਨੇਮਾਂ ਅਤੇ ਇਤਿਹਾਸਕ ਇਮਾਰਤਾਂ ਦੀ ਮੁੜ ਵਰਤੋਂ ਲਈ ਰਿਆਇਤਾਂ ਦੇ ਰੂਪ ਵਿੱਚ ਹੋ ਸਕਦਾ ਹੈ। ਅਜਿਹੇ ਆਧੁਨਿਕੀਕਰਨ ਪ੍ਰਾਜੈਕਟ ਲਾਗੂ ਕੀਤੇ ਜਾਣ ਜੋ ਟਿਕਾਊ ਤੇ ਵਾਤਾਵਰਨ ਪੱਖੀ ਹੋਣ ਅਤੇ ਵਿਰਾਸਤੀ ਸਥਾਨਾਂ ਤੇ ਇਨ੍ਹਾਂ ਦੇ ਚੌਗਿਰਦੇ ਉੱਤੇ ਪੈਂਦੇ ਅਸਰਾਂ ਨੂੰ ਘਟਾਉਣ ਲਈ ਪ੍ਰਦੂਸ਼ਣ ਰਹਿਤ ਤਕਨੀਕਾਂ ਤੇ ਪ੍ਰਕਿਰਿਆਵਾਂ ਦੀ ਵਰਤੋਂ ਕੀਤੀ ਜਾਵੇ।

ਇਨ੍ਹਾਂ ਸਥਾਨਾਂ ਦੇ ਵਿਕਾਸ ਨਾਲ ਸਬੰਧਿਤ ਫ਼ੈਸਲਿਆਂ 'ਚ ਮੁਕਾਮੀ ਭਾਈਚਾਰਿਆਂ ਦੀ ਰਾਇ ਲੈਣੀ ਸਹੀ ਦਿਸ਼ਾ ਵਿੱਚ ਚੁੱਕਿਆ ਕਦਮ ਹੋਵੇਗਾ। ਉਨ੍ਹਾਂ ਦੇ ਮਸ਼ਵਰੇ ਯਕੀਨੀ ਬਣਾ ਸਕਦੇ ਹਨ ਕਿ ਆਧੁਨਿਕੀਕਰਨ ਦੀਆਂ ਕੋਸ਼ਿਸ਼ਾਂ ਸਾਡੀਆਂ ਵਿਰਾਸਤੀ ਕਦਰਾਂ-ਕੀਮਤਾਂ ਤੇ ਰਵਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਜਾਣ। ਵਿਰਾਸਤੀ ਸਥਾਨਾਂ ਤੇ ਰਵਾਇਤਾਂ ਉੱਤੇ ਆਧੁਨਿਕੀਕਰਨ ਦੇ ਅਸਰਾਂ ਦਾ ਨਿਯਮਿਤ ਤੌਰ 'ਤੇ ਮੁਲਾਂਕਣ ਕਰਨਾ ਪਏਗਾ। ਨੀਤੀਆਂ ਤੇ ਰੀਤੀ-ਰਿਵਾਜਾਂ ਨੂੰ ਇਸ ਤਰ੍ਹਾਂ ਰੱਖਣਾ ਪਏਗਾ ਕਿ ਸੰਤੁਲਨ ਬਣਿਆ ਰਹੇ। ਇਸ ਨਾਲ ਸਮਾਜ ਦੀ ਇਹ ਯਕੀਨੀ ਬਣਾਉਣ ਵਿੱਚ ਮਦਦ ਹੋ ਸਕਦੀ ਹੈ ਕਿ ਆਧੁਨਿਕੀਕਰਨ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਹੇਠਾਂ ਲਿਜਾਣ ਦੀ ਥਾਂ ਇਸ ਵਿੱਚ ਵਾਧਾ ਕਰੇ। ਕਾਬਿਲੇਗੌਰ ਹੈ ਕਿ, ਤਿੰਨ ਸਾਲ ਪਹਿਲਾਂ ਜਲ੍ਹਿਆਂਵਾਲਾ ਬਾਗ਼ ਯਾਦਗਾਰ ਦੀ ਮੁਰੰਮਤ ਦੌਰਾਨ ਕੁਝ ਹੱਦ ਤੱਕ ਇਸ ਦੀ ਮੌਲਿਕ ਦਿੱਖ ਦਾ ਨੁਕਸਾਨ ਕੀਤਾ ਗਿਆ ਸੀ।

ਸਰਕਾਰ ਨੂੰ ਇੱਕ ਜਾਗਰੂਕਤਾ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ ਜੋ ਖ਼ਾਸ ਤੌਰ 'ਤੇ ਸਕੂਲਾਂ ਤੇ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਹੋਵੇ। ਵਿਦਿਅਕ ਸੰਸਥਾਵਾਂ 'ਚ ਸਥਾਨਕ ਰਵਾਇਤਾਂ ਤੇ ਸੱਭਿਆਚਾਰ ਦਾ ਜਸ਼ਨ ਮਨਾਉਣ ਵਾਲੇ ਸਮਾਗਮ ਕਰਾਉਣ ਨਾਲ ਨਾ ਕੇਵਲ ਵਿਰਾਸਤਾਂ ਦੀ ਸਾਂਭ-ਸੰਭਾਲ ਵਿੱਚ ਮਦਦ ਮਿਲੇਗੀ ਬਲਕਿ ਸੈਰ-ਸਪਾਟੇ ਤੇ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ।

ਇਸ ਤਰ੍ਹਾਂ ਦੇ ਕਦਮ ਚੁੱਕ ਕੇ, ਸਮਾਜ, ਵਿਰਾਸਤ ਤੇ ਆਧੁਨਿਕੀਕਰਨ ਦੀ ਆਪਸੀ ਗੁੰਝਲਦਾਰ ਪ੍ਰਕਿਰਿਆ ਵਿੱਚੋਂ ਪਾਰ ਲੰਘ ਸਕਦਾ ਹੈ ਤਾਂ ਕਿ ਦੋਵੇਂ ਪੱਖ ਇੱਕ ਜੀਵੰਤ ਤੇ ਟਿਕਾਊ ਭਵਿੱਖ ਲਈ ਹਿੱਸਾ ਪਾ ਸਕਣ। ਸਮੇਂ ਦੇ ਨਾਲ ਅੱਗੇ ਵਧਦਿਆਂ ਸੱਭਿਆਚਾਰਕ ਪਛਾਣ ਨੂੰ ਸੰਭਾਲਣ ਲਈ ਸੰਤੁਲਨ ਕਾਇਮ ਰੱਖਣਾ ਜ਼ਰੂਰੀ ਹੈ। ਸੂਬਾਈ ਅਤੇ ਜ਼ਿਲ੍ਹਾ ਪੱਧਰ ਉੱਤੇ ਕੰਮ ਕਰ ਰਹੇ 'ਇਨਟੈਕ' ਦੇ ਵਾਲੰਟੀਅਰ, ਸਾਂਭ-ਸੰਭਾਲ ਤੇ ਰੱਖ-ਰਖਾਅ ਵਿੱਚ ਮੁਹਾਰਤ ਰੱਖਦੇ ਹਨ। ਸਰਕਾਰ ਨੂੰ ਇਸ ਦਾ ਪੂਰਾ ਲਾਹਾ ਲੈਣਾ ਚਾਹੀਦਾ ਹੈ।

ਆਧੁਨਿਕ ਚੁਣੌਤੀਆਂ ਸਾਹਮਣੇ ਆਪਣੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਲਈ ਅਗਾਂਹਵਧੂ ਪਹੁੰਚ ਲੋੜੀਂਦੀ ਹੈ ਜੋ ਸਮਕਾਲੀ ਪ੍ਰਗਤੀ ਨੂੰ ਪੂਰੀ ਤਰ੍ਹਾਂ ਵਰਤੋਂ 'ਚ ਲਿਆਏ। ਡਿਜੀਟਲ ਤਕਨੀਕਾਂ, ਡੇਟਾ ਵਿਸ਼ਲੇਸ਼ਣ, ਮਟੀਰੀਅਲ ਸਾਇੰਸ ਤੇ ਸਮਾਜਿਕ ਹਿੱਸੇਦਾਰੀ ਰਾਹੀਂ ਅਸੀਂ ਆਪਣੀ ਸਾਂਝੀ ਵਿਰਾਸਤ ਨੂੰ ਬਚਾ ਸਕਦੇ ਹਾਂ। ਉਨ੍ਹਾਂ ਸੱਭਿਆਚਾਰਕ ਭੰਡਾਰਾਂ ਨੂੰ ਬਚਾਉਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ਜੋ ਸਾਨੂੰ ਪਰਿਭਾਸ਼ਿਤ ਕਰਦੇ ਹਨ।

---

**ਲੇਖਕ : ਅਜੀਤ ਖੰਨਾ ਲੈਕਚਰਾਰ**

# "ਗੈਟ ਆਊਟ ਔਫ ਮਾਈ ਕਲਾਸ"

ਗੱਲ 1990-91 ਦੀ ਹੈ। ਉਦੋਂ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਐਮਏ (ਇਤਿਹਾਸ) ਕਰ ਰਿਹਾ ਸਾਂ ਤੇ ਹੋਸਟਲ ਰਹਿੰਦਾ ਸਾਂ। ਪੰਜਾਬ ਵਿੱਚ ਖਾੜਕੂਵਾਦ ਪੂਰੇ ਜੋਬਨ 'ਤੇ ਸੀ। ਸੂਬੇ ਦੇ ਹਾਲਾਤ ਸੁਖਾਵੇਂ ਨਹੀਂ ਸਨ। ਯੂਨੀਵਰਸਿਟੀ ਵਿੱਚ ਅਕਸਰ ਦੂਜੇ ਤੀਜੇ ਦਿਨ ਹੜਤਾਲ ਰਹਿੰਦੀ ਸੀ। ਪੜ੍ਹਾਈ ਦਾ ਮਾਹੌਲ ਨਹੀਂ ਬਣਦਾ ਸੀ, ਜਿਸ ਵਜਾਹ ਕਰਕੇ ਯੂਨੀਵਰਸਿਟੀ ਨੂੰ ਸਲਾਨਾ ਪ੍ਰੀਖਿਆਵਾਂ ਕੁਝ ਅੱਗੇ ਪਾਉਣੀਆਂ ਪਈਆਂ। ਇਮਤਿਹਾਨ ਲੇਟ ਹੋ ਗਏ। ਮਾਪੇ ਖੇਤੀਬਾੜੀ ਕਰਦੇ ਸਨ, ਮੈਂ ਖੇਤੀ ਦੇ ਕੰਮ ਤੋਂ ਬਚਣਾ ਚਾਹੁੰਦਾ ਸੀ, ਇਸ ਲਈ ਮੈਂ ਇਹ ਸੋਚਦਾ ਰਹਿੰਦਾ ਕੇ ਐਮਏ ਦੇ ਇਮਤਿਹਾਨ ਦੇਣ ਮਗਰੋਂ ਕਿਹੜੀ ਪੜ੍ਹਾਈ ਸ਼ੁਰੂ ਕੀਤੀ ਜਾਵੇ? ਕਿਸ ਕੋਰਸ ਵਿੱਚ ਦਾਖਲਾ ਲਵਾਂ ਤਾਂ ਜੋ ਪਿੰਡ ਨਾ ਪਰਤਣਾ ਪਵੇ। ਦੂਜੀ ਗੱਲ, ਮੈਂ ਸੋਚਣ ਲੱਗਾ ਕਿ ਕੋਈ ਅਜਿਹੀ ਪੜ੍ਹਾਈ ਆਰੰਭੀ ਜਾਵੇ, ਜਿਸ ਨੂੰ ਪੂਰੀ ਕਰਨ ਪਿੱਛੋਂ ਮਾੜੀ ਮੋਟੀ ਨੌਕਰੀ ਦਾ ਜੁਗਾੜ ਬਣ ਜਾਵੇ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ ਸ. ਦਲਬੀਰ ਸਿੰਘ ਢਿੱਲੋਂ ਉਸ ਵਕਤ ਯੂਨੀਵਰਸਿਟੀ ਵਿੱਚ ਮੇਰੇ ਇਤਿਹਾਸ ਵਿਭਾਗ ਦੇ ਹੈੱਡ ਆਫ ਡਿਪਾਰਟਮੈਂਟ ਸਨ। ਉਨ੍ਹਾਂ ਨਾਲ ਮੇਰੀ ਚੋਖੀ ਨੇੜਤਾ ਸੀ। ਉਹਨਾਂ ਦੇ ਛੋਟੇ ਭਰਾ ਕੁਲਬੀਰ ਸਿੰਘ ਤੇ ਮਿਸਿਜ਼ ਢਿੱਲੋਂ ਵੀ ਮੇਰੇ ਵਿਭਾਗ ਵਿੱਚ ਹੀ ਪੜ੍ਹਾਉਂਦੇ ਸਨ। ਉਨਾਂ ਨਾਲ ਵੀ ਮੇਰਾ ਚੰਗਾ ਸਹਿਚਾਰ ਬਣ ਗਿਆ ਸੀ, ਜਿਸ ਕਰਕੇ ਸਭ ਨਾਲ ਜਾਣਪਛਾਣ ਹੋਣ ਕਰਕੇ ਮੈਂ ਉਹਨਾਂ ਦੇ ਘਰ ਵੀ ਜਾ ਆਉਂਦਾ ਸਾਂ। ਅੱਗੋਂ ਕੀ ਕੀਤਾ ਜਾਵੇ, ਮੈਂ ਉਹਨਾਂ ਤੋਂ ਸਲਾਹ ਲਈ। ਉਹਨਾਂ ਕਿਹਾ ਕਿ ਅਜੀਤ, ਤੂੰ ਐਮਫਿਲ ਕਰਨ ਦੀ ਬਜਾਏ ਪਹਿਲੋਂ ਬੀ ਐੱਡ ਕਰ। ਮੈਂ ਉਹਨਾਂ ਦੀ ਸਲਾਹ ਮੰਨ ਸਟੇਟ ਕਾਲਜ ਪਟਿਆਲਾ ਵਿਖੇ ਬੀ ਐੱਡ ਵਿੱਚ ਐਡਮਿਸ਼ਨ ਕਰਵਾ ਲਈ ਤਾਂ ਜੋ ਪ੍ਰੋਫੈਸ਼ਨਲ ਕੋਰਸ ਕਰਕੇ ਮਾਸਟਰ ਦੀ ਨੌਕਰੀ ਦਾ ਹੀਲਾ-ਵਸੀਲਾ ਬਣ ਜਾਵੇ। ਮੇਰੀ ਬੀ ਐੱਡ ਦੀ ਫੀਸ ਵੀ ਮੇਰੇ ਯਾਰ ਦੋਸਤ ਹੀ ਭਰ ਆਏ। ਸਟੇਟ ਕਾਲਜ ਸਰਕਾਰੀ ਹੋਣ ਕਰਕੇ ਫੀਸ ਵੀ ਕਿੰਨੀ ਕੁ ਹੁੰਦੀ ਸੀ? ਮਸਾਂ ਤਿੰਨ, ਸਾਢੇ ਤਿੰਨ ਸੌ ਛਮਾਹੀ ਦੀ। ਪੰਜ ਕਿਤਾਬਾਂ ਕਾਲਜ ਦੇ ਬੁੱਕ ਬੈਂਕ ਵਿੱਚੋਂ ਸਾਰਾ ਸਾਲ ਪੜ੍ਹਨ ਵਾਸਤੇ ਮੁਫ਼ਤ ਮਿਲਦੀਆਂ ਸਨ। ਇੱਕ ਕਿਤਾਬ ਵਿਦਿਆਰਥੀ ਖੁਦ ਖਰੀਦਦੇ ਸਨ, ਜੋ ਸਲਾਨਾ ਇਮਤਿਹਾਨ ਪਿੱਛੋਂ ਬੁੱਕ ਬੈਂਕ ਵਿੱਚ ਜਮ੍ਹਾਂ ਕਰਵਾ ਜਾਂਦੇ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਵੀ ਫਾਇਦਾ ਹੁੰਦਾ ਤੇ ਕਾਲਜ ਦੇ ਬੁੱਕ ਬੈਂਕ ਵਿੱਚ ਕਿਤਾਬਾਂ ਦੀ ਗਿਣਤੀ ਵੀ ਵਧਦੀ ਰਹਿੰਦੀ। ਉਹਨਾਂ ਦਿਨਾਂ ਵਿੱਚ ਪੰਜਾਬ ਵਿੱਚ ਅੱਜ ਵਾਂਗ ਥਾਂ ਥਾਂ ਬੀ ਐੱਡ ਕਾਲਜ ਨਹੀਂ ਸਨ। ਸਗੋਂ ਪੂਰੇ ਪੰਜਾਬ ਵਿੱਚ ਕੇਵਲ ਦੋ ਹੀ ਸਰਕਾਰੀ ਕਾਲਜ ਹੁੰਦੇ ਸਨ। ਇੱਕ ਸਟੇਟ ਕਾਲਜ ਪਟਿਆਲਾ ਤੇ ਦੂਜਾ ਫਰੀਦਕੋਟ, ਤੀਜਾ ਕੋਈ ਬੀ ਐੱਡ ਕਾਲਜ ਨਹੀਂ ਸੀ ਹੁੰਦਾ। ਐਡਮਿਸ਼ਨ ਮੈਰਿਟ ਦੇ ਆਧਾਰ 'ਤੇ ਬੜੀ ਮੁਸ਼ਕਿਲ ਨਾਲ ਹੁੰਦੀ ਸੀ। ਇਹ ਵੀ ਲਗਭਗ ਤੈਅ ਹੁੰਦਾ ਕੇ ਜਿਸਦੀ ਇਨ੍ਹਾਂ ਦੋਵਾਂ ਕਾਲਜਾਂ ਵਿੱਚ ਐਡਮਿਸ਼ਨ ਹੋ ਗਈ, ਪੋਸਟਾਂ ਨਿਕਲਣ 'ਤੇ ਉਸ ਨੂੰ ਨੌਕਰੀ ਵੀ ਮਿਲ ਜਾਂਦੀ।

ਮੇਰਾ ਬੀ ਐੱਡ ਵਿੱਚ ਦਾਖਲਾ ਹੋ ਗਿਆ। ਕਲਾਸਾਂ ਸ਼ੁਰੂ ਹੋ ਗਈਆਂ। ਪਰ ਨਾਲ ਹੀ ਉੱਧਰ ਮੇਰੇ ਐਮਏ ਇਤਿਹਾਸ ਦੇ ਫਾਈਨਲ ਪੇਪਰ ਵੀ ਸ਼ੁਰੂ ਹੋਣ ਜਾ ਰਹੇ ਸਨ, ਜਿਸ ਕਰਕੇ ਮੇਰੇ ਲਈ ਬੀ ਐੱਡ ਦੀ ਹਰ ਰੋਜ਼ ਕਲਾਸ ਲਾਉਣੀ ਮੁਸ਼ਕਿਲ ਸੀ। ਲੈਕਚਰ ਘਟ ਨਾ ਜਾਣ, ਇਸ ਡਰੋਂ ਮੈਂ ਆਪਣੇ ਇੱਕ ਦੋਸਤਮੇਜਰ ਸਿੰਘ ਸੰਧੂ (ਜੋ ਅੱਜ ਕੱਲ੍ਹ ਇੰਗਲੈਂਡ ਵਿੱਚ ਸੈਟਲ ਹੈ ਤੇ ਆਪਣਾ ਯੂ ਟਿਊਬ ਚੈਨਲ ਚਲਾ ਰਿਹਾ ਹੈ। ਜਿਹੜਾ ਉਸ ਵਕਤ ਉਹ ਯੂਨੀਵਰਸਿਟੀ ਵਿੱਚ ਫੋਰੈਂਸਿਕ ਸਾਇੰਸ ਦੀ ਐਮਐੱਸਸੀ ਕਰਦਾ ਸੀ) ਨੂੰ ਆਪਣੀ ਜਗ੍ਹਾ ਬੀ ਐੱਡ ਦੀ ਕਲਾਸ ਲਾਉਣ ਵਾਸਤੇ ਭੇਜਣ ਲੱਗਾ। ਉਹ ਕੁੜੀਆਂ ਨਾਲ ਗੱਲਾਂ ਕਰਨ ਦਾ ਸ਼ੋਕੀਨ ਸੀ। ਮੇਰੀ ਬੀ ਐੱਡ ਦੀ ਕਲਾਸ ਵਿੱਚ 20-25 ਕੁੜੀਆਂ ਸਨ ਜਦੋਂ ਕਿ ਮੁੰਡਿਆਂ ਦੀ ਗਿਣਤੀ ਮਹਿਜ਼ 10 ਕੁ ਹੀ ਸੀ। ਅੰਨ੍ਹਾ ਕੀ ਭਲੇ ਦੋ ਅੱਖਾਂ! ਉਹ ਮੇਰੀ ਜਗ੍ਹਾ ਕਲਾਸ ਲਾਉਣ ਚਲਾ ਜਾਂਦਾ।

ਜਿਸ ਦਿਨ ਮੇਰਾ ਪੇਪਰ ਨਾ ਹੁੰਦਾ ਤਾਂ ਮੈਂ ਕਲਾਸ ਲਾ ਆਉਂਦਾ। ਸਾਡਾ ਇਹ ਸਿਲਸਲਾ ਲਗਾਤਾਰ ਕਈ ਦਿਨ ਚਲਦਾ ਰਿਹਾ। ਕਦੇ ਕਲਾਸ ਲਾਉਣ ਉਹ ਜਾ ਆਉਂਦਾ ਤੇ ਕਦੇ ਮੈਂ ਜਾ ਆਉਂਦਾ। ਕਿਉਂਕਿ ਨਵੀਆਂ ਕਲਾਸਾਂ ਸ਼ੁਰੂ ਹੋਣ ਕਰਕੇ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਹਾਲੇ ਬਾਹਲੀ ਪਛਾਣ ਨਹੀਂ ਸੀ, ਇਸ ਕਰਕੇ ਮੇਜਰ ਵਾਸਤੇ ਮੇਰੀ ਜਗ੍ਹਾ ਹਾਜ਼ਰੀ (ਪ੍ਰੌਕਸੀ) ਲਾਉਣੀ ਮੁਸ਼ਕਿਲ ਨਹੀਂ ਸੀ। ਪਰ ਇੱਕ ਦਿਨ ਜਦੋਂ ਮੈਂ ਕਲਾਸ ਲਾਉਣ ਬੈਠਾ ਤਾਂ ਕਲਾਸ ਇੰਚਾਰਜ ਨੇ ਸਟੂਡੈਂਟ ਦੀ ਹਾਜ਼ਰੀ ਲਾਉਣੀ ਸ਼ੁਰੂ ਕੀਤੀ। ਮੇਰੀ ਵਾਰੀ ਆਉਣ 'ਤੇ ਇੰਚਾਰਜ ਅਧਿਆਪਕਾ ਨੇ ਮੇਰਾ ਰੋਲ ਨੰਬਰ ਬੋਲਦੇ ਹੋਏ ਆਖਿਆ, "ਰੋਲ ਨੰਬਰ ਟੂ ਫੋਰਟੀ ਫਾਈਵ 245"

ਮੈਂ ਕਿਹਾ, "ਯੈੱਸ ਮੈਡਮ।"

ਉਹਨਾਂ ਕਿਹਾ, "ਸਟੈਂਡ ਅੱਪ ਪਲੀਜ਼।"

ਮੈਂ ਆਪਣੀ ਕੁਰਸੀ ਤੋਂ ਖੜ੍ਹੇ ਹੁੰਦੇ ਫਿਰ ਕਿਹਾ, "ਯੈੱਸ ਮੈਡਮ!"

ਮੈਡਮ ਨੇ ਪਹਿਲਾਂ ਮੇਰੀ ਸ਼ਕਲ ਵੱਲ ਗਹੁ ਨਾਲ ਵੇਖਿਆ ਤੇ ਫਿਰ ਘੂਰ ਕੇ ਕਹਿਣ ਲੱਗੇ, "ਯੇ ਕਿਆ ਬਾਤ ਹੈ, ਕਭੀ ਕੋਈ ਆ ਜਾਤਾ ਹੈ, ਕਭੀ ਕੋਈ ਆ ਜ਼ਾਤਾ ਹੈ ਕਲਾਸ ਲਗਾਨੇ।"

ਮੈਂ ਅਣਜਾਣ ਤੇ ਸਾਊ ਜਿਹਾ ਬਣਕੇ ਅਜੇ ਆਪਣੀ ਗੱਲ ਕਹਿਣ ਹੀ ਲੱਗਾ ਸਾਂ ਕੇ ਮੈਡਮ ਥੋੜ੍ਹਾ ਗੁੱਸੇ ਭਰੇ ਲਹਿਜ਼ੇ ਵਿੱਚ ਬੋਲੇ, "ਗੈੱਟ ਆਊਟ ਔਫ ਮਾਈ ਕਲਾਸ।"

ਕਲਾਸ ਦੀਆਂ ਬਾਹਲੀਆਂ ਕੁੜੀਆਂ ਨੂੰ ਸਾਡੀ ਇਸ ਚਲਾਕੀ ਦਾ ਪਤਾ ਸੀ ਕੇ ਅਸੀਂ ਹਰ ਰੋਜ਼ ਬਦਲ ਕੇ ਕਲਾਸ ਲਾਉਣ ਆਉਂਦੇ ਹਾਂ, ਜਿਸ ਕਰਕੇ ਅੰਦਰੋਂ ਅੰਦਰੀ ਸਾਰੇ ਹੱਸ ਪਏ। ਮੈਂ ਆਪਣੇ ਆਪ ਨੂੰ ਦੋਸ਼ੀ ਸਮਝਦੇ ਹੋਏ ਬਿਨਾਂ ਕੁਝ ਬੋਲੇ ਕਲਾਸ ਤੋਂ ਬਾਹਰ ਚਲਾ ਗਿਆ।

ਮੇਰੇ ਵੱਲੋਂ ਆਪਣੇ ਦੋਸਤ ਨੂੰ ਆਪਣੀ ਜਗ੍ਹਾ ਕਲਾਸ ਲਾਉਣ ਭੇਜਣਾ ਮੇਰੀ ਮਜਬੂਰੀ ਸੀ। ਪਰ ਹੈ ਗਲਤੀ ਸੀ। ਉਸ ਦਿਨ ਤੋਂ ਬਾਅਦ ਮੈਂ ਫੈਸਲਾ ਕਰ ਲਿਆ ਕੇ ਅੱਜ ਤੋਂ ਬਾਅਦ ਮੈਂ ਕਲਾਸ ਲਾਉਣ ਦੋਸਤ ਨੂੰ ਨਹੀਂ ਭੇਜਾਂਗਾ, ਸਗੋਂ ਖੁਦ ਜਾਵਾਂਗਾ।

ਕਾਲਜ ਤੋਂ ਵਾਪਸ ਯੂਨੀਵਰਸਿਟੀ ਜਾ ਕੇ ਇਹ ਸਾਰੀ ਘਟਨਾ ਸ਼ਾਮ ਨੂੰ ਮੈਂ ਆਪਣੇ ਦੋਸਤਾਂ ਨਾਲ ਸਾਂਝੀ ਕੀਤੀ। ਅਸੀਂ ਸਾਰੇ ਬੜਾ ਹੱਸੇ। ਪਰ ਨਾਲ ਹੀ ਉਨ੍ਹਾਂ ਇਸ ਨੂੰ ਮੇਰੀ ਗਲਤੀ ਵੀ ਦੱਸਿਆ। ਬਾਦ ਵਿੱਚ ਮੈਂ ਬੀ ਐੱਡ ਕਰਕੇ ਨੌਕਰੀ ਵੀ ਲੱਗ ਗਿਆ। ਪਰ ਉਹ ਗੱਲ (ਗੈੱਟ ਆਊਟ ਔਫ ਮਾਈ ਕਲਾਸ) ਨਹੀਂ ਭੁੱਲਿਆ। ਇਸ ਤਰ੍ਹਾਂ ਮੇਰੇ ਵੱਲੋਂ ਮਜਬੂਰੀਵੱਸ ਕੀਤੀ ਉਹ ਨਿੱਕੀ ਜਿੰਨੀ ਗਲਤੀ ਮੇਰੀ ਜ਼ਿੰਦਗੀ ਦੀ ਅਭੁੱਲ ਯਾਦ ਬਣ ਗਈ। ਅੱਜ ਵੀ ਜਦੋਂ ਕਿਤੇ ਮੇਰੇ ਉਹ ਗੱਲ ਯਾਦ ਆਉਂਦੀ ਹੈ ਤਾਂ ਮੇਰਾ ਮੱਲੋਮੱਲੀ ਹਾਸਾ ਨਿਕਲ ਆਉਂਦਾ ਹੈ ਤੇ ਮੈਂ ਮਨੋਮਨੀ ਹੱਸ ਲੈਂਦਾ ਹਾਂ।

# ਸਿਹਤ ਸੰਸਾਰ



# ਨਸ਼ਿਆਂ ਦੀ ਤਾਂਘ ਕਿਵੇਂ ਖ਼ਤਮ ਹੋਵੇ?

ਡਾ. ਜਗਦੀਪ ਸਿੰਘ ਭਾਟੀਆ

ਬਹੁਤ ਸਾਰੇ ਮਰੀਜ਼ ਨਸ਼ਿਆਂ ਦੇ ਕਈ ਪ੍ਰਕਾਰ ਦੇ ਇਲਾਜ ਕਰਵਾਉਣ ਤੋਂ ਬਾਅਦ ਅਕਸਰ ਆ ਕੇ ਕਹਿੰਦੇ ਹਨ ਕਿ ਡਾਕਟਰ ਸਾਹਿਬ ਇਲਾਜ ਤੋਂ ਬਾਅਦ ਵੀ ਸਾਡੇ ਅੰਦਰੋਂ ਨਸ਼ਿਆਂ ਦੀ ਤਾਂਘ ਖਤਮ ਨਹੀਂ ਹੋਈ। ਅਸੀਂ ਆਪਣੇ ਆਪ ਇਸ ਤਾਂਘ 'ਤੇ ਕਾਬੂ ਪਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਸਾਡੀ ਕੋਈ ਪੇਸ਼ ਨਹੀਂ ਗਈ। ਫਿਰ ਹਾਰ ਕੇ ਇਹ ਸੋਚਿਆ ਕਿ ਸਿਰਫ ਇਕ ਵਾਰ ਨਸ਼ਾ ਲੈ ਲੈਂਦੇ ਹਾਂ ਫਿਰ ਕਦੇ ਨਹੀਂ ਲਵਾਂਗੇ ਨਸ਼ਾ ਲੈ ਲਿਆ ਤੇ ਫਿਰ ਹਰ ਰੋਜ਼ ਹੀ ਲੈਣਾ ਸ਼ੁਰੂ ਕਰ ਦਿੱਤਾ।

ਮੈਂ ਦੱਸਣਾ ਚਾਹਾਂਗਾ ਕਿ ਤਾਂਘ ਵਾਲੇ ਇਹ ਉਹ ਮਰੀਜ਼ ਹੁੰਦੇ ਹਨ ਜਿਨ੍ਹਾਂ ਦੇ ਵੱਖ-ਵੱਖ ਸਰੀਰਕ ਇਲਾਜਾਂ ਨਾਲ ਸਿਰਫ ਸਰੀਰ ਵਿਚੋਂ ਹੀ ਨਸ਼ਿਆਂ ਦਾ ਅਸਰ ਖਤਮ ਹੋਇਆ ਹੁੰਦਾ ਹੈ ਪਰ ਦਿਮਾਗ (ਬਿਮਾਰੀ) ਦਾ ਇਲਾਜ ਨਹੀਂ ਹੋਇਆ ਹੁੰਦਾ। ਜਦੋਂ ਤੱਕ ਬਿਮਾਰੀ ਦਾ ਇਲਾਜ ਨਹੀਂ ਹੁੰਦਾ ਉਦੋਂ ਤੱਕ ਨਸ਼ਿਆਂ ਦੀ ਤਾਂਘ ਖਤਮ ਨਹੀਂ ਹੋ ਸਕਦੀ ਤੇ ਮਰੀਜ਼ ਨਸ਼ਿਆਂ ਨੂੰ ਸਦਾ ਲਈ ਨਹੀਂ ਛੱਡ ਸਕਦਾ।

ਤਾਂਘ ਕਿਉਂ ਪੈਦਾ ਹੁੰਦੀ ਹੈ? ਇਹ ਤਾਂਘ ਸਰੀਰ ਦੀ ਨਹੀਂ ਬਲਕਿ ਦਿਮਾਗ ਦੀ ਉਪਜ ਹੈ। ਇਹ ਨਸ਼ਿਆਂ ਦੀ ਯਾਦ ਜਾਂ ਸੋਚ ਹੀ ਹੈ ਜਿਹੜੀ ਮਰੀਜ਼ ਦੇ ਬਿਮਾਰ ਦਿਮਾਗ ਵਿਚ ਬੈਠ ਜਾਂਦੀ ਹੈ ਤੇ ਤਾਂਘ ਦੇ ਰੂਪ ਵਿਚ ਉਪਜਦੀ ਹੈ। ਜਦ ਮਰੀਜ਼ ਨਸ਼ਾ ਲੈਂਦਾ ਹੈ ਤਾਂ ਉਸ ਦੇ ਦਿਮਾਗ ਵਿਚ ਡੋਪਾਮੀਨ (ਤਰਲ ਪਦਾਰਥ) ਪੈਦਾ ਹੁੰਦਾ ਹੈ, ਜਿਸ ਨਾਲ ਉਸ ਨੂੰ ਮਜ਼ਾ ਆਉਂਦਾ ਹੈ। ਇਹ ਮਜ਼ਾ ਦਿਮਾਗ ਦੇ ਹਿਪੋਕੈਂਪਸ ਹਿੱਸੇ ਵਿਚ ਨਸ਼ੇ ਦੀ ਯਾਦ ਜਾਂ ਸੋਚ ਵਜੋਂ ਆਪਣੀ ਪੱਕੀ ਥਾਂ ਬਣਾ ਲੈਂਦਾ ਹੈ। ਮਰੀਜ਼ ਜਿੰਨਾ ਜ਼ਿਆਦਾ ਨਸ਼ਾ ਲੈਂਦਾ ਹੈ ਓਨਾ ਜ਼ਿਆਦਾ ਡੋਪਾਮੀਨ ਪੈਦਾ ਹੁੰਦਾ ਹੈ ਉਸ ਨੂੰ ਓਨਾ ਜ਼ਿਆਦਾ ਮਜ਼ਾ ਆਉਂਦਾ ਤੇ ਹਿਪੋਕੈਂਪਸ ਹਿੱਸੇ ਵਿਚ ਨਸ਼ੇ ਦੀ ਓਨੀ ਵੱਡੀ ਯਾਦ ਜਾਂ ਸੋਚ ਬਣ ਜਾਂਦੀ ਹੈ। ਹੁਣ ਇਥੇ ਇਹ ਗੱਲ ਸਮਝੋ ਕਿ ਸਰੀਰਕ ਇਲਾਜ ਨਾਲ ਸਿਰਫ ਸਰੀਰ ਵਿਚੋਂ ਨਸ਼ਾ ਖਤਮ ਹੁੰਦਾ ਹੈ। ਦਿਮਾਗ ਵਿਚ ਇਹ ਯਾਦ ਜਾਂ ਸੋਚ ਉਵੇਂ ਹੀ ਪਈ ਰਹੀ ਜਿਸ ਕਰਕੇ ਵਾਰ-ਵਾਰ ਸਰੀਰਕ ਇਲਾਜ ਕਰਵਾਉਣ ਤੋਂ ਬਾਅਦ ਵੀ ਮਰੀਜ਼ ਦੇ ਦਿਮਾਗ ਵਿਚ ਨਸ਼ਾ ਲੈਣ ਦੀ ਤਾਂਘ ਪੈਦਾ ਹੁੰਦੀ ਹੈ।

### ਤਾਂਘ ਕਦੋਂ ਪੈਦਾ ਹੁੰਦੀ ਹੈ?

1. ਜਦ ਮਰੀਜ਼ ਵਿਹਲਾ ਬੈਠਦਾ ਹੈ
2. ਜਦ ਉਸ ਨੂੰ ਕਾਹਲਾਪਨ ਚਿੜਚੜਾਪਨ ਖਾਲੀਪਨ ਇਕੱਲਾਪਨ ਉਦਾਸੀ ਘਬਰਾਹਟ ਖਰਾਬ ਮੂਡ ਬੇਚੈਨੀ ਤੇ ਗੁੱਸਾ ਤੰਗ ਕਰਦਾ ਹੈ
3. ਜਦ ਉਸ ਨੂੰ ਲਗਦਾ ਹੈ ਕਿ ਹੁਣ ਨਸ਼ੇ ਤੋਂ ਬਗੈਰ ਮੇਰੀ ਜ਼ਿੰਦਗੀ ਖਾਲੀ ਤੇ ਬੇਮਾਇਨਾ ਹੋ ਗਈ ਹੈ।
4. ਜਦ ਉਸ ਨੂੰ ਦਿਮਾਗੀ ਸਰੀਰਕ ਕਮਜ਼ੋਰੀ/ਦਰਦਾਂ ਮਹਿਸੂਸ ਹੁੰਦੀਆਂ ਹਨ
5. ਜਦ ਉਸ ਨੂੰ ਸਵੇਰੇ ਉਠਦਿਆਂ ਲੱਗਦਾ ਹੈ ਕਿ ਨਸ਼ੇ ਤੋਂ ਬਗੈਰ ਉਸ ਦਾ ਸਾਰਾ ਦਿਨ ਕਿਵੇਂ ਲੰਘੇਗਾ?
6. ਜਦ ਉਸ ਨੂੰ ਲਗਦਾ ਹੈ ਕਿ ਨਸ਼ੇ ਤੋਂ ਬਗੈਰ ਮੇਰੀ ਸਿਹਤ ਖਰਾਬ ਹੋ ਜਾਵੇਗੀ
7. ਜਦ ਉਸ ਨੂੰ ਲਗਦਾ ਹੈ ਮੈਂ ਨਸ਼ੇ ਤੋਂ ਬਗੈਰ ਕਿਸੇ ਵੀ ਕੰਮ ਨੂੰ ਪੂਰਾ ਨਹੀਂ ਕਰ ਸਕਾਂਗਾ
8. ਜਦ ਉਸ ਨੂੰ ਨੀਂਦ ਨਹੀਂ ਆਉਂਦੀ ਭੁੱਖ ਨਹੀਂ ਲਗਦੀ
9. ਜਦ ਉਸ ਨੂੰ ਨਸ਼ਾ ਲੈਣ ਵਾਲੀਆਂ ਥਾਵਾਂ/ਪੁਰਾਣੇ ਦੋਸਤ ਯਾਦ ਆਉਂਦੇ ਹਨ
10. ਉਸ ਨੂੰ ਜਦ ਮੁਸ਼ਕਿਲ ਆਉਣ 'ਤੇ ਲੱਗੇ ਕਿ ਨਸ਼ੇ ਤੋਂ ਬਗੈਰ ਇਸ ਨੂੰ ਹੱਲ ਨਹੀਂ ਕਰ ਸਕਾਂਗਾ।

### ਸਫਲ ਇਲਾਜ

ਮਰੀਜ਼ ਨੂੰ ਹੋਸ਼ ਵਿਚ ਰੱਖ ਕੇ ਬਿਨਾਂ ਕਿਸੇ ਤਕਲੀਫ ਅਤੀ-ਆਧੁਨਿਕ ਇਲਾਜ ਪ੍ਰਣਾਲੀ ਦੁਆਰਾ ਸਰੀਰ ਨੂੰ ਨਸ਼ਾ ਰਹਿਤ ਕਰ ਲਿਆ ਜਾਂਦਾ ਹੈ। ਫਿਰ ਮਰੀਜ਼ ਦੇ ਦਿਮਾਗ ਦੇ ਹਿਪੋਕੈਂਪਸ ਹਿੱਸੇ ਵਿਚ ਨਸ਼ਿਆਂ ਦੀਆਂ ਸੋਚਾਂ ਜਾਂ ਯਾਦਾਂ ਨੂੰ ਅਤੀ ਆਧੁਨਿਕ ਦਵਾਈਆਂ ਥੈਰੇਪੀਜ਼ ਤੇ ਵਿਸ਼ੇਸ਼ ਮਨੋਵਿਗਿਆਨਕ ਪ੍ਰੋਗਰਾਮਾਂ ਰਾਹੀਂ ਖਤਮ ਕੀਤਾ ਜਾਂਦਾ ਹੈ। ਹੁਣ ਮਰੀਜ਼ ਦੇ ਦਿਮਾਗ ਵਿਚ ਦੁਬਾਰਾ ਤਾਂਘ ਪੈਦਾ ਨਹੀਂ ਹੁੰਦੀ। ਜੇ ਕਦੇ ਹੁੰਦੀ ਵੀ ਹੈ ਤਾਂ ਮਰੀਜ਼ ਇਸ 'ਤੇ ਕਾਬੂ ਪਾ ਲੈਂਦਾ ਹੈ। ਇਸ ਤਰ੍ਹਾਂ ਮਰੀਜ਼ ਨਸ਼ਿਆਂ ਨੂੰ ਸਦਾ ਲਈ ਛੱਡ ਜਾਂਦਾ ਹੈ।

ਮਰੀਜ਼ ਤੇ ਪਰਿਵਾਰ ਦੀ ਮੀਟਿੰਗ: ਮਰੀਜ਼ ਤੇ ਉਨ੍ਹਾਂ ਦੇ ਪਰਿਵਾਰ ਹਰ ਰੋਜ਼ ਮੀਟਿੰਗ ਦੇ ਰੂਪ ਵਿਚ ਇਕੱਠੇ ਬੈਠਦੇ ਹਨ। ਮੀਟਿੰਗ ਵਿਚ ਨਸ਼ਾ ਛੁਡਾਉਣ ਦੇ ਮਾਹਿਰ ਡਾਕਟਰ ਤੇ ਨਿਪੁੰਨ ਮਨੋਵਿਗਿਆਨੀ ਆਪਣੇ ਤਜਰਬੇ ਸਾਂਝੇ ਕਰਦੇ ਹਨ। ਠੀਕ ਹੋਏ ਮਰੀਜ਼ ਵੀ ਆਪਣਾ ਤਜਰਬਾ ਸਾਂਝਾ ਕਰਦੇ ਹਨ ਕਿ ਉਨ੍ਹਾਂ ਨੇ ਕਿਵੇਂ ਨਸ਼ਾ ਛੱਡਿਆ। ਮਰੀਜ਼ਾਂ ਨੂੰ ਠੀਕ ਹੋਏ ਮਰੀਜ਼ਾਂ ਤੋਂ ਸਿੱਖਣ ਦਾ ਮੌਕਾ ਮਿਲਦਾ ਹੈ।

ਖੁਸ਼ਹਾਲ ਜੀਵਨ ਜਿਊਣਾ ਸਿਖਾਉਣਾ: ਨਸ਼ਾ ਛੁਡਾਉਣ ਤੋਂ ਬਾਅਦ ਮਰੀਜ਼ ਨੂੰ ਬੇਹੱਦ ਪਿਆਰ ਭਰੇ ਮਾਹੌਲ ਵਿਚ ਰੱਖ ਕੇ 'ਵਿਸ਼ੇਸ਼ ਮਨੋਵਿਗਿਆਨਕ ਪ੍ਰੋਗਰਾਮਾਂ' ਰਾਹੀਂ ਉਸ ਦੀ ਸੋਚ ਵਿਚ ਨਵੀਆਂ ਉਮੀਦਾਂ ਤੇ ਉਮੰਗਾਂ ਦੇ ਰੰਗ ਭਰੇ ਜਾਂਦੇ ਹਨ। ਪ੍ਰੋਗਰਾਮ ਸਿੱਖ ਕੇ ਮਰੀਜ਼ ਨੂੰ ਆਪਣੇ ਆਪ ਨਾਲ ਪਿਆਰ ਹੋ ਜਾਂਦਾ ਹੈ ਚੰਗੇ ਕੰਮਾਂ ਪ੍ਰਤੀ ਉਤਸ਼ਾਹ ਪੈਦਾ ਹੋ ਜਾਂਦਾ ਹੈ। ਉਹ ਇਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਦਾ ਹੈ।

## ਸਾਡੀ ਸਿਹਤ 'ਤੇ ਜੰਕ ਫੂਡ ਦੇ ਪੈ ਰਹੇ ਮਾੜੇ ਅਸਰ

ਲੇਖਕ : ਦੀਪਕ ਲਾਲਵਾਨੀ

ਫਾਸਟ ਫੂਡ ਦੇ ਨਾਂਅ 'ਤੇ ਜਿਸ ਤਰ੍ਹਾਂ ਨਾਲ ਖਾਣ ਵਾਲੇ ਪਦਾਰਥਾਂ ਨੇ ਨਿਰਾਲੇ ਸਵਾਦਾਂ ਦਾ ਮੁਲੱਮਾ ਚਾੜ੍ਹ ਕੇ ਸਾਡੇ ਰੋਜ਼ਮਰ੍ਹਾ ਦੇ ਆਪਣੇ ਖਾਣੇ ਵਿਚ ਦਖ਼ਲ-ਅੰਦਾਜ਼ੀ ਕੀਤੀ ਹੈ, ਉਸ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਹੋ ਰਹੇ ਹਨ ਬੱਚੇ।

ਜਨਮ ਲੈਂਦਿਆਂ ਹੀ ਬੱਚਿਆਂ ਦੀ ਖਾਣ ਅਤੇ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਕਰਨ ਦੀ ਲੋੜ ਨੂੰ ਨਕਾਰਿਆ ਨਹੀਂ ਜਾ ਸਕਦਾ। ਬੱਚਿਆਂ ਨੂੰ ਦੁੱਧ ਪਿਲਾਉਣ ਦੇ ਮਹੱਤਵ ਨੂੰ ਅਨੇਕ ਮਾਵਾਂ ਵਲੋਂ ਆਪਣੀ ਸਰੀਰਕ ਸੁਡੋਲਤਾ ਬਣਾਈ ਰੱਖਣ ਦੀ ਵਜ੍ਹਾ ਕਰਕੇ ਜਾਂ ਬਾਹਰੀ ਕੰਮਕਾਜ ਕਾਰਨ ਜਦੋਂ ਪਹਿਲ ਨਹੀਂ ਦਿੱਤੀ ਜਾਂਦੀ ਤਾਂ ਬੱਚੇ ਦੇ ਖਾਣ-ਪੀਣ ਦੀਆਂ ਜ਼ਰੂਰਤਾਂ ਬਾਹਰੀ ਪਦਾਰਥਾਂ ਤੋਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਥੋਂ ਬੱਚਿਆਂ ਦੀ ਜੀਭ 'ਤੇ ਖਾਣ-ਪੀਣ ਦੀਆਂ ਬਾਹਰਲੀਆਂ ਚੀਜ਼ਾਂ ਦਾ ਸਵਾਦ ਚੜ੍ਹ ਜਾਂਦਾ ਹੈ। ਇਹੀ ਸਵਾਦ ਆਦਤ ਬਣ ਕੇ ਬੱਚਿਆਂ ਦੀ ਜ਼ਰੂਰਤ ਬਣ ਜਾਂਦਾ ਹੈ।



ਭਾਰਤੀ ਪਰਿਵਾਰਾਂ ਵਿਚ ਜੀਵਨ ਸ਼ੈਲੀ ਵਿਚ ਤੇਜ਼ੀ ਨਾਲ ਆ ਰਹੇ ਬਦਲਾਅ ਦੇ ਚਲਦਿਆਂ ਬੱਚੇ ਆਪਣੇ ਜੀਵਨ ਦੀ ਸ਼ੁਰੂਆਤ ਇਸੇ ਬਦਲਾਅ ਦੇ ਮੁਕਾਮ ਤੋਂ ਸ਼ੁਰੂ ਕਰ ਰਹੇ ਹਨ। ਹੁਣ ਉਹ ਇਸ ਤਰ੍ਹਾਂ ਦੇ ਜੀਵਨ ਵਿਚ ਆ ਗਏ ਹਨ, ਜਿਥੇ ਉਹ ਭਾਰਤੀ ਖਾਣ-ਪੀਣ ਦੇ ਲੁਪਤ ਹੁੰਦੇ ਪਕਵਾਨਾਂ ਬਾਰੇ ਜਾਣੂ ਹੀ ਨਹੀਂ ਹੋ ਰਹੇ ਹਨ।

ਪਰਿਵਾਰਕ ਜੀਵਨਸ਼ੈਲੀ ਦੇ ਬਦਲਾਅ ਨੇ ਘਰਾਂ ਵਿਚ ਤਿਆਰ ਹੋਣ ਵਾਲੇ ਖਾਣ-ਪੀਣ ਵਾਲੇ ਪਦਾਰਥਾਂ ਦੇ ਰਿਵਾਜ ਨੂੰ ਬਦਲਿਆ ਹੈ। ਹੁਣ ਕੱਪੜਿਆਂ ਅਤੇ ਜੁੱਤੀਆਂ ਦੀ ਤਰ੍ਹਾਂ ਮੇਲਿਆਂ, ਤਿਉਹਾਰਾਂ ਅਤੇ ਰਿਵਾਜ ਮੌਕੇ ਬਾਜ਼ਾਰ ਵਿਚ ਰੈਡੀਮੇਡ ਖਾਣ ਵਾਲੇ ਪਦਾਰਥਾਂ ਦੀ ਵੀ ਖਰੀਦੋ-ਫਰੋਖਤ ਕੀਤੀ ਜਾਣ ਲੱਗੀ ਹੈ। ਇਸ ਤਰ੍ਹਾਂ ਖਾਣ ਵਾਲੇ ਪਦਾਰਥਾਂ ਵਿਚ ਜੰਕ ਫੂਡ ਦੀ ਬਹੁਲਤਾ ਨੇ ਵੱਡਿਆਂ ਤੋਂ ਕਿਤੇ ਜ਼ਿਆਦਾ ਬੱਚਿਆਂ ਨੂੰ ਵੱਡੀ ਗਿਣਤੀ ਵਿਚ ਆਪਣੀ ਪਕੜ ਵਿਚ ਲੈ ਲਿਆ ਹੈ।

ਇੰਝ ਕਿਹਾ ਜਾ ਸਕਦਾ ਹੈ ਕਿ ਜੰਕ ਫੂਡ ਦੇ ਖਾਣ ਨਾਲ ਬੱਚਿਆਂ ਦੇ ਦਿਮਾਗ਼ ਅਤੇ ਸਰੀਰਕ ਤੌਰ 'ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਬੱਚੇ ਆਪਣੇ ਦੁਪਹਿਰ ਦੇ ਖਾਣੇ ਵਾਲੇ ਡੱਬੇ ਵਿਚ ਜੰਕ ਫੂਡ ਹੀ ਲਿਜਾਣਾ ਪਸੰਦ ਕਰ ਰਹੇ ਹਨ। ਜੰਕ ਫੂਡ ਦੇ ਖਾਣ ਦੀ ਆਦਤ ਵਿਚ ਫਸੇ ਬੱਚੇ ਮੁੱਖ ਤੌਰ 'ਤੇ ਮੋਟਾਪੇ ਦੇ ਸ਼ਿਕਾਰ, ਚਿੜਚਿੜੇ, ਅਸਹਿਣਸ਼ੀਲ ਅਤੇ ਅਨੈਤਿਕਤਾ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ।

ਮਾਪਿਆਂ ਨੂੰ ਸਾਵਧਾਨੀ ਵਰਤਿਆਂ ਆਪਣੇ ਬੱਚਿਆਂ ਨੂੰ ਸਿਹਤਮੰਦ ਚੀਜ਼ਾਂ ਦੇ ਫ਼ਾਇਦਿਆਂ ਬਾਰੇ ਜਾਣੂ ਕਰਾਉਂਦੇ ਰਹਿਣਾ ਚਾਹੀਦਾ ਹੈ ਅਤੇ ਬੱਚਿਆਂ ਵਿਚ ਨਿੰਬੂ ਪਾਣੀ, ਲੱਸੀ, ਫਲਾਂ ਦੇ ਜੂਸ ਦੀ ਆਦਤ ਪਾਉਣੀ ਚਾਹੀਦੀ ਹੈ। ਬੱਚਿਆਂ ਦੇ ਖਾਣ-ਪੀਣ ਦਾ ਸ਼ੌਕ ਪੂਰਾ ਕਰਨ ਲਈ ਬਾਜ਼ਾਰਾਂ ਤੋਂ ਫਾਸਟ ਫੂਡ ਖਰੀਦ ਕੇ ਬੱਚਿਆਂ ਦੀ ਇੱਛਾ ਪੂਰੀ ਕਰ ਕੇ ਉਹ ਆਪਣਾ ਫ਼ਰਜ਼ ਪੂਰਾ ਹੋਇਆ ਸਮਝ ਲੈਂਦੇ ਹਨ ਪਰ ਬੱਚਿਆਂ ਦੀ ਜੀਭ ਦੇ ਸਵਾਦ ਉਨ੍ਹਾਂ ਨੂੰ ਇਨ੍ਹਾਂ ਦਾ ਆਦੀ ਬਣਾ ਦਿੰਦੇ ਹਨ ਅਤੇ ਉਹ ਉਦੋਂ ਤੱਕ ਜ਼ਿੱਦ ਕਰਦੇ ਰਹਿੰਦੇ ਹਨ ਜਦੋਂ ਤੱਕ ਉਨ੍ਹਾਂ ਨੂੰ ਇਹ ਬਾਜ਼ਾਰੀ ਪੈਕੇਜ ਪ੍ਰਾਪਤ ਨਹੀਂ ਕਰਾਏ ਜਾਂਦੇ। ਅੱਗੇ ਚਲ ਕੇ ਇਹ ਫਾਸਟ ਫੂਡ ਹੀ ਬੱਚਿਆਂ ਦੇ ਤਨ ਅਤੇ ਮਨ ਦੇ ਬਹੁਤ ਵੱਡੇ ਦੁਸ਼ਮਣ ਬਣ ਜਾਂਦੇ ਹਨ। ਅੱਜਕਲ੍ਹ ਦੇ ਬੱਚਿਆਂ ਵਿਚ ਵੀ ਜੰਕ ਫੂਡ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਬੱਚਿਆਂ ਨੂੰ ਸੁਚੇਤ ਰਹਿਣ ਦੇ ਸੰਦੇਸ਼ ਮਿਲਣੇ ਚਾਹੀਦੇ ਅਤੇ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਦੀਆਂ ਖਾਣ ਦੀਆਂ ਆਦਤਾਂ 'ਤੇ ਗੰਭੀਰਤਾਪੂਰਨ ਧਿਆਨ ਦੇਣਾ ਚਾਹੀਦਾ ਹੈ। ਸਮਾਜ ਦਾ ਫ਼ਰਜ਼ ਹੈ ਕਿ ਬੱਚਿਆਂ ਨੂੰ ਸਿਹਤਮੰਦ ਪੌਸ਼ਟਿਕ ਭੋਜਨ ਮਿਲੇ ਅਤੇ ਉਹ ਸਰੀਰਕ ਅਤੇ ਮਾਨਸਿਕ ਰੂਪ ਨਾਲ ਸਿਹਤਮੰਦ ਰਹਿ ਕੇ ਸਮਾਜ ਤੇ ਦੇਸ਼ ਦਾ ਭਵਿੱਖ ਬਣਾਉਣ ਲਈ ਆਪਣੇ-ਆਪ ਨੂੰ ਸੰਪੂਰਨ ਰੂਪ ਵਿਚ ਤਿਆਰ ਕਰ ਸਕਣ।

## ਬੜੀ ਗੁਣਕਾਰੀ ਹੈ ਸਿਰ ਦੀ ਮਾਲਿਸ਼

ਦਿਨ-ਭਰ ਦੀ ਨੱਠ-ਭੱਜ, ਦਿਮਾਗੀ ਥਕਾਨ, ਹਵਾ ਪ੍ਰਦੂਸ਼ਣ, ਖ਼ੁਸ਼ਕੀ ਅਤੇ ਸਿਰ ਦਰਦ ਦਾ ਸਹੀ ਇਲਾਜ ਹੈ ਸਿਰ ਦੀ ਮਾਲਿਸ਼। ਪੁਰਾਣੇ ਸਮੇਂ ਵਿਚ ਸਿਰ ਦੀ ਮਾਲਿਸ਼ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਸੀ। ਅੱਜ ਦੇ ਦੌਰ ਵਿਚ ਵਾਲਾਂ ਦੀਆਂ ਵਧਦੀਆਂ ਸਮੱਸਿਆਵਾਂ ਤੋਂ ਕੁਝ ਹੱਦ ਤੱਕ ਨਿਜਾਤ ਪਾਉਣ ਲਈ ਸਿਰ ਦੀ ਮਾਲਿਸ਼ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ। ਮਾਲਿਸ਼ ਲਈ ਕਿਸੇ ਵੀ ਚੰਗੇ ਕਿਸਮ ਦੇ ਤੇਲ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਵੇਂ ਨਾਰੀਅਲ, ਸਰ੍ਹੋਂ, ਬਦਾਮ, ਤਿਲ, ਅਰੰਡੀ, ਜੈਤੂਨ, ਆਂਵਲੇ ਦਾ ਤੇਲ ਆਦਿ।



ਨਾਰੇਂਦਰ ਦੇਵਾਂਗਨ

ਸਭ ਤੋਂ ਪਹਿਲਾਂ ਸਾਹਮਣਿਓਂ ਮੱਥੇ ਦੇ ਕੋਲ ਸਿਰ ਦੀ ਮਾਲਿਸ਼ ਕੀਤੀ ਜਾਣੀ ਚਾਹੀਦੀ ਹੈ। ਦੋਵਾਂ ਹੱਥਾਂ ਦੀਆਂ ਵਿਚਕਾਰਲੀਆਂ ਉਂਗਲੀਆਂ ਨੂੰ ਗੋਲ-ਗੋਲ ਘੁਮਾ ਕੇ ਕੰਨਾਂ ਦੇ ਕੋਲ ਵਾਲਾਂ ਦੀ ਰੇਖਾ ਦੇ ਕੋਲ ਰੱਖਦੇ ਹੋਏ ਹੇਠਾਂ ਤੋਂ ਉੱਪਰ ਸਿਰ ਦੇ ਮੱਧ ਤੱਕ ਲੈ ਕੇ ਜਾਂਦੇ ਹੋਏ ਮਾਲਿਸ਼ ਕਰੋ।

ਹੁਣ ਇਸੇ ਸਥਿਤੀ ਵਿਚ ਉਂਗਲੀਆਂ ਨੂੰ ਵਾਲਾਂ ਦੀ ਰੇਖਾ ਤੋਂ 2.5 ਸੈਂਟੀਮੀਟਰ ਪਿੱਛੇ ਟਿਕਾ ਕੇ ਪਹਿਲਾਂ ਵਾਲੀ ਹਾਲਤ ਅਨੁਸਾਰ ਉਂਗਲੀਆਂ ਗੋਲ-ਗੋਲ ਘੁਮਾਓ।

ਹੁਣ ਇਸ ਥਾਂ ਤੋਂ 2.5 ਸੈਂਟੀਮੀਟਰ ਪਿੱਛੇ ਉਂਗਲੀਆਂ ਟਿਕਾ ਕੇ ਪਹਿਲਾਂ ਵਾਲੀ ਸਥਿਤੀ ਵਿਚ ਮਾਲਿਸ਼ ਕਰਦੇ ਹੋਏ ਉਂਗਲੀਆਂ ਸਿਰ ਦੇ ਬਿਲਕੁਲ ਮੱਧ ਤੱਕ ਉੱਪਰ ਲਿਆਓ।

ਦੋਵਾਂ ਹੱਥਾਂ ਦੀ ਅਨਾਮਿਕਾ ਤੇ ਵਿਚਕਾਰਲੀ ਉਂਗਲੀ ਨੂੰ ਸਿਰ ਦੇ ਵਿਚਕਾਰਲੇ ਹਿੱਸੇ ਤੋਂ ਹੌਲੀ-ਹੌਲੀ ਖਿਸਕਾਉਂਦੇ ਹੋਏ ਕੰਨਾਂ ਦੇ ਕੋਲ ਲਿਆਓ। ਦੋਵਾਂ ਹੱਥਾਂ ਦੇ ਅੰਗੂਠੇ ਸਿਰ ਦੇ ਵਿਚਕਾਰ ਉੱਪਰ ਟਿਕਾ ਕੇ ਰੱਖੋ। ਹੁਣ ਦੋਵਾਂ ਹੱਥਾਂ ਦੀਆਂ ਅੱਠਾਂ ਉਂਗਲੀਆਂ ਨੂੰ ਸਿਰ ਦੇ ਵਿਚਕਾਰ ਬਿਲਕੁਲ ਉੱਪਰ ਫੈਲਾ ਕੇ ਟਿਕਾਉਂਦੇ ਹੋਏ ਦੋਵਾਂ ਹੱਥਾਂ ਦੇ ਅੰਗੂਠਿਆਂ ਨੂੰ ਧੌਣ ਦੇ ਕੋਲ ਵਾਲਾਂ ਦੀਆਂ ਜੜ੍ਹਾਂ ਦੇ ਆਖ਼ਰੀ ਸਿਰੇ 'ਤੇ ਰੱਖ ਕੇ ਹੌਲੀ-ਹੌਲੀ ਅੰਗੂਠਿਆਂ ਨੂੰ ਉੱਪਰ ਵੱਲ ਖਿਸਕਾਓ। ਸੱਜਾ ਹੱਥ ਸਿਰ ਦੇ ਸਾਹਮਣੇ ਵੱਲ ਅਤੇ ਮੱਥੇ ਨੂੰ ਛੂੰਹਦੇ ਹੋਏ ਰੱਖੋ ਅਤੇ ਖੱਬੇ ਹੱਥ ਨੂੰ ਸਿਰ ਦੇ ਪਿੱਛੇ ਵੱਲ ਟਿਕਾਓ।

ਹੁਣ ਦੋਵਾਂ ਹੱਥਾਂ ਨੂੰ ਹੌਲੀ-ਹੌਲੀ ਅੱਗੇ-ਪਿੱਛੇ ਲੈ ਜਾਓ। ਧਿਆਨ ਰੱਖੋ, ਸਿਰ ਦੀ ਮਾਲਿਸ਼ ਕਰਦੇ ਸਮੇਂ ਵਾਲ ਹੱਥਾਂ ਵਿਚ ਉਲਝ ਕੇ ਟੁੱਟਣ ਨਾ। ਹੱਥਾਂ ਦਾ ਦਬਾਅ ਵੀ ਸਿਰ 'ਤੇ ਸਧਾਰਨ ਹੋਵੇ, ਨਾ ਬਹੁਤ ਜ਼ਿਆਦਾ ਹੋਵੇ ਅਤੇ ਨਾ ਹੀ ਬਹੁਤ ਘੱਟ। ਮਾਲਿਸ਼ ਤੋਂ ਬਾਅਦ ਵਾਲਾਂ ਦੀਆਂ ਜੜ੍ਹਾਂ ਵਿਚ ਭਾਫ਼ ਦਿਓ। ਜੇਕਰ ਸਟੀਮਰ ਨਹੀਂ ਹੈ ਤਾਂ ਇਕ ਪਤੀਲੇ ਵਿਚ ਪਾਣੀ ਗਰਮ ਕਰੋ। ਉਸ ਵਿਚ ਤੌਲੀਆ ਭਿਉਂ ਲਓ ਅਤੇ ਨਿਚੋੜ ਕੇ ਕੋਸਾ ਤੌਲੀਆ ਸਿਰ 'ਤੇ ਲਪੇਟ ਲਓ। ਇਸ ਤਰ੍ਹਾਂ ਕਰਨ ਨਾਲ ਤੇਲ ਜੜ੍ਹਾਂ ਦੇ ਅੰਦਰ ਦਾਖ਼ਲ ਹੋ ਜਾਵੇਗਾ।

ਸਿਰ ਨੂੰ ਭਾਫ ਦੇਣ ਨਾਲ ਗੰਦਗੀ ਦੇ ਕਣ ਬਾਹਰ ਨਿਕਲ ਜਾਂਦੇ ਹਨ। ਭਾਫ ਲੈਂਦੇ ਸਮੇਂ ਤੌਲੀਆ ਠੰਢਾ ਹੋ ਜਾਣ 'ਤੇ ਗਰਮ ਪਾਣੀ ਵਿਚ ਦੁਬਾਰਾ ਡੁਬੋ ਕੇ ਨਿਚੋੜ ਕੇ ਲਗਾਓ। ਚੰਗੀ ਤਰ੍ਹਾਂ ਭਾਫ ਲੈਣ ਨਾਲ ਕੁਝ ਸਮੇਂ ਬਾਅਦ ਸ਼ੈਂਪੂ ਕਰ ਲਓ। ਸ਼ੈਂਪੂ ਤੋਂ ਬਾਅਦ ਵਾਲਾਂ ਵਿਚ ਕੰਡੀਸ਼ਨਿੰਗ ਵੀ ਜ਼ਰੂਰ ਕਰੋ।

ਲਗਾਤਾਰ ਸਿਰ ਦੀ ਮਾਲਿਸ਼ ਕੀਤੀ ਜਾਵੇ ਅਤੇ ਮਾਲਿਸ਼ ਤੋਂ ਬਾਅਦ ਵਾਲਾਂ ਨੂੰ ਭਾਫ਼ ਦਿੱਤੀ ਜਾਵੇ ਤਾਂ ਕਈ ਰੋਗਾਂ ਦੇ ਬੁਰੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ, ਨਾਲ ਹੀ ਕਾਲੇ, ਚਮਕਦਾਰ ਵਾਲਾਂ ਦੇ ਮਾਲਕ ਬਣਿਆ ਜਾ ਸਕਦਾ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਛਿਤਰੌਲ



ਸੋਟੀ ਦੇ ਸਹਾਰੇ ਢਿੱਲੀ ਜਿਹੀ ਤੋਰ ਨਾਲ ਨੱਬ੍ਹਿਆਂ ਤੋਂ ਟੱਪਿਆ ਬਾਬਾ ਮੁਨਸ਼ਾ ਸਿਉਂ ਸੱਥ ਵਾਲੇ ਥੜ੍ਹੇ ਕੋਲ ਆ ਕੇ ਐਨਕਾਂ ਨੂੰ ਠੀਕ ਕਰਦਾ ਨਾਥੇ ਅਮਲੀ ਦੇ ਲਾਡ ਨਾਲ ਸੋਟੀ ਦੀ ਹੁੱਜ ਮਾਰ ਕੇ ਕਹਿੰਦਾ, ''ਤੇਰੇ ਗੁਆਂਢੀ ਮੱਘਰ ਕੇ ਮੀਤੇ ਦਾ ਕੀ ਬਣਿਆਂ ਅਮਲੀਆ ਓਏ। ਬੰਨ੍ਹ ਤਾਂ ਕੰਡਿਆਲਾਂ ਆਲੇ ਥੋਹਰ ਨਾਲ ਕੁ ਛੁੱਟ ਗਿਆ?''

ਸੀਤਾ ਮਰਾਸੀ ਨਾਥੇ ਅਮਲੀ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਬੋਲ ਪਿਆ ਬਾਬੇ ਨੂੰ, ''ਛੁੱਟਣ ਉਹ ਗਾਹਾਂ ਆੜ੍ਹਤੀਏ ਦਾ ਫੜ੍ਹਿਆ ਵਿਆ ਸੀ ਬਈ ਪੈਂਸੇ ਮੰਗਦਾ ਸੀ ਸੇਠ। ਪੁੱਠੇ ਕੰਮਾਂ ਦੇ ਮਾੜੇ ਨਤੀਜੇ। ਕੇਰਾਂ ਆਪਣੇ ਪਿੰਡ ਆਲਾ ਬੋਘਾ ਕੱਟੀ ਸਾਹੁਰਿਆਂ ਤੋਂ ਬਹੂ ਨੂੰ ਲੈਣ ਗਿਆ ਸਾਹੁਰਿਆਂ ਦੀ ਬੱਕਰੀਉ ਈ ਖੋਹਲ ਲਿਆਇਆ। ਬਹੂ ਤਾਂ ਆਈ ਨਾ, ਉਹਨੇ ਕਿਹਾ ਖਾਲੀ ਤਾਂ ਹੁਣ ਘਰੇ ਕੀ ਜਾਮਾਂਗੇ, ਚੱਲੋ ਬੱਕਰੀਉ ਈ ਲੈ ਚਲਦੇ ਆਂ। ਬੱਕਰੀ ਲਈ ਆਉਂਦੇ ਨੂੰ ਕਿਤੇ ਰਾਹ 'ਚ ਨਹਿੰਗ ਸਿੰਘ ਮਿਲ ਗੇ ਨੰਦਪੁਰ ਨੂੰ ਹੋਲੇ ਮਹੱਲੇ 'ਤੇ ਜਾਂਦੇ। ਉਨ੍ਹਾਂ ਨੇ ਵੇਖਿਆ ਬਈ ਇਹ ਬੱਕਰੀ ਇਹਦੀ ਤਾਂ ਲੱਗਦੀ ਨ੍ਹੀ। ਇਹ ਤਾਂ ਇਉਂ ਲੱਗਦਾ ਜਿਮੇਂ ਕਿਸੇ ਦੀ ਚੋਰੀ ਕਰਕੇ ਲਿਆਇਆ ਹੁੰਦੈ। ਨਹਿੰਗਾਂ ਨੇ ਬੋਘੇ ਨੂੰ ਘੇਰ ਕੇ ਪੁੱਛਿਆ 'ਕਿੰਨੇ ਦੀ ਲਿਆਇਐਂ ਓਏ'? ਬੋਘਾ ਨਹਿੰਗਾਂ ਦਾ ਦੱਬਕਾ ਸੁਣ ਕੇ ਇਉਂ ਕੰਬਣ ਲੱਗ ਗਿਆ ਜਿਮੇਂ ਤਣੀ 'ਤੇ ਸੁੱਕਣਾ ਪਾਇਆ ਸੁੱਥੂ ਹਵਾ ਨਾਲ ਹਿੱਲਦਾ ਹੁੰਦੈ। ਅੜ੍ਹਕ-ਅੜ੍ਹਕ ਕੇ ਜੇ ਬੋਲਦਾ ਬੋਘਾ ਕਹਿੰਦਾ 'ਮੈਂ ਮੈਂ ਮੈਂ ਤਾਂ ਸਹੁਰਿਆਂ ਤੋਂ ਲਿਆਇਆਂ, ਪੈਂਸਾ ਤਾਂ ਮੈਂ ਨ੍ਹੀ ਕੋਈ ਲਾਇਆ'। ਲੜ ਖੜਾਉਂਦੇ ਬੋਲਦੇ ਨੂੰ ਸੁਣ ਕੇ ਨਹਿੰਗਾਂ ਨੂੰ ਪਤਾ ਲੱਗ ਗਿਆ ਗਈ ਇਹ ਤਾਂ ਚੋਰੀ ਕਰਕੇ ਲਿਆਇਆ ਬੱਕਰੀ। ਉਨ੍ਹਾਂ ਨੇ ਢਾਹ ਲਿਆ ਬੋਘਾ। ਮਾਰ ਮਾਰ ਘਸੁੰਨ ਬੋਘੇ ਦਾ ਬੂਥੜ ਭੰਨ ਕੇ ਮੂੰਹ ਇਉਂ ਬਣਾ 'ਤਾ ਜਿਮੇਂ ਖਰਬੂਜਿਆਂ ਦੇ ਵਾੜੇ ਕੋਲੇ ਗਧਿਆਂ ਨੇ ਖਰਬੂਜੇ ਮਿੱਧੇ ਹੁੰਦੇ ਐ। ਨਾਲੇ ਲੈ ਗੇ ਆਗਲੇ ਬੱਕਰੀ ਖੋਹ ਕੇ। ਚੋਰੀ ਕੀਤੀ ਬੱਕਰੀ ਮੁਖਤ ਦੇ ਭਾਅ ਚੀ ਗਈ। ਜਿਹੜੇ ਘੈਂਸਲੇ ਖਾਧੇ ਉਹ ਨਫ਼ੇ ਦੇ।''

ਮਾਹਲੇ ਨੰਬਰਦਾਰ ਨੇ ਮਰਾਸੀ ਦੀ ਗੱਲ ਟੋਕ ਕੇ ਮਰਾਸੀ ਨੂੰ ਪੁੱਛਿਆ, ''ਸਾਹੁਰਿਆਂ ਨੂੰ ਪਤਾ ਨ੍ਹੀ ਲੱਗਿਆ ਬਈ ਬੱਕਰੀ ਕੌਣ ਲੈ ਗਿਆ?''

ਚੁੱਪ ਕਰਿਆ ਬੈਠਾ ਨਾਥਾ ਅਮਲੀ ਟਿੱਚਰ 'ਚ ਕਹਿੰਦਾ, ''ਸਾਹੁਰਿਆਂ ਨੇ ਜਦੋਂ ਅਗਲੇ ਦੀ ਬਹੂ ਰੱਖ ਲੀ ਤਾਂ ਉਹਨੇ ਬੱਕਰੀ ਤਾਂ ਖੋਹਲਣੀਉਂ ਈਂ ਸੀ।''

ਕੈਲਾ ਬੁੜ੍ਹਾ ਕਹਿੰਦਾ, ''ਚਲਾਕ ਸੀ ਬੋਘਾ। ਉਹਨੇ ਕਿਹਾ ਆਪੇ ਛੱਡ ਕੇ ਆਉਣਗੇ ਬੱਕਰੀ ਲਿਆਉਣ ਦੇ ਮਾਰੇ। ਬਹੂ ਛੱਡਿਆਉਣਗੇ, ਬੱਕਰੀ ਲੈ ਆਉਣਗੇ। ਤਾਂ ਕਰਕੇ ਬੱਕਰੀ ਖੋਹਲ ਕੇ ਲਿਆਇਆ ਸੀ, ਹੋਰ ਬੋਘੇ ਨੇ ਕਿਹੜਾ ਬੱਕਰੀ ਨ੍ਹੀ ਵੇਖੀ ਕਦੇ।''

ਨਾਥਾ ਅਮਲੀ ਕੈਲੇ ਬੁੜ੍ਹੇ ਦੀ ਗੱਲ ਸੁਣ ਕੇ ਬੁੜ੍ਹੇ ਨਾਲ ਟਿੱਚਰੋ ਟਿੱਚਰੀ ਹੋ ਗਿਆ। ਕੈਲੇ ਬੁੜ੍ਹੇ ਦੇ ਗੋਡੇ 'ਤੇ ਹੱਥ ਮਾਰ ਕੇ ਕਹਿੰਦਾ, ''ਆਹ ਨੰਬਰਦਾਰਾ ਦੀ ਸੁਣ ਲਾ ਬੁੜ੍ਹਿਆ। ਨੰਬਰਦਾਰ ਕਹਿੰਦਾ 'ਸਹੁਰਿਆਂ ਨੂੰ ਪਤਾ ਨ੍ਹੀ ਲੱਗਿਆ ਬਈ ਕੌਣ ਲੈ ਗਿਆ ਬੱਕਰੀ'। ਬੱਕਰੀ ਦਾ ਤਾਂ ਨੰਬਰਦਾਰਾ ਉਨ੍ਹਾਂ ਨੂੰ ਘੈਂਟੇ ਕੁ ਚੀ ਪਤਾ ਲੱਗ ਗਿਆ ਸੀ ਬਈ ਬੱਕਰੀ ਕੋਈ ਖੋਹਲ ਕੇ ਲੈ ਗਿਆ, ਪਰ ਇਉਂ ਨਾ ਪਤਾ ਲੱਗਿਆ ਬਈ ਕੀਹਨੇ ਖੋਹਲੀ ਐ?''

ਨੰਬਰਦਾਰ ਨੇ ਪੁੱਛਿਆ, ''ਪਤਾ ਕਿਮੇਂ ਲੱਗਿਆ ਬਈ ਫਿਰ?''

ਨਾਥਾ ਅਮਲੀ ਕਹਿੰਦਾ, ''ਪਤਾ ਤਾਂ ਪਠੋਰਿਆਂ ਤੋਂ ਈ ਲੱਗ ਗਿਆ ਸੀ ਜਦੋਂ ਬੱਕਰੀ ਨਾ ਦਿਸੀ ਤਾਂ ਪਠੋਰੇ ਮਿਆਂਕਣ ਲੱਗ ਗੇ। ਘਰ ਵਾਲਿਆਂ ਨੇ ਪਹਿਲਾਂ ਤਾਂ ਕੋਈ ਬਹੁਤੀ ਗੌਰ ਜੀ ਨਾ ਕੀਤੀ ਬਈ ਊਈਂ ਮਿਆਂਕਦੇ ਹੋਣਗੇ ਭੁੱਖੇ। ਜਦੋਂ ਉਹ ਮਿਆਂਕਣੋ ਨਾ ਈਂ ਹਟੇ ਤਾਂ ਬੁੜ੍ਹੀ ਨੇ ਬੁੜ੍ਹੇ ਨੂੰ ਕਿਹਾ ਹੋਣੈ ਬਈ ਪਠੋਰੇ ਭੁੱਖੇ ਮਿਆਂਕਦੇ ਐ, ਜਾਹ ਉੱਠ ਕੇ ਜਾ ਕੇ ਬੱਕਰੀ ਪਠੋਰਿਆਂ ਦੇ ਕੋਲ ਬੰਨ੍ਹ ਦੇ, ਦੁੱਧ ਚੁੰਘ ਲੈਣਗੇ। ਜਦੋਂ ਬੁੜ੍ਹਾ ਉੱਠ ਕੇ ਬੱਕਰੀ ਆਲੇ ਕਿੱਲੇ 'ਤੇ ਆਇਆ ਹੋਣੈ, ਉਹਨੇ ਵੇਖਿਆ ਹੋਣੈ ਬਈ ਏਥੇ ਤਾਂ ਬੱਕਰੀਉ ਈ ਹੈ ਨ੍ਹੀ। ਮੁੜ ਕੇ ਉਨ੍ਹਾਂ ਨੇ ਐਧਰ ਓਧਰ ਵੇਖੀ ਹੋਣੀ ਐਂ ਨਾ ਥਿਆਈ। ਫੇਰ ਬੁੜ੍ਹਾ ਕੁੜੀ ਨੂੰ ਲੈ ਕੁੜੀ ਦੇ ਸਹੁਰੀਂ ਛੱਡਣ ਉਠ ਗਿਆ। ਸੋਚਿਆ ਨਾਲੇ ਬੱਕਰੀ ਦੀ ਉੱਘ ਸੁੱਘ ਨਿੱਕਲ ਆਊ। ਜਦੋਂ ਬੁੜ੍ਹਾ ਜਾ ਕੇ ਘਰੇ ਵੜਿਆ ਤਾਂ ਜਾਂਦੇ ਨੂੰ ਜੁਆਈ ਸਾਹਬ ਜੀ ਮੰਜੇ 'ਚ ਪਏ ਆਵਦੀ ਬੇਬੇ ਤੋਂ ਨਹਿੰਗਾਂ ਵੱਲੋਂ ਲਾਏ ਸੋਧੇ ਦੀਆਂ ਗੁੱਝੀਆਂ ਸੱਟਾਂ ਨੂੰ ਤੱਤੇ ਰੇਤੇ ਦਾ ਸੇਕ ਦੁਆਈ ਜਾਵੇ। ਜਦੋਂ ਬਹੂ ਦੇ ਪਿਉ ਨੇ ਪੁੱਛਿਆ ਬਈ ਕੀ ਗੱਲ ਹੋ ਗੀ ਤਾਂ ਬੁੜ੍ਹੀ ਨੇ ਭਾਂਡਾ ਭੰਨ 'ਤਾ ਕਹਿੰਦੀ ਜਿਹੜੀ ਤੁਸੀਂ ਬੱਕਰੀ ਦਿੱਤੀ ਸੀ ਉਹਨੂੰ ਲਈ ਆਉਂਦੇ ਨੂੰ ਵੇਖ ਕੇ ਨਾਲੇ ਤਾਂ ਨਹਿੰਗ ਸਿੰਘ ਬੱਕਰੀ ਖੋਹ ਕੇ ਲੈ ਗੇ ਨਾਲੇ ਕੁੱਟ ਕੁੱਟ ਮੁੰਡੇ ਦਾ ਪਨੀਰ ਕੱਢ 'ਤਾ। ਆਹ ਗੱਲ ਹੋ ਗੀ। ਬੋਘੇ ਕੱਟੀ ਦੀ ਮਾਂ ਆਵਦੇ ਕੁੜਮ ਨਾਲ ਲੜ ਪੀ ਬਈ ਅਸੀਂ ਕੀ ਬੱਕਰੀ ਢੂਹੇ 'ਚ ਲੈਣੀ ਸੀ ਮੇਰਾ ਤਾਂ ਪੁੱਤ ਈ ਮਾਰ ਦੇਣਾ ਸੀ ਸੋਡੀ ਬੱਕਰੀ ਨੇ।''




ਬਾਬਾ ਮੁਨਸ਼ਾ ਸਿਉਂ ਨਾਥੇ ਅਮਲੀ ਦੀ ਚੱਲਦੀ ਗੱਲ ਵਿੱਚੋਂ ਕੱਟ ਕੇ ਕਹਿੰਦਾ, ''ਮੈਂ ਤਾਂ ਯਾਰ ਮੱਘਰ ਕੇ ਮੀਤੇ ਦੀ ਗੱਲ ਪੁੱਛੀ ਸੀ ਬਈ ਪੁਲਸ ਨੇ ਛੱਡ 'ਤਾ ਕੁ ਨਹੀਂ। ਤੁਸੀਂ ਪਤੰਦਰੋ ਹੋਰ ਈ ਗਿੱਲਾ ਪੀਹਣ ਪਾ ਕੇ ਬਹਿ ਗੇ। ਬੋਘਾ ਤਾਂ ਹੈ ਈ ਚੋਰ। ਚੋਰ ਨੇ ਇਹ ਤਾਂ ਨ੍ਹੀ ਵੇਖਣਾ ਹੁੰਦਾ ਬਈ ਇਹ ਮੇਰੇ ਸਾਹੁਰਿਆਂ ਦਾ ਘਰ ਐ, ਕੁ ਨਾਨਕਿਆਂ ਦਾ ਘਰ ਐ। ਉਹਨੇ ਤਾਂ ਜਿੱਥੇ ਦਾਅ ਲੱਗਦਾ ਲਾ ਈ ਲੈਣਾ। ਤੁਸੀ ਮੀਤੇ ਦੀ ਗੱਲ ਦੱਸੋ ਬਈ ਉਹਦਾ ਕੀ ਬਣਿਆਂ ਭੌਰ ਦਾ?''

ਪ੍ਰਤਾਪੇ ਭਾਊ ਨੇ ਬਾਬੇ ਨੂੰ ਮੱਘਰ ਕੇ ਮੀਤੇ ਬਾਰੇ ਹੈਰਾਨੀ ਨਾਲ ਪੁੱਛਿਆ,''ਉਹਨੂੰ ਕੀ ਹੋ ਗਿਆ ਬਾਬਾ ਉਹਦੇ ਬਾਰੇ ਕਾਹਤੋਂ ਪੁੱਛਦੈਂ ਤੂੰ?''

ਪ੍ਰਤਾਪੇ ਭਾਊ ਦੀ ਗੱਲ ਸੁਣ ਕੇ ਬਾਬਾ ਭਾਊ ਨੂੰ ਕਹਿੰਦਾ, ''ਕਿੱਥੇ ਰਹਿਨੈਂ ਭਾਊ ਯਾਰ ਤੂੰ। ਮੀਤੇ ਦੀ ਗੱਲ ਦਾ ਤਾਂ ਤਾਹਾਂ ਚੰਦ 'ਤੇ ਗਿਆਂ ਵਿਆਂ ਨੂੰ ਵੀ ਪਤਾ ਲੱਗ ਗਿਆ ਬਈ ਉਹਨੂੰ ਪੁਲਸ ਫੜ੍ਹ ਕੇ ਲੈ ਗੀ। ਤੈਨੂੰ ਚੁੱਲ੍ਹੇ ਦੇ ਵੱਟੇ ਨਾਲ ਬੈਠੇ ਨੂੰ ਮਨ੍ਹੀ ਪਤਾ ਲੱਗਿਆ।''

ਮਾਹਲਾ ਨੰਬਰਦਾਰ ਕਹਿੰਦਾ, ''ਇਹਨੇ ਪਤਾ ਲਾ ਕੇ ਵੀ ਮੁਨਸ਼ਾ ਸਿਆਂ ਕੀ ਕਰਨੈਂ। ਰੋਟੀਆਂ ਭੰਨ ਈ ਐਂ ਇਹ ਤਾਂ। ਰੋਟੀਆਂ ਜਿੰਨੀਆਂ ਮਰਜੀ ਖੁਆ ਲੋ, ਪਰ ਕਿਸੇ ਗੱਲ ਦਾ ਨ੍ਹੀ ਪਤਾ ਹੁੰਦਾ ਇਹਨੂੰ।''

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, ''ਰੋਟੀਆਂ ਦਾ ਤਾਂ ਇਹਨੂੰ ਸਾਰੇ ਪਿੰਡ ਦੇ ਘਰਾਂ ਦਾ ਪਤਾ ਬਈ ਕੀਹਦੇ ਕਿੰਨੀਆਂ ਪੱਕਦੀਐ ਕੀਹਦੇ ਕਿੰਨੀਆਂ।''

ਘੀਰਾ ਪੰਡਤ ਸੀਤੇ ਮਰਾਸੀ ਨੂੰ ਕਹਿੰਦਾ, ''ਬਾਬੇ ਦੀ ਵੀ ਸੁਣ ਲਾ ਮੀਰ ਸਿਆਂ। ਆਵਦਾ ਈ ਟੱਟੂ ਭਜਾਈ ਜਾਨੈ ਐ ਜਿਮੇਂ ਪਿੰਡ ਆਲੇ ਅਵਾਰਾ ਗਊਆਂ ਨੂੰ ਫੜ੍ਹਣ ਵੇਲੇ ਸਾਰੇ ਪਿੰਡ 'ਚ ਡੱਕਰੀ ਫਿਰਦੇ ਹੁੰਦੇ ਐ। ਕਿਸੇ ਹੋਰ ਦੀ ਵੀ ਸੁਣ ਲਾ ਗੱਲ। ਬਾਹਲਾ ਬੋਲਦੈਂ ਪਤੰਦਰਾ।''

ਘੀਰੇ ਪੰਡਤ ਦੀ ਗੱਲ ਸੁਣ ਕੇ ਸੀਤਾ ਮਰਾਸੀ ਘੀਰੇ ਨੂੰ ਇਉਂ ਕਤਾੜ ਕੇ ਪੈ ਗਿਆ ਜਿਮੇਂ ਭੁੱਖੇ ਕਤੀੜ੍ਹ ਤੰਦੂਰ 'ਤੇ ਪਏ ਰੋਟੀਆਂ ਆਲੇ ਛਾਬੇ ਨੂੰ ਪੈ ਗੇ ਹੋਣ। ਮਰਾਸੀ ਘੀਰੇ ਨੂੰ ਕਹਿੰਦਾ, ''ਪਹਿਲਾਂ ਆਵਦੀਆਂ ਪਹਿਲੀਆਂ ਸੱਟਾਂ ਨੂੰ ਸੇਕ ਸੂਕ ਦੇ ਲਾ। ਪਹਿਲੀ ਕੁੱਟ ਨੂੰ ਹਜੇ 'ਰਾਮ ਨ੍ਹੀ ਆਇਆ, ਹੁਣ ਫੇਰ ਪੰਗੇ ਲੈਣ ਨੂੰ ਫਿਰਦੈ। ਬਹਿ ਜਾ ਟਿਕ ਕੇ ਕਿਤੇ ਹੋਰ ਨਾ ਦਬਾਰੇ ਗੁਲਗਲੇ ਆਰਗਾ ਕਰਨਾ ਪੈ ਜੇ।''

ਬੁੱਘਰ ਦਖਾਣ ਨੇ ਸੀਤੇ ਮਰਾਸੀ ਨੂੰ ਪੁੱਛਿਆ, ''ਪਹਿਲਾਂ ਕੀ ਗੱਲ ਹੋ ਗੀ ਮੀਰ ਪੰਡਤ ਨਾਲ?''

ਮਰਾਸੀ ਨੂੰ ਘੀਰੇ ਪੰਡਤ 'ਤੇ ਹਰਖਿਆ ਵੇਖ ਬਾਬੇ ਮੁਨਸ਼ਾ ਸਿਉਂ ਨੇ ਪੰਡਤ ਨੂੰ ਤਾਂ ਘਰ ਨੂੰ ਤੋਰ 'ਤਾ ਬਈ ਕਿਤੇ ਪੰਡਤ ਤੇ ਮਰਾਸੀ ਹੇਠ ਉੱਤੇ ਨਾ ਹੋ ਜਾਣ। ਜਦੋਂ ਘੀਰਾ ਪੰਡਤ ਘਰ ਨੂੰ ਉਠ ਗਿਆ ਤਾਂ ਬਾਬੇ ਨੇ ਮੁਸ਼ਕਣੀਆਂ ਹੱਸ ਕੇ ਮਰਾਸੀ ਨੂੰ ਪੁੱਛਆ, ''ਇਹਨੂੰ ਕੀ ਗੱਲ ਹੋ ਗੀ ਸੀ ਮੀਰ, ਕਿਸੇ ਨੇ ਕੁੱਟਿਆ ਸੀ ਇਹਨੂੰ?''

ਮਰਾਸੀ ਕਹਿੰਦਾ, ''ਕੁੱਟ ਅਰਗੀ ਕੁੱਟ ਬਾਬਾ। ਇਹ ਬਾਹਮਣ ਕਿਤੇ ਪਾਤੜੀਂ ਜਾ ਵੜਿਆ ਸ਼ਨੀ ਦੇਵਤੇ ਦਾ ਤੇਲ ਤੂਲ ਮੰਗਣ। ਪਾਤੜਾਂ ਆਲਿਆਂ ਨੇ ਗੱਡੇ ਦੇ ਜੂਏ ਨਾਲ ਬੰਨ੍ਹ ਕੇ ਧਰ ਕੇ ਕੁੱਟਿਆ ਜਿਮੇਂ ਪੰਚਕੂਲੇ 'ਕੱਠੇ ਹੋਏ ਲੋਕਾਂ ਨੂੰ ਪੁਲਸ ਨੇ ਕੁੱਟਿਆ ਸੀ। ਤਾਹੀਂ ਤਾਂ ਇਉਂ ਵਿੰਗਾ ਜਾ ਹੋ ਕੇ ਤੁਰਦਾ ਜਿਮੇਂ ਗਧਾ ਖਲੌਹੜੀਆਂ 'ਤੇ ਤੁਰਦਾ ਹੁੰਦੈ।

ਉੱਥੇ ਪਾਤੜੀਂ ਤੇਲ ਮੰਗਦਾ ਮੰਗਦਾ ਇੱਕ ਬੰਦੇ ਨੂੰ ਕਹਿੰਦਾ 'ਲਿਆ ਤੇਰਾ ਹੱਥ ਵੇਖਾਂ'। ਉਹ ਕਿਤੇ ਪਹਿਲਾਂ ਈਂ ਆਵਦੀ ਬਹੂ ਨਾਲ ਘਰੋਂ ਲੜ ਲੁੜ ਕੇ ਉਹਨੂੰ ਕੁੱਟ ਕੇ ਆਇਆ ਸੀ। ਉਹਨੇ ਪੁੱਛਿਆ 'ਜਰੂਰ ਵੇਖਣੇ ਐਂ ਹੱਥ'। ਇਹ ਘੀਰਾ ਪੰਡਤ ਕਹਿੰਦਾ 'ਹਾਂ'। ਉਹਨੇ ਭਾਈ ਉੱਥੇ ਈ ਢਾਹ ਲਿਆ ਜਿਮੇਂ ਮਲੱਪ੍ਹਾਂ ਦੀ ਦੁਆਈ ਦੇਣ ਵੇਲੇ ਕੱਟਾ ਢਾਹੀਦਾ ਹੁੰਦੈ। ਮਾਰ ਮਾਰ ਹੂਰੇ ਹੱਡ ਪੋਲੇ ਕਰ 'ਤੇ। ਡੂਢ ਮਹੀਨਾ ਨ੍ਹੀ ਸੀ ਘਰੋਂ ਨਿੱਕਲਿਆ ਉਦੋਂ। ਇਹ ਤਾਂ ਅੱਜ ਈ ਆਇਆ ਸੱਥ 'ਚ। ਅੱਜ ਮੇਰੇ ਹੱਥ ਵੇਖਣ ਨੂੰ ਕਹਿੰਦਾ ਸੀ। ਕੰਜਰ ਦੇ ਕਮਲੇ ਬਾਹਮਣ ਨੂੰ ਸਮਝ ਦਾ ਈ ਘਾਟਾ ਨਾ ਬਈ ਹਜੇ ਤਾਂ ਤੇਰੇ ਪਹਿਲੀ ਪਈ ਕੁੱਟ ਨੂੰ ਹੀ ਨ੍ਹੀ ਰਾਮ ਆਇਆ, ਹੁਣ ਫੇਰ ਥੋਹਰ ਦੇ ਕੰਡਿਆਂ ਨਾਲ ਖਹਿਣ ਨੂੰ ਫਿਰਦੈਂ।''

ਬਾਬੇ ਮੁਨਸ਼ਾ ਸਿਉਂ ਨੇ ਫੇਰ ਮੋੜੀ ਓਸੇ ਗੱਲ ਵੱਲ ਮੁਹਾਰ। ਅਮਲੀ ਨੂੰ ਕਹਿੰਦਾ, ''ਅਮਲੀਆ ਤੂੰ ਈਂ ਦੱਸਦੇ ਜੇ ਤੈਨੂੰ ਪਤਾ ਬਈ ਮੱਘਰ ਨੰਬਰਦਾਰ ਕੇ ਮੀਤੇ ਨੂੰ ਪੁਲਸ ਨੇ ਛੱਡ 'ਤਾ ਕੁ ਹਜੇ ਠਾਣੇ ਈਂ ਬਠਾਈ ਬੈਠੇ ਐ?''

ਨਾਥਾ ਅਮਲੀ ਕਹਿੰਦਾ, ''ਐਡੀ ਛੇਤੀ ਕਿੱਥੋਂ ਛੱਡ 'ਤਾ ਬਾਬਾ। ਹਜੇ ਕੱਲ੍ਹ ਤਾਂ ਫੜ੍ਹਿਐ। ਨਾਲੇ ਉਹਨੇ ਕਿਤੇ ਛੁੱਟਣ ਆਲੇ ਕੰਮ ਕੀਤੇ ਐ। ਅਗਲੇ ਜਹਾਜ 'ਤੇ ਚੜ੍ਹਾ ਕੇ ਛੱਡ ਕੇ ਆਏ ਐ ਜੇਲ੍ਹ 'ਚ।''

ਸੀਤਾ ਮਰਾਸੀ ਟਿੱਚਰ 'ਚ ਕਹਿੰਦਾ, ''ਆਹ ਸੰਤੋਖੀ ਕਾ ਭੀਟਾ ਤਾਂ ਕਹਿੰਦਾ 'ਪਤੰਦਰ ਉੱਡੇ ਜਾਂਦੇ ਜਹਾਜ 'ਚੋਂ ਛਾਲ ਮਾਰਨ ਲੱਗਿਆ ਸੀ'। ਕਹਿੰਦੇ ਜਹਾਜ ਦੀਆਂ ਬਾਰੀਆਂ ਈਂ ਨ੍ਹੀ ਖੁੱਲ੍ਹੀਆਂ।''

ਗੱਲਾਂ ਸੁਣੀ ਜਾਂਦਾ ਸੁਰਜਨ ਬੁੜ੍ਹਾ ਟਿੱਚਰ 'ਚ ਮੁਸ਼ਕਣੀਆਂ ਹੱਸ ਕੇ ਕਹਿੰਦਾ, ''ਨਾਲੇ ਕਹਿੰਦੇ ਜੇਲ੍ਹ 'ਚੋਂ ਮੱਖੀ ਬਣ ਕੇ ਨਿੱਕਲ ਗਿਆ। ਸੱਚੀ ਗੱਲ ਐ ਕੁ ਐਵੇਂ ਚੁੱਟਕਲਾ ਈ ਛੱਡ 'ਤਾ ਲੋਕਾਂ ਨੇ?''

ਗੱਲਾਂ ਕਰੀ ਜਾਂਦਿਆਂ ਤੋਂ ਏਨੇ ਚਿਰ ਨੂੰ ਗੁਰਦੁਆਰਾ ਸਾਹਿਬ ਦੇ ਸਪੀਕਰ 'ਚੋਂ ਹੋਕਾ ਆ ਗਿਆ ਬਈ ਕੋਈ ਵੀ ਬੰਦਾ ਬੁੜ੍ਹੀ ਘਰੋਂ ਬਾਹਰ ਨਾ ਨਿੱਕਲਿਉ, ਕਿਉਂਕਿ ਸਰਕਾਰ ਨੇ ਕਰਫਿਊ ਲਾ ਦਿੱਤਾ ਹੈ। ਸਪੀਕਰ 'ਚੋਂ ਹੋਕਾ ਸੁਣ ਕੇ ਬਾਬਾ ਮੁਨਸ਼ਾ ਸਿਉਂ ਕਹਿੰਦਾ, ''ਚਲੋ ਬਈ ਮੁੰਡਿਉ ਘਰ ਨੂੰ ਚੱਲੀਏ। ਹੋਰ ਨਾ ਕਿਤੇ ਕਲਫੂ ਆਲੇ ਆਪਾਂ ਨੂੰ ਵੀ ਫੜ੍ਹ ਕੇ ਲੈ ਜਾਣ।''

ਬਾਬੇ ਦੀ ਗੱਲ ਸੁਣ ਕੇ ਸੱਥ 'ਚ ਬੈਠੇ ਸਾਰੇ ਜਣੇ ਆਪੋ ਆਪਣੇ ਘਰਾਂ ਨੂੰ ਤੁਰ ਗਏ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਦੇਸੀ ਤੜਕਾ

## ਪਪੀਤੇ ਦੇ ਸ਼ਾਹੀ ਕੋਫਤੇ

**ਸਮੱਗਰੀ**

- ਸਮੱਗਰੀ : ਇਕ ਕੱਚਾ ਪਪੀਤਾ,
- 5 ਉਬਲੇ ਹੋਏ ਆਲੂ,
- ਇਕ ਕੱਪ ਉਬਲੇ ਹਰੇ ਮਟਰ ਦੇ ਦਾਣੇ,
- 100 ਗ੍ਰਾਮ ਕੱਦੂਕਸ਼ ਕੀਤਾ ਹੋਇਆ ਪਨੀਰ,
- 8 ਪੱਕੇ ਟਮਾਟਰ,
- 2 ਪਿਆਜ਼ਾਂ ਦਾ ਪੇਸਟ,
- ਅਦਰਕ ਪੇਸਟ,
- 5 ਹਰੀਆਂ ਮਿਰਚਾਂ,
- 8 ਕਲੀਆਂ ਲਸਣ (ਸਭ ਦਾ ਪੇਸਟ ਤਿਆਰ ਕਰ ਲਓ),
- 100 ਗ੍ਰਾਮ ਭਿੱਜੇ ਛੋਲੇ,
- ਇਕ ਛੋਟਾ ਚਮਚ ਬੇਕਿੰਗ ਪਾਊਡਰ,
- ਹਰੇ ਧਨੀਏ ਦੀਆਂ ਪੱਤੀਆਂ,
- ਇਕ ਪਿਆਜ਼,
- ਇਕ ਹਰੀ ਮਿਰਚ ਬਰੀਕ ਕੱਟੀ
- ਇਕ ਛੋਟਾ ਟੁਕੜਾ ਅਦਰਕ ਬਰੀਕ ਕੱਟਿਆ
- 8 ਵੱਡੇ ਚਮਚ ਮੀਟ ਮਸਾਲਾ,
- 4 ਛੋਟੀਆਂ ਇਲਾਇਚੀਆਂ,
- 4 ਲਾਗਾਂ ਦਾ ਪਾਊਡਰ,
- ਇਕ ਛੋਟਾ ਚਮਚ ਜੀਰਾ,
- ਇਕ ਛੋਟਾ ਚਮਚ ਜਾਫਰਾਨ ਪਾਊਡਰ,
- ਘਿਓ 150 ਗ੍ਰਾਮ
- ਨਮਕ ਸਵਾਦ ਅਨੁਸਾਰ



**ਵਿਧੀ :** ਪਪੀਤੇ ਨੂੰ ਛਿੱਲ ਕੇ ਉਸ ਵਿਚੋਂ ਬੀਜ ਕੱਢ ਲਓ ਅਤੇ ਕੱਦੂਕਸ਼ ਕਰ ਲਓ। ਆਲੂ ਨੂੰ ਛਿੱਲ ਕੇ ਮੈਸ਼ ਕਰਕੇ ਉਸ ਵਿਚ ਅੱਧਾ ਕੱਪ ਮਟਰ ਮਿਲਾ ਦਿਓ ਅਤੇ 75 ਗ੍ਰਾਮ ਪਨੀਰ ਮਿਲਾ ਦਿਓ। ਹਰੇ ਧਨੀਏ ਦੀਆਂ ਪੱਤੀਆਂ, ਹਰੀ ਮਿਰਚ, ਅਦਰਕ, ਪਿਆਜ਼, ਇਲਾਇਚੀ ਦਾ ਪਾਊਡਰ ਅਤੇ ਸਵਾਦ ਅਨੁਸਾਰ ਨਮਕ ਮਿਲਾ ਦਿਓ। ਹੁਣ ਭਿੱਜੇ ਛੋਲਿਆਂ ਦਾ ਮੋਟਾ ਪੇਸਟ ਬਣਾ ਕੇ ਇਸ ਵਿਚ ਨਮਕ, ਬੇਕਿੰਗ ਪਾਊਡਰ, ਥੋੜ੍ਹਾ ਜਿਹਾ ਹਰਾ ਧਨੀਆ, ਮਿਰਚ, ਅਦਰਕ, ਇਕ ਚਮਚ ਲਸਣ ਦਾ ਪੇਸਟ ਮਿਲਾ ਕੇ ਗਾੜ੍ਹਾ ਘੋਲ ਤਿਆਰ ਕਰੋ। ਪਪੀਤੇ ਦੇ ਮਿਸ਼ਰਣ ਨੂੰ ਗੋਲ ਆਕਾਰ ਦਾ ਬਣਾ ਕੇ ਘੋਲ ਵਿਚ ਡੁਬੋ ਕੇ ਘਿਓ ਵਿਚ ਡੀਪ ਫ੍ਰਾਈ ਕਰੋ। ਇਸ ਤਰ੍ਹਾਂ ਕੋਫਤਿਆਂ ਨੂੰ ਤਿਆਰ ਕਰਕੇ ਟਮਾਟਰ ਨੂੰ ਉਬਾਲ ਕੇ ਗਾੜ੍ਹੀ ਪਿਊਰੀ ਤਿਆਰ ਕਰ ਲਓ ਅਤੇ ਸਾਰੇ ਮਸਾਲਿਆਂ ਨੂੰ ਇਸ ਵਿਚ ਮਿਲਾ ਦਿਓ। ਹੁਣ ਕੜਾਹੀ ਵਿਚ ਘਿਓ ਪਾ ਕੇ ਉਸ ਵਿਚ ਮਸਾਲਾ ਪਾ ਕੇ ਟਮਾਟਰ ਪਿਊਰੀ, ਮਟਰ ਦੇ ਦਾਣੇ ਅਤੇ ਦੋ ਕੱਪ ਪਾਣੀ ਪਾ ਕੇ ਗ੍ਰੇਵੀ ਤਿਆਰ ਕਰ ਲਓ ਅਤੇ ਕੋਫਤਿਆਂ ਨੂੰ ਉਸ ਵਿਚ ਪਾ ਦਿਓ। ਜਦੋਂ ਕੋਫਤੇ ਚੰਗੀ ਤਰ੍ਹਾਂ ਭਿੱਜ ਜਾਣ ਤਾਂ ਇਨ੍ਹਾਂ ਨੂੰ ਕੱਢ ਕੇ ਉੱਪਰ ਧਨੀਆ ਪੱਤੀ ਅਤੇ ਪਨੀਰ ਨੂੰ ਪਾਓ। ਗਰਮਾ-ਗਰਮ ਪਪੀਤੇ ਦੇ ਸ਼ਾਹੀ ਕੋਫਤੇ ਤਿਆਰ ਹਨ। ਇਨ੍ਹਾਂ ਨੂੰ ਪਲੇਟ ਵਿਚ ਸਜਾ ਕੇ ਪਰੋਸੋ।

## ਲੱਸਣ ਦੀ ਸੁੱਕੀ ਚਟਣੀ ਬਣਾਉਣ ਦਾ ਅਸਾਨ ਤਰੀਕਾ



**ਸਮੱਗਰੀ**

- ਲੱਸਣ ਦੀਆਂ ਕਲੀਆਂ,
- ਮੂੰਗਫਲੀ-3 ਚਮਚ,
- ਸੁੱਕੇ ਨਾਰੀਅਲ ਦਾ ਪਾਊਡਰ-3 ਚਮਚ,
- ਕਸ਼ਮੀਰੀ ਲਾਲ ਮਿਰਚ ਪਾਊਡਰ-3 ਚਮਚ,
- ਲੂਣ-ਸਵਾਦ ਅਨੁਸਾਰ

**ਵਿਧੀ :** ਸੱਭ ਤੋਂ ਪਹਿਲਾਂ ਲੱਸਣ ਦੀ ਸੁੱਕੀ ਚਟਨੀ ਬਣਾਉਣ ਲਈ ਲੱਸਣ ਦੀਆਂ ਤੁਰੀਆਂ ਨੂੰ ਕੱਟ ਲਵੋ। ਇਸ ਤੋਂ ਬਾਅਦ ਲੱਸਣ ਦੀਆਂ ਤੁਰੀਆਂ ਨੂੰ ਗੈਸ ਘੱਟ ਕਰ ਕੇ ਭੁੰਨੋ। ਲਗਾਤਾਰ ਹਿਲਾਉਂਦੇ ਹੋਏ ਉਨ੍ਹਾਂ ਨੂੰ ਦੋ ਮਿੰਟ ਲਈ ਫ਼ਰਾਈ ਕਰੋ। ਲੱਸਣ ਨੂੰ ਉਦੋਂ ਤਕ ਭੁੰਨੋ ਜਦੋਂ ਤਕ ਇਹ ਹਲਕੇ ਸੁਨਹਿਰੇ ਰੰਗ ਦੀ ਨਾ ਹੋ ਜਾਵੇ। ਇਸ ਤੋਂ ਬਾਅਦ ਇਸ ਵਿਚ ਮੂੰਗਫ਼ਲੀ ਨੂੰ ਫ਼ਰਾਈ ਕਰੋ। ਇਸ ਤੋਂ ਬਾਅਦ ਨਾਰੀਅਲ ਪਾਊਡਰ ਮਿਲਾਉ ਅਤੇ ਇਸ ਨੂੰ ਸੁਨਹਿਰੀ ਹੋਣ ਤਕ ਫ਼ਰਾਈ ਕਰੋ। ਇਕ ਵਾਰ ਭੁੰਨਿਆ ਲੱਸਣ, ਮੂੰਗਫ਼ਲੀ ਅਤੇ ਨਾਰੀਅਲ ਠੰਢਾ ਹੋ ਜਾਣ ‘ਤੇ ਇਸ ਨੂੰ ਮਿਕਸਰ ਵਿਚ ਪਾਉ ਅਤੇ ਲਾਲ ਮਿਰਚ ਪਾਊਡਰ ਅਤੇ ਨਮਕ ਪਾ ਲਉ। ਜੇਕਰ ਤੁਸੀਂ ਵਧੇਰੇ ਮਸਾਲੇਦਾਰ ਚਟਣੀ ਖਾਣਾ ਪਸੰਦ ਕਰਦੇ ਹੋ, ਤਾਂ ਤੁਸੀਂ ਕਸ਼ਮੀਰੀ ਮਿਰਚ ਦੀ ਬਜਾਏ ਨਿਯਮਿਤ ਲਾਲ ਮਿਰਚ ਵੀ ਪਾ ਸਕਦੇ ਹੋ। ਹੁਣ ਇਸ ਨੂੰ ਮੋਟਾ ਜਿਹਾ ਪੀਸ ਕੇ ਇਕ ਕਟੋਰੇ ਵਿਚ ਬਾਹਰ ਕੱਢ ਲਉ।

# ਤਕਨਾਲੋਜੀ ਟਾਈਮਜ਼

## ਕਿਵੇਂ ਮਿਲਦੇ ਨੇ ਯੂਟਿਊਬ 'ਤੇ ਸਿਲਵਰ, ਗੋਲਡ ਤੇ ਡਾਇਮੰਡ ਪਲੇਅ ਬਟਨ?

ਯੂਟਿਊਬ ਇੱਕ ਸੋਸ਼ਲ ਮੀਡੀਆ ਪਲੇਟਫਾਰਮ ਹੈ ਜਿੱਥੇ ਲੱਖਾਂ ਲੋਕ ਮੋਟੀ ਕਮਾਈ ਕਰ ਰਹੇ ਹਨ। ਕਈ ਕੰਟੈਂਟ ਕ੍ਰਿਏਟਰ ਇੱਥੋਂ ਕਰੋੜਾਂ ਰੁਪਏ ਕਮਾ ਰਹੇ ਹਨ, ਇਸ ਲਈ ਅੱਜ ਹਰ ਪ੍ਰਭਾਵਕ ਕੋਲ ਘੱਟੋ-ਘੱਟ ਇੱਕ ਚੈਨਲ ਹੈ। YouTube 'ਤੇ ਕਮਾਈ ਮੁੱਖ ਤੌਰ 'ਤੇ ਸਬਸਕ੍ਰਾਈਬਰਾਂ ਦੀ ਗਿਣਤੀ ਅਤੇ ਵੀਡੀਓਜ਼ 'ਤੇ ਦਿਖਾਈ ਦੇਣ ਵਾਲੇ ਇਸ਼ਤਿਹਾਰਾਂ ਦੇ ਦਰਸ਼ਕਾਂ ਦੀ ਗਿਣਤੀ 'ਤੇ ਨਿਰਭਰ ਕਰਦੀ ਹੈ।

YouTube ਆਪਣੇ ਯੂਜ਼ਰਜ਼ ਨੂੰ ਉਨ੍ਹਾਂ ਦੇ ਚੈਲਨ 'ਤੇ ਸਬਸਕ੍ਰਾਈਬਰਾਂ ਦੀ ਗਿਣਤੀ ਦੇ ਆਧਾਰ 'ਤੇ ਰਿਵਾਰਡ ਪਲੇਅ ਬਨਟਸ ਦਿੰਦਾ ਹੈ।

- ਸਿਲਵਰ ਪਲੇਅ ਬਟਨ
- ਗੋਲਡਨ ਪਲੇਅ ਬਟਨ
- ਡਾਇਮੰਡ ਪਲੇਅ ਬਟਨ
- ਰੂਬੀ ਪਲੇਅ ਬਟਨ
- ਰੈੱਡ ਪਲੇਅ ਬਟਨ

ਇਹ ਪਲੇਅ ਬਟਨਸ ਨਾ ਸਿਰਫ ਸਨਮਾਨ ਦਾ ਪ੍ਰੀਤਕ ਹਨ, ਸਗੋਂ ਯੂਟਿਊਬ ਤੋਂ ਕਮਾਈ ਦੇ ਮੌਕੇ ਵੀ ਪ੍ਰਦਾਨ ਕਰਦੇ ਹਨ।



**ਕਦੋਂ ਮਿਲਦੇ ਹਨ ਯੂਟਿਊਬ ਪਲੇਅ ਬਟਨਸ**

ਯੂਟਿਊਬ ਨੇ 2010 ਤੋਂ ਇਹ ਪਲੇਅ ਬਟਨਸ ਦੇਣੇ ਸ਼ੁਰੂ ਕੀਤੇ। ਪਹਿਲਾਂ ਸਿਰਫ ਸਿਲਵਰ ਅਤੇ ਗੋਲਡਨ ਬਟਨ ਹੀ ਦਿੱਤੇ ਜਾਂਦੇ ਸਨ ਪਰ ਹੁਣ ਵਧਦੇ ਯੂਜ਼ਰਜ਼ ਦੇ ਚਲਦੇ ਇਹ 5 ਬਟਨ ਦਿੱਤੇ ਜਾਂਦੇ ਹਨ। ਆਓ ਜਾਣਦੇ ਹਾਂ ਇਹ ਬਟਨਸ ਕਦੋਂ ਮਿਲਦੇ ਹਨ।

1. ਸਿਲਵਰ ਪਲੇਅ ਬਟਨ- ਇਹ ਬਟਨ ਉਦੋਂ ਮਿਲਦਾ ਹੈ ਜਦੋਂ ਕਿਸੇ ਚੈਨਲ 'ਤੇ 1 ਲੱਖ ਸਬਸਕ੍ਰਾਈਬਰ ਹੁੰਦੇ ਹਨ।
2. ਗੋਲਡਨ ਪਲੇਅ ਬਟਨ- ਇਹ ਉਦੋਂ ਮਿਲਦਾ ਹੈ ਜਦੋਂ ਚੈਨਲ 'ਤੇ 10 ਲੱਖ ਸਬਸਕ੍ਰਾਈਬਰ ਹੁੰਦੇ ਹਨ।
3. ਡਾਇਮੰਡ ਪਲੇਅ ਬਟਨ- ਇਹ ਉਦੋਂ ਮਿਲਦਾ ਹੈ ਜਦੋਂ ਸਬਸਕ੍ਰਾਈਬਰਾਂ ਦੀ ਗਿਣਤੀ 1 ਕਰੋੜ (10 ਮਿਲੀਅਨ) ਹੁੰਦੀ ਹੈ।
4. ਰੂਬੀ ਪਲੇਅ ਬਟਨ- ਇਹ ਬਟਨ 5 ਕਰੋੜ ਸਬਸਕ੍ਰਾਈਬਰਾਂ ਦੀ ਗਿਣਤੀ ਹੋਣ 'ਤੇ ਮਿਲਦਾ ਹੈ।
5. ਰੈੱਡ ਪਲੇਅ ਬਟਨ- ਇਹ ਸਭ ਤੋਂ ਵੱਡਾ ਬਟਨ ਹੈ, ਜੋ 10 ਕਰੋੜ (100 ਮਿਲੀਅਨ) ਸਬਸਕ੍ਰਾਈਬਰ ਹੋਣ 'ਤੇ ਮਿਲਦਾ ਹੈ।

**ਰਿਵਾਰਡ ਪਲੇਅ ਬਟਨਸ ਕਿਵੇਂ ਮਿਲਦੇ ਹਨ**

ਯੂਟਿਊਬ ਆਪਣੇ ਆਪ ਬਟਨਸ ਨਹੀਂ ਭੇਜਦਾ। ਜੇਕਰ ਤੁਹਾਡੇ ਚੈਨਲ 'ਤੇ ਲੋੜੀਂਦੇ ਸਬਸਕ੍ਰਾਈਬਰਾਂ ਦੀ ਗਿਣਤੀ ਪੂਰੀ ਹੋ ਗਈ ਹੈ, ਤਾਂ ਤੁਹਾਨੂੰ ਇਨ੍ਹਾਂ ਬਟਨਸ ਲਈ ਅਪਲਾਈ ਕਰਨਾ ਹੋਵੇਗਾ। ਉਦਾਹਰਣ ਲਈ ਜੇਕਰ ਤੁਹਾਡੇ ਚੈਨਲ 'ਤੇ 1 ਲੱਖ ਸਬਸਕ੍ਰਾਈਬਰ ਹਨ ਤਾਂ ਤੁਸੀਂ ਸਿਲਵਰ ਬਟਨ ਲਈ ਅਪਲਾਈ ਕਰ ਸਕਦੇ ਹੋ। ਅਪਲਾਈ ਕਰਨ ਲਈ ਤੁਹਾਡੇ ਚੈਨਲ 'ਤੇ ਇਕ ਆਪਸ਼ਨ ਦਿਖਾਈ ਦੇਵੇਗਾ, ਜਿਥੇ ਤੁਹਾਨੂੰ ਜ਼ਰੂਰੀ ਡਿਟੇਲ ਭਰਨੀ ਪਵੇਗਾ ਅਤੇ ਯੂਟਿਊਬ ਦੀਆਂ ਸਾਰੀਆਂ ਸ਼ਰਤਾਂ ਅਨੁਸਾਰ ਅਪਲਾਈ ਕਰਨਾ ਹੋਵੇਗਾ।

**ਕਿਵੇਂ ਹੁੰਦੀ ਹੈ ਯੂਟਿਊਬ ਤੋਂ ਕਮਾਈ**

ਯੂਟਿਊਬ 'ਤੇ ਕਮਾਈ ਮੁੱਖ ਰੂਪ ਨਾਲ ਵੀਡੀਓ ਦੌਰਾਨ ਆਉਣ ਵਾਲੇ ਵਿਗਿਆਪਨਾਂ ਤੋਂ ਹੁੰਦੀ ਹੈ। ਜਦੋਂ ਵਿਗਿਆਪਨ ਇਕ ਹਜ਼ਾਰ ਦਰਸ਼ਕਾਂ ਤਕ ਪਹੁੰਚਦਾ ਹੈ ਤਾਂ ਯੂਟਿਊਬ ਕ੍ਰਿਏਟਰਾਂ ਨੂੰ 100-200 ਰੁਪਏ ਤਕ ਦਿੰਦਾ ਹੈ। ਜਿਨ੍ਹਾਂ ਕੋਲ ਸਿਲਵਰ ਪਲੇਅ ਬਟਨ ਹੈ, ਉਹ ਹਰ ਮਹੀਨੇ ਲਗਭਗ 2 ਲੱਖ ਰੁਪਏ ਤਕ ਕਮਾ ਸਕਦੇ ਹਨ, ਜਦੋਂਕਿ ਗੋਲਡਨ ਬਟਨ ਧਾਰਕ ਇਸ ਤੋਂ ਵੀ ਜਿਆਦਾ ਕਮਾ ਸਕਦੇ ਹਨ।

ਇਸ ਤੋਂ ਇਲਾਵਾ, ਕ੍ਰਿਏਟਰ ਬ੍ਰਾਂਡ ਪ੍ਰਮੋਸ਼ਨ, ਸਪਾਂਸਰਸ਼ਿਪ, ਪ੍ਰੋਡਕਟ ਪਲੇਸਮੈਂਟ ਅਤੇ ਐਫੀਲਿਏਟ ਮਾਰਕੀਟਿੰਗ ਰਾਹੀਂ ਵੀ ਕਮਾਈ ਕਰ ਸਕਦੇ ਹਨ। ਯੂਟਿਊਬ ਦੇ ਨਵੇਂ ਫੀਚਰ 'ਤੇ ਕੰਮ ਕਰ ਰਿਹਾ ਹੈ ਜਿਸ ਤੋਂ ਬਾਅਦ ਵਿਗਿਆਪਨ ਤੁਹਾਨੂੰ ਪਰੇਸ਼ਾਨ ਨਹੀਂ ਕਰਨਗੇ। ਯੂਟਿਊਬ ਪੌਜ਼ ਐਡ ਦਾ ਫੀਚਰ ਰਿਲੀਜ਼ ਕਰ ਰਿਹਾ ਹੈ। ਪਿਛਲੇ ਸਾਲ ਯੂਟਿਊਬ ਨੇ ਇਕ ਫੀਚਰ ਪੇਸ਼ ਕੀਤਾ ਸੀ ਜਿਸ ਤੋਂ ਬਾਅਦ ਪਲੇਅ ਹੋ ਰਹੀ ਕਿਸੇ ਵੀਡੀਓ ਨੂੰ ਪੌਜ਼ ਕਰਨ 'ਤੇ ਵਿਗਿਆਪਨ ਦਿਸਦੇ ਸਨ। ਯੂਟਿਊਬ ਦੇ ਇਸ ਫੀਚਰ ਨੂੰ ਲੈ ਕੇ ਲੋਕਾਂ ਨੇ ਕਾਫੀ ਸ਼ਿਕਾਇਤਾਂ ਕੀਤੀਆਂ ਸਨ ਜਿਸ ਤੋਂ ਬਾਅਦ ਹੁਣ ਕੰਪਨੀ ਨੇ ਆਪਣੀ ਪਲਾਨਿੰਗ 'ਚ ਬਦਲਾਅ ਕੀਤਾ ਹੈ।

ਹੁਣ ਤਕ ਯੂਟਿਊਬ 'ਚ ਕਿਸੇ ਵੀਡੀਓ ਨੂੰ ਪੌਜ਼ ਕਰਨ 'ਤੇ ਇਕ ਪੌਪਅਪ ਐਡ ਆਉਂਦੀ ਹੈ। ਇਹ ਕਦੇ ਇਕ ਸ਼ਾਰਟ ਲੂਪ ਵੀਡੀਓ ਅਤੇ ਕਈ ਵਾਰ ਇਕ ਇਮੇਜ ਦੇ ਰੂਪ 'ਚ ਆਉਂਦਾ ਹੈ। ਇਸ ਸਮੱਸਿਆ ਨੂੰ ਲੈ ਕੇ ਯੂਟਿਊਬ ਦੇ ਖਿਲਾਫ ਹਜ਼ਾਰਾਂ ਯੂਜ਼ਰਜ਼ ਨੇ ਸੋਸ਼ਲ ਮੀਡੀਆ 'ਤੇ ਸ਼ਿਕਾਇਤਾਂ ਕੀਤੀਆਂ ਸਨ।

ਇਹ ਵਿਗਿਆਪਨ ਆਮਤੌਰ 'ਤੇ ਕਿਸੇ ਵੀਡੀਓ ਦੀ ਸ਼ੁਰੂਆਤ ਅਤੇ ਵਿਚਕਾਰ ਆਉਂਦੇ ਸਨ। ਇਹ ਤਾਂ ਹੀ ਦਿਸਦੇ ਸਨ ਜਦੋਂ ਕੋਈ ਯੂਜ਼ਰ ਕਿਸੇ ਵੀਡੀਓ ਨੂੰ ਪੌਜ਼ ਕਰਦਾ ਸੀ। ਇਸ ਤਰ੍ਹਾਂ ਦੇ ਵਿਗਿਆਪਨ ਪੂਰੀ ਸਕਰੀਨ ਨੂੰ ਕਵਰ ਕਰਦੇ ਸਨ। ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਇਨ੍ਹਾਂ ਵੀਡੀਓ ਨੂੰ ਸਕਿਪ ਨਹੀਂ ਕੀਤਾ ਜਾ ਸਕਦਾ ਸੀ।

ਯੂਟਿਊਬ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਐਡ ਇਸ ਲਿਹਾਜ ਨਾਲ ਡਿਜ਼ਾਈਨ ਕੀਤੇ ਗਏ ਸਨ ਕਿ ਯੂਜ਼ਰਜ਼ ਨੂੰ ਵੀਡੀਓ ਦੇਖਣ 'ਚ ਪਰੇਸ਼ਾਨੀ ਨਾ ਹੋਵੇ ਪਰ ਹੋਇਆ ਇਸ ਦੇ ਉਲਟ। ਅਜਿਹੇ 'ਚ ਇਸ ਨੂੰ ਬੰਦ ਕਰਨ ਦਾ ਫੈਸਲਾ ਲਿਆ ਗਿਆ ਹੈ।

# ਕਾਵਿ ਕਿਆਰੀ

## ਹਾਦਸਿਆਂ ਦੇ ਰੂ-ਬ-ਰੂ

ਹਾਦਸਿਆਂ ਦੇ ਰੂ-ਬ-ਰੂ
ਹੋਇਆ ਹਾਂ ਸਦਾ ਮੈਂ।
ਯਾਰਾ ਤੇਰੀ ਦੀਦ ਲਈ
ਰੋਇਆ ਹਾਂ ਸਦਾ ਮੈਂ।
ਤੜਫ਼ਿਆ ਹਾਂ ਲੁੜਛਿਆ ਹਾਂ
ਬਿਖਰਿਆ ਤੇ ਟੁੱਟਿਆ,
ਜਿਸਮ ਤੋਂ ਲੈ ਜ਼ਿਹਨ ਤੱਕ
ਕੋਹਿਆ ਹਾਂ ਸਦਾ ਮੈਂ।
ਨਾਜ਼ੁਕ ਨਰਮ ਨਿਮਾਣਾ
ਲੱਗਦਾ ਕੰਡਿਆਂ ਨੂੰ,
ਫੁੱਲਾਂ ਦੇ ਲਈ ਪੱਥਰ
ਲੋਹਿਆ ਹਾਂ ਸਦਾ ਮੈਂ।
ਤੇਰੀਆਂ ਸੱਧਰਾਂ ਅਰਮਾਨਾਂ
ਦਾ ਕਾਤਲ ਹਾਂ ਭਾਵੇਂ,
ਆਪਣੇ ਵੀ ਜਜ਼ਬਾਤਾਂ ਤੋਂ
ਖੋਹਿਆ ਹਾਂ ਸਦਾ ਮੈਂ।
ਸਾਹਾਂ ਦਾ ਚੱਲਣਾ ਹੀ
ਜ਼ਿੰਦਗੀ ਨਹੀਂ ਹੁੰਦੀ,
ਜਿਉਂਦਾ ਜਾਗਦਾ ਤੁਰਦਾ
ਵੀ ਮੋਇਆ ਹਾਂ ਸਦਾ ਮੈਂ।

**ਲੇਖਕ : ਡਾ. ਆਤਮਾ ਸਿੰਘ ਗਿੱਲ**
**ਸੰਪਰਕ: 98788-83680**

## ਉਹ...

ਉਹਦੇ ਘਰ ਇੱਕ ਜੀਅ ਜਨਮਿਆ,
ਉਹਦੇ ਘਰ ਦੇ ਜੀਆਂ ਨੇ ਲਾਡ ਲਡਾਏ ।
ਉਹਨੇ ਪਾਲਣ ਪੋਸ਼ਣ,
ਸੰਸਾਰਿਕ ਪੜ੍ਹਾਈਆਂ,
ਜੀਵਨ ਜਾਚ ਦੇ ਕੁਝ ਸਬਕ ਪੜ੍ਹਾਏ।
ਉਹਨੇ ਮੇਲ ਮਿਲਾਕੇ,
ਕਰਮਾਂ ਦੀ ਖੇਡ ਰਚਾ ਕੇ
ਹੋਰ ਨਵੇਂ ਜੀਆਂ ਨਾਲ ਸੰਗ ਕਰਾਏ।
ਉਹਨੇ ਡਰਾਮਾ ਰਚ ਕੇ,
ਖੇਡ ਖੇਡ ਕੇ,
ਪਰਲੇ ਪਾਰ ਚੋਗੇ ਚੁਗਾਏ।
ਉਹਨੇ ਫਿਰ ਦੋ ਜੀਆਂ ਦੇ,
ਦੋ ਹੋਰ ਬਣਾਕੇ,
ਪਹਿਲੇ ਜੀਆਂ ਤੋਂ ਨਵੇਂ ਪਲਾਏ।
ਉਹਨੇ ਵਿਧੀ ਬਣਾਕੇ,
ਅਹਿਸਾਸ ਕਰਾ ਕੇ,
ਨਾਚੀਜ਼ ਤੋਂ ਇਹ ਸ਼ਬਦ ਲਿਖਾਏ।

**ਲੇਖਕ : ਪ੍ਰਵੀਨ ਕੌਰ ਸਿੱਧੂ**

## ਗਜ਼ਲ

ਬਾਤ ਕਰਦਾ ਸੀ, ਸਦਾ ਜੋ ਪਿਆਰ ਦੀ।
ਪੀੜ ਬਣ ਕੇ, ਰਹਿ ਗਿਆ ਹੈ ਖਾਰ ਦੀ।

ਗ਼ਮ ਨਹੀਂ ਹੁਣ, ਮਾਣਦੇ ਹਾਂ ਜ਼ਿੰਦਗੀ,
ਨਾ ਖੁਸ਼ੀ ਹੈ ਜਿੱਤ ਦੀ, ਨਾ ਹਾਰ ਦੀ।

ਨਾ ਸਦਾ ਪਤਝੜ ਰਹੇ, ਸਭ ਜਾਣਦੇ,
ਰੁੱਤ ਮੁੜ ਕੇ ਮਾਣ ਲੈ ਬਹਾਰ ਦੀ।

ਜ਼ਿੰਦਗੀ ਦਾ ਸੱਚ, ਸੁਣ ਮਨ ਡੋਲਿਆ,
ਨਾ ਕਦੇ ਲੰਘੀ ਮੁੜੇ, ਰੁੱਤ ਪਿਆਰ ਦੀ।

ਨਾ ਕਰੀਂ ਸ਼ਿਕਵਾ, ਕਦੇ ਵੀ ਯਾਰ 'ਤੇ,
ਸਾਂਭ ਰੱਖੀਂ, ਤੂੰ ਨਿਸ਼ਾਨੀ ਯਾਰ ਦੀ।

ਸੱਚ ਰੱਖੀਂ ਕੋਲ, ਜੋ ਨਾ ਹਾਰਦਾ,
ਜਿੱਤ ਹੁੰਦੀ ਹੈ, ਸਦਾ ਹੀ ਪਿਆਰ ਦੀ।

ਮਨ 'ਚ ਨਾ ਤੂੰ, ਖੋਟ ਰੱਖੀਂ ਆਪਣੇ,
ਰੱਬ ਨਾਲੋਂ ਵੱਧ, ਸ਼ਕਤੀ ਨਾਰ ਦੀ।

ਚੱਲਦੀ ਕਾਨੀ ਰਹੇ, ਜੇ ਮਿੱਤਰਾ,
ਫੇਰ ਸਾਨੂੰ, ਲੋੜ ਕੀ ਤਲਵਾਰ ਦੀ।

**ਲੇਖਕ : ਡਾ. ਹਰਨੇਕ ਸਿੰਘ ਕਲੇਰ**

## ਬਾਪੂ

ਜ਼ਿੰਦਗੀ ਦੀ ਲੋਅ ਵੰਡਦਾ ਵੰਡਦਾ
ਪੱਛਮ ਦੇ ਵੱਲ ਢਲ ਗਿਆ ਬਾਪੂ

ਸੂਰਜ ਪਹਿਲਾਂ ਪੱਥਰ ਬਣਿਆ
ਫਿਰ ਪੌਣਾਂ ਵਿੱਚ ਰਲ ਗਿਆ ਬਾਪੂ

ਕਹਿੰਦਾ ਸੀ ਮੈਂ ਸਿਰ ਤੇਰੇ 'ਤੇ
ਬਣ ਕੇ ਸੰਘਣੀ ਛਾਂ ਰਹਾਂਗਾ

ਸਾਰੇ ਵਾਅਦੇ ਤੋੜ ਤਾੜ ਕੇ ਪਲ
ਦੋ ਪਲ ਵਿੱਚ ਛਲ ਗਿਆ ਬਾਪੂ

ਲੱਭਦਾ ਫਿਰਦਾ ਏ ਪੈੜ ਉਸਦੀ
ਕਿੰਝ ਦਿਲ ਨੂੰ ਸਮਝਾਵਾਂ ਮੈਂ

ਉਸ ਰਸਤੇ ਤੋਂ ਮੁੜ ਨਹੀਂ ਹੁੰਦਾ
ਜਿਸ ਰਸਤੇ 'ਤੇ ਚੱਲ ਗਿਆ ਬਾਪੂ

ਸਬਰ ਅਤੇ ਸੰਤੋਖ ਦੀ ਮੂਰਤ
ਬਣ ਕੇ ਉਮਰ ਹੰਢਾਈ ਜਿਸ ਨੇ

ਅੰਤ ਸਮੇਂ ਵੀ ਸੀ ਨਹੀਂ ਕੀਤਾ
ਦਰਦ ਅਥਾਹ ਵੀ ਝੱਲ ਗਿਆ ਬਾਪੂ

ਸੰਤਾਂ ਵਾਂਗਰ ਕਲਯੁਗ ਦੇ ਵਿੱਚ
ਪ੍ਰਭ ਭਗਤੀ ਦਾ ਖੱਟ ਖਜ਼ਾਨਾ

ਭਵ ਸਾਗਰ ਨੂੰ ਪਾਰ ਕਰ ਗਿਆ
ਸੱਚੇ ਦਾ ਦਰ ਮੱਲ ਗਿਆ ਬਾਪੂ

**ਲੇਖਕ : ਨਿਰਮਲ ਸਿੰਘ ਰੱਤਾ**
**ਸੰਪਰਕ: 84270-07623**

## ਕੇਹੇ ਆ ਗਏ ਦਿਨ ਚੰਦਰੇ

ਕੇਹੀਆਂ ਵਗ ਪਈਆਂ ਤੱਤੀਆਂ ਹਵਾਵਾਂ
ਪੁੱਤ ਬੁੱਕਲਾਂ 'ਚ ਲੁਕੋਂਦੀਆਂ ਮਾਵਾਂ
ਹੋਠਾਂ ਉੱਤੇ ਲੱਗੇ ਜੰਦਰੇ
ਕੇਹੇ ਆ ਗਏ ਦਿਨ ਚੰਦਰੇ

ਅੱਜ ਸੁਣਦਾ ਨਾ ਸਾਡੀ ਕੋਈ ਹੂਕ ਏ
ਅੱਖਾਂ ਬੁਝੀਆਂ ਤੇ ਚਿਹਰੇ ਨੇ ਕਰੂਪ ਵੇ
ਦਿਨ ਚਿੱਟੇ ਹੀ ਹਨੇਰ ਹੋਈ ਜਾਂਵਦਾ
ਕਿਸੇ ਦਾ ਨਾਂ ਦਿਲ ਪੰਘਰੇ
ਕੇਹੇ ਆ ਗਏ ਦਿਨ ਚੰਦਰੇ

ਮੂੰਹ ਜੋੜ ਜੋੜ ਲੋਕੀਂ ਗੱਲਾਂ ਕਰਦੇ
ਨਾਂ ਲੈਂਦੇ ਨਹੀਉਂ ਐਨਾ ਡਰਦੇ
ਰਾਤੀਂ ਧਾਰਦੇ ਰੂਪ ਨੇ ਸ਼ੈਤਾਨ ਦਾ
ਦਿਨੇ ਵੜ ਜਾਂਦੇ ਅੰਦਰੇ
ਕੇਹੇ ਆ ਗਏ ਦਿਨ ਚੰਦਰੇ

ਹੁਣ ਨਸ਼ਿਆਂ ਨੇ ਖਾ ਲਈਆਂ ਜਵਾਨੀਆਂ
ਕਿੱਥੇ ਲੱਭਣੀਆਂ ਚਾਲਾਂ ਮਸਤਾਨੀਆਂ
ਏਥੇ ਨਸ਼ਿਆਂ ਦੇ ਜਲਦੇ ਟਰੱਕ ਨੇ
ਉਹ ਵੀ ਸਾਰੇ ਬਿਨ ਨੰਬਰੇ
ਕੇਹੇ ਆ ਗਏ ਦਿਨ ਚੰਦਰੇ

ਕੋਈ ਨਾ ਦਿਸਦੀ ਜਾਗਦੀ ਜ਼ਮੀਰ ਹੁਣ
ਸੋਗੀ ਅੱਖੀਆਂ 'ਚੋਂ ਸੁੱਕ ਗਿਆ ਨੀਰ ਹੁਣ
ਇੱਥੇ ਦਿਨੇ ਹੀ ਹਨੇਰ ਹੋਈ ਜਾਂਵਦਾ
ਲੋਕੀਂ ਜਾਂਦੇ ਵੜ ਅੰਦਰੇ
ਕੇਹੇ ਆ ਗਏ ਦਿਨ ਚੰਦਰੇ

ਕੇਹੀਆਂ ਵਗ ਪਈਆਂ ਤੱਤੀਆਂ ਹਵਾਵਾਂ
ਪੁੱਤ ਬੁੱਕਲਾਂ 'ਚ ਲੁਕੋਂਦੀਆਂ ਨੇ ਮਾਵਾਂ
ਹੋਠਾਂ ਉੱਤੇ ਲੱਗੇ ਜੰਦਰੇ
ਕੇਹੇ ਆ ਗਏ ਦਿਨ ਚੰਦਰੇ

**ਲੇਖਕ : ਜਗਤਾਰ ਗਿੱਲ**
**ਸੰਪਰਕ: 94647-80299**

## ਬੇਸ਼ਰਮੀ ਬੜ੍ਹਕ

ਜਿੱਤ ਕਿਹੜਾ ਕਾਬਲ ਕੰਧਾਰ ਲਿਆ,
ਹੋਇਆ ਖੁਸ਼ੀ 'ਚ ਫਿਰੇ ਗੁਲਤਾਨ ਮੱਦੀ।
ਫਿਰੇ ਭੁਗਤਦਾ ਕਰੇ ਗੁਨਾਹ ਜਿਹੜੇ,
ਬੈਠਾ ਸਿਰ 'ਤੇ ਚੁੱਕੀ ਅਸਮਾਨ ਮੱਦੀ।

ਆਇਆ ਛੁੱਟ ਕੇ ਤਾਂ ਰਗੜ ਗੋਡੇ,
ਕਰਦਾ ਕਾਹਦਾ ਫਿਰੇ ਗੁਮਾਨ ਮੱਦੀ
ਠੰਢ ਬੇਜਤੀ ਲੱਗੇ ਸ਼ਰਮ ਓਹਨੂੰ,
ਅਣਖ ਵਿੱਚ ਨਾ ਜੀਹਦੇ ਕਾਣ ਮੱਦੀ।

ਐਡੀ ਕਿਹੜੀ ਜਿੱਤ ਗੁਰਜ ਲਈ,
ਫੋਕਾ ਬਣਿਆਂ ਫਿਰੇ ਭਲਵਾਨ ਮੱਦੀ।
ਇਨਕਲਾਬੀ ਜੋ ਇਮਾਨਦਾਰੀਆਂ ਦਾ,
ਨਿੱਕਲਿਆ ਸਭ ਤੋਂ ਵੱਧ ਸ਼ੈਤਾਨ ਮੱਦੀ।

ਜਾਵੇ ਲੱਥ ਹਯਾ ਸ਼ਰਮ ਜੀਹਦੀ,
ਉਹਨੂੰ ਧੁੰਦਲਾ ਦਿਸੇ ਜਹਾਨ ਮੱਦੀ।
ਜਾਂਦਾ ਕਰ ਜੋ ਸਿਆਸਤ ਪਾਸ 'ਭਗਤਾ',
ਓਦੂੰ ਵੱਧ ਨਾ ਕੋਈ ਬੇਈਮਾਨ ਮੱਦੀ।

**ਲੇਖਕ : ਬਰਾੜ 'ਭਗਤਾ ਭਾਈ ਕਾ'**
**+1-604-751-1113**

## ਗ਼ਜ਼ਲ

ਵਾਰੀ ਵਾਰੀ ਯਾਰ ਸੰਗੀ ਜਾ ਰਹੇ ਨੇ।
ਦੋਸਤਾਂ ਦੇ ਪੂਰ ਟੁਰਦੇ ਜਾ ਰਹੇ ਨੇ ।

ਆਖ਼ਰ ਅਸੀਂ ਵੀ ਉਥੇ ਹੀ ਜਾ ਵੱਸਣਾ,
ਅਪਣਾ ਟਿਕਾਣਾ ਜਿੱਥੇ ਉਹ ਬਣਾ ਰਹੇ ਨੇ ।
ਅਸਚਰਜ ਖੇਡ ਦੇਖ ਸਿਰਜਣਹਾਰ ਦੀ ,
ਕਿੱਥੋਂ ਆਏ ਜੀਅ ਜਾ ਕਿੱਥੇ ਸਮਾ ਰਹੇ ਨੇ ।

ਉਮਰ ਭਰ ਜਿਸ ਨਰਕ ਹੀ ਸੀ ਚਿਤਵਿਆ,
ਕਿ ਮਿਲੇ ਸੁਰਗ ਉਹਨੂੰ , ਮੰਗ ਦੁਆ ਰਹੇ ਨੇ ।
ਸਾਲਾਂ ਮਾਹਾਂ ਦਿਹਾਂ ਦਾ ਜੋੜ ਹੀ ਹੈ ਜ਼ਿੰਦਗੀ ,
ਹਰ ਸਾਹ ਨਾਲ ਨਿਤ ਇਹ ਖੁਰਦੇ ਜਾ ਰਹੇ ਨੇ ।

ਦੁਸ਼ਮਣਾਂ ਦੀ ਲੋੜ ਹੀ ਨਾ ਜਾਪੀ ਕਦੇ,
ਯਾਰ ਹੀ ਅਹਿਸਾਨ ਏਹ ਕਰਦੇ ਜਾ ਰਹੇ ਨੇ ।
ਪਰਛਾਵੇਂ ਵਾਂਗ ਕਦੇ ਜੋ ਤੁਰਦੇ ਨਾਲ ਸਨ ,
ਹਨੇਰਾ ਬਣ ਪਰਛਾਵੇਂ ਨੂੰ ਖਾਂਦੇ ਜਾ ਰਹੇ ਨੇ ।

ਮੌਤ ਹੀ ਅੰਤ ਨਿਭਦੀ ਏ ਨਾਲ ਇਨਸਾਨ ਦੇ,
ਮੌਤ ਹੀ ਤੋਂ ਫਿਰ ਭੈਅ ਕਿਉਂ ਲੋਕੀਂ ਖਾ ਰਹੇ ਨੇ।
ਨਿੰਘ ਮਾਣ ਲੈ 'ਨਾਕਾਮ' ਯਾਰਾਂ ਦੇ ਸੰਗ ਦਾ ,
ਪਿੱਛੇ ਰਹਿ ਗਏ ਜੋ ਦੇਖ ਕਿੰਜ ਪਛਤਾ ਰਹੇ ਨੇ।

**ਲਿਖਤ : ਗੁਰਬਖਸ਼ ਸਿੰਘ 'ਨਾਕਾਮ'**

## ਗ਼ਜ਼ਲ

ਪਾਣੀ ਉੱਤੇ ਮਨ ਦਾ ਨਕਸ਼ਾ ਵਾਹੁੰਦੀ ਹੋਈ।
ਡੁੱਬੀ ਹਾਂ ਮੈਂ ਮੋਹ ਦਾ ਗੀਤ ਬਣਾਉਂਦੀ ਹੋਈ।
ਨੋਚ ਰਿਹਾ ਹੈ ਗ਼ਮ ਦਾ ਸ਼ਿਕਰਾ ਸਹਿਜੇ ਸਹਿਜੇ,
ਬੇਦਿਲ ਹੋ ਗਈ ਰੂਹ ਦਾ ਮਾਸ ਖਵਾਉਂਦੀ ਹੋਈ।

ਲਾ ਕੇ ਤਾੜੀ ਦਿਲ ਨੇ ਚੇਰ ਸਵਾਗਤ ਕੀਤਾ,
ਯਾਦ ਕਿਸੇ ਦੀ ਆਈ ਸੀ, ਜਦ ਗਾਉਂਦੀ ਹੋਈ।
ਰੰਗ ਸਮੇਂ ਦੇ ਚੜ੍ਹਨੇ ਤੋਂ ਹੀ ਮੁਨਕਰ ਹੋ ਗਏ,
ਵਿੱਚ ਖ਼ਿਆਲਾਂ ਜਦ ਤਸਵੀਰ ਜਿਉਂਦੀ ਹੋਈ।

ਮੇਰੀ ਧੜਕਣ ਉੱਤੇ ਉਸਦਾ ਸ਼ੱਕ ਬੜਾ ਹੈ,
ਉਮਰਾ ਗੁਜ਼ਰੀ ਜਿਸ ਦਾ ਸਾਥ ਨਿਭਾਉਂਦੀ ਹੋਈ।
ਜਿਨ੍ਹਾਂ ਦੀ ਹੁਣ ਅਸਲ ਸ਼ਨਾਖ਼ਤ ਹੋਈ ਪੱਖੋ,
ਉਹ ਸਿਰਨਾਵੇਂ ਹੱਥਾਂ ਨਾਲ ਮਿਟਾਉਂਦੀ ਹੋਈ।

**ਲੇਖਕ : ਜਗਤਾਰ ਪੱਖੋ**
**ਸੰਪਰਕ: 94651-96946**

## ਨਵਾਂ ਕੁਝ ਬੁਣਨਾ ਪੈਣਾ ਏ

ਝੂਠ ਫਰੇਬ ਨੂੰ ਛੱਡਣ ਲਈ
ਕੂੜ ਕੁਸੱਤ ਨੂੰ ਕੱਢਣ ਲਈ
ਦਗੇਬਾਜ਼ਾਂ ਨੂੰ ਵੱਢਣ ਲਈ
ਸੱਚੀ ਗੱਲ ਨੂੰ ਰੱਖਣ ਲਈ
ਨਵਾਂ ਕੁਝ ਬੁਣਨਾ ਪੈਣਾ ਏ
ਬਾਬਾ ਨਾਨਕ ਨੂੰ ਸੁਣਨਾ ਪੈਣਾ ਏ

ਧਰਤੀ ਨੂੰ ਸਜਾਵਣ ਲਈ
ਹਰੀ ਭਰੀ ਬਣਾਵਣ ਲਈ
ਰੁੱਖਾਂ ਨੂੰ ਲਗਾਵਣ ਲਈ
ਰੁੱਤਾਂ ਨੂੰ ਬਚਾਵਣ ਲਈ
ਨਵਾਂ ਕੁਝ ਕਰਨਾ ਪੈਣਾ ਏ
ਬਾਬਾ ਨਾਨਕ ਨੂੰ ਪੜ੍ਹਨਾ ਪੈਣਾ ਏ

ਬਚਾਉਣ ਲਈ ਫ਼ਸਲਾਂ ਨੂੰ
ਬਚਾਉਣ ਲਈ ਨਸਲਾਂ ਨੂੰ
ਵਰਤਣ ਲਈ ਅਕਲਾਂ ਨੂੰ
ਸਮਝਣ ਲਈ ਸ਼ਕਲਾਂ ਨੂੰ
ਕੁਝ ਨਵਾਂ ਕਰਾਉਣਾ ਪੈਣਾ ਏ
ਨਾਨਕ ਨੂੰ ਧਿਆਉਣਾ ਪੈਣਾ ਏ

ਆਪਣੇ ਹੱਕਾਂ ਨੂੰ ਲੈਣ ਲਈ
ਆਪਣੀ ਗੱਲ ਕਹਿਣ ਲਈ
ਜ਼ੁਲਮਾਂ ਨੂੰ ਨਾ ਸਹਿਣ ਲਈ
ਅਣਖਾਂ ਦੇ ਨਾਲ ਰਹਿਣ ਲਈ
ਨਵਾਂ ਹਥਿਆਰ ਬਣਾਉਣਾ ਪੈਣਾ ਏ

ਬਾਬਾ ਨਾਨਕ ਨੂੰ ਗਾਉਣਾ ਪੈਣਾ ਏ
ਖ਼ਤਮ ਕਰੋ ਭ੍ਰਿਸ਼ਟਾਚਾਰ ਨੂੰ
ਅੱਗੇ ਲਿਆਓ ਸਚਿਆਰ ਨੂੰ
ਵਧਾਓ ਆਪਸੀ ਪਿਆਰ ਨੂੰ
ਅੱਗ ਲਾਓ ਤਕਰਾਰ ਨੂੰ
ਦੁਸ਼ਮਣ ਨੂੰ ਹਰਾਉਣਾ ਪੈਣਾ ਏ
ਬਾਬਾ ਨਾਨਕ (ਦੀ ਬਾਣੀ) ਨੂੰ
ਗਾਉਣਾ ਪੈਣਾ ਏ

ਪੰਛੀ ਜੋ ਕੁਝ ਬੋਲ ਰਿਹਾ
ਇੱਕ ਇੱਕ ਸ਼ਬਦ ਹੈ ਤੋਲ ਰਿਹਾ
ਰਾਜ਼ ਹੈ ਸਾਰੇ ਖੋਲ੍ਹ ਰਿਹਾ
ਬੁਰਾਈ ਵਿਰੁੱਧ ਘੁਲ਼ ਘੋਲ ਰਿਹਾ
ਦੀਪ ਹਨੇਰੇ 'ਚ ਜਗਾਉਣਾ ਪੈਣਾ ਏ
ਬਾਬਾ ਨਾਨਕ ਨੂੰ ਆਉਣਾ ਪੈਣਾ ਏ।

**ਲੇਖਕ : ਭੁਪਿੰਦਰ ਸਿੰਘ ਪੰਛੀ**
**ਸੰਪਰਕ: 98559-91055**

## ਮੁਹੱਬਤ

ਕੋਸ਼ਿਸ਼ ਕੀਤੀ, ਮੁਹੱਬਤ ਤੇਰੀ ਨੂੰ ਭੁੱਲ ਜਾਵਾਂ
ਸਹੁੰ ਤੇਰੀ, ਕਦੇ ਭੁਲਾ ਨਾ ਸਕਿਆ
ਬੜੀ ਕੋਸ਼ਿਸ਼ ਕੀਤੀ ਚਿੱਤ ਲਾਉਣ ਦੀ
ਸਹੁੰ ਤੇਰੀ ਚਿੱਤ ਕਿਤੇ ਮੈਂ ਲਾ ਨਾ ਸਕਿਆ
ਯਾਦਾਂ ਨਾਸੂਰ ਬਣ ਕੇ ਦੁੱਖ ਦੇ ਗਈਆਂ
ਸਹੁੰ ਤੇਰੀ ਸੁਖ ਕਦੇ ਮੈਂ ਪਾ ਨਾ ਸਕਿਆ
ਬੜੀ ਚੰਦਰੀ ਏ ਇਹ ਇਸ਼ਕੇ ਦੀ ਜ਼ਾਤ
ਸਹੁੰ ਤੇਰੀ ਹੋਰ ਥਾਂ ਬਾਤ ਮੈਂ ਪਾ ਨਾ ਸਕਿਆ
ਰੂਹ ਰੋਂਦੀ ਰਹਿੰਦੀ ਏ ਪਲ ਪਲ ਮੇਰੀ
ਸਹੁੰ ਤੇਰੀ ਹੁਣ ਤੱਕ ਮੈਂ ਵਰਾ ਨਾ ਸਕਿਆ
ਦੇ ਗਈ ਅੱਲੇ ਜ਼ਖ਼ਮ ਜੋ ਤੂੰ ਬਿਨ ਦੱਸਿਆਂ
ਸਹੁੰ ਤੇਰੀ ਮੱਲ੍ਹਮ ਉਨ੍ਹਾਂ 'ਤੇ ਲਾ ਨਾ ਸਕਿਆ
ਬੜਾ ਸਮਝਾਇਆ ਮਨ ਨੂੰ ਚੁੱਪ ਕਰ ਜਾ
ਸਹੁੰ ਤੇਰੀ ਮੈਂ ਚੁੱਪ ਕਰਾ ਨਾ ਸਕਿਆ
ਲੋਕ ਤਾਰੇ ਗਿਣ ਰਾਤਾਂ ਲੰਘਾ ਲੈਂਦੇ ਨੇ
ਸਹੁੰ ਤੇਰੀ ਰਾਤਾਂ ਮੈਂ ਲੰਘਾ ਨਾ ਸਕਿਆ
ਮੇਰਾ ਛੇਕੜਲਾ ਸਾਹ ਵੀ ਤੇਰਾ ਸੱਜਣਾ
ਸਹੁੰ ਤੇਰੀ ਤੇਰੇ ਬੋਲ ਭੁਲਾ ਨਹੀਂ ਸਕਿਆ
ਬੜੇ ਪਰਦੇ ਪਾਏ ਤੇਰੀ ਇਸ਼ਕ ਕਹਾਣੀ 'ਤੇ
ਸਹੁੰ ਤੇਰੀ ਖੰਨਾ ਲੁਕਾ ਨਾ ਸਕਿਆ

**ਲੇਖਕ : ਅਜੀਤ ਖੰਨਾ**
**ਸੰਪਰਕ: 85448-54669**

## ਰੋਜ਼ੀ ਰੋਟੀ

ਭੁੱਖ ਦਾ ਕੋਈ ਸਤਾਇਆ ਬੰਦਾ,
ਕਿੰਨਾ ਲੱਗਦੈ ਆਤਰ।

ਕਿੱਥੋਂ ਕਿੱਥੇ ਚਲੇ ਗਏ ਸਭ,
ਰੋਜ਼ੀ ਰੋਟੀ ਖਾਤਰ।

ਭੁੱਖਾ ਢਿੱਡ ਹੈ ਰੋਟੀ ਮੰਗਦਾ,
ਕੀ ਕੀ ਕੰਮ ਕਰਾਵੇ।

ਵਿਹਲੜ ਨੇਤਾ ਬੈਠਾ ਕੁਰਸੀ,
ਵੇਖੋ ਹੁਕਮ ਚਲਾਵੇ।

ਕਿਧਰੇ ਕਿਸੇ ਨੂੰ ਫ਼ਿਕਰ ਨਹੀਂ ਹੈ,
ਲਾਵੇ ਇਸ਼ਕ ਦੇ ਪੇਚੇ।

ਸ਼ਰ੍ਹੇਆਮ ਕੋਈ ਵਿੱਚ ਬਜ਼ਾਰੀਂ,
ਆਪਣੇ ਜਿਸਮ ਨੂੰ ਵੇਚੇ।

ਰੋਜ਼ੀ ਰੋਟੀ ਖਾਤਰ ਹਰ ਕੋਈ,
ਵੇਖੋ ਲੱਗਿਆ ਆਹਰੇ।

ਕੋਈ ਕਿਤੇ ਰੁਜ਼ਗਾਰ ਦੀ ਖਾਤਰ,
ਲਾਈ ਜਾਵੇ ਨਾਹਰੇ।

ਚਾਹੁੰਦਾ ਹਾਂ ਕਿ ਹਰ ਕੋਈ,
ਇੱਜ਼ਤ ਦੀ ਰੋਟੀ ਖਾਵੇ।

ਵਿਹਲੜ ਨਾ ਅਖਵਾਏ ਕੋਈ,
ਨਾ ਕੋਈ ਫ਼ਿਕਰ ਸਤਾਵੇ।

ਜੇਕਰ ਹਰ ਇੱਕ ਬੰਦੇ ਨੂੰ,
ਰੱਜਵੀਂ ਰੋਟੀ ਮਿਲ ਜਾਵੇ।

ਦੂਜੇ ਦੇਸ਼ਾਂ ਦੇ ਉਹ ਕਾਹਤੋਂ,
ਦਰ ਦਰ ਧੱਕੇ ਖਾਵੇ।

**ਲੇਖਕ : ਪ੍ਰੋ. ਨਵ ਸੰਗੀਤ ਸਿੰਘ**
**ਸੰਪਰਕ: 94176-92015**

## ਦੁਨੀਆ

ਜਦੋਂ ਕਿਸੇ ਦਾ ਹੋ ਨੁਕਸਾਨ ਜਾਏ।
ਫਸ ਮੁਸੀਬਤ ਦੇ ਵਿੱਚ ਜਾਨ ਜਾਏ।

ਤੋੜ ਕਿਸੇ ਦਾ ਕੋਈ ਸਨਮਾਨ ਜਾਏ,
ਫਿਰ ਉਦੋਂ ਦੁਨੀਆ ਹੱਸਦੀ ਆ,

ਬਈ ਉਦੋਂ ਦੁਨੀਆ ਹੱਸਦੀ ਆ।
ਜਦੋਂ ਧੀ ਕਿਸੇ ਦੀ ਉਧਲ ਜਾਏ।

ਗੱਲ ਕਰਦਾ ਫਸ ਕੋਈ ਚੁਗਲ ਜਾਏ।
ਬੰਦਾ ਝੂਠਾ ਮੂੰਹੋਂ ਸੱਚ ਉਗਲ ਜਾਏ,

ਫਿਰ ਉਦੋਂ...
ਜਦੋਂ ਚੜ੍ਹੀ ਹੋਈ ਗੁੱਡੀ ਉੱਤਰ ਜਾਏ।

ਕਰ ਕੌਲ-ਕਰਾਰ ਕੋਈ ਮੁੱਕਰ ਜਾਏ।
ਵਿਕ ਖੇਤ ਦੀ ਕੋਈ ਨੁੱਕਰ ਜਾਏ,

ਫਿਰ ਉਦੋਂ...
ਜਦੋਂ ਪੈਸਾ ਲੈ ਕੋਈ ਦੱਬ ਜਾਏ।

ਬਹੁਤਾ ਸਿਆਣਾ ਬੰਦਾ ਠੱਗ ਜਾਏ।
ਮੁਖੀ ਖਾੜੇ ਦਾ ਪਿੱਠ ਦਿਖਾ ਭੱਜ ਜਾਏ,

ਫਿਰ ਉਦੋਂ...
ਜਦੋਂ ਦੋਸਤ, ਦੁਸ਼ਮਣ ਬਣ ਜਾਏ।

'ਰਾਜਲਹੇੜੀ' ਕਿਸੇ ਨਾਲ ਠਣ ਜਾਏ।
'ਸੰਧੂ' ਇੱਜ਼ਤ ਕਿਸੇ ਦੀ ਛਣ ਜਾਏ,

ਫਿਰ ਉਦੋਂ...

**ਲੇਖਕ : ਹਰਜਿੰਦਰ ਸੰਧੂ ਰਾਜਲਹੇੜੀ**
**ਸੰਪਰਕ: 94634-63547**

# ਨਾਰੀ ਸੰਸਾਰ



## ਤੁਹਾਡਾ ਕੰਮ ਹੀ ਹੈ ਤੁਹਾਡੀ ਅਸਲੀ ਪਛਾਣ

ਲੇਖਕ : ਅਮਰਜੀਤ ਬਰਾੜ
ਮੋਬਾਈਲ : 94179-49079

ਜਦੋਂ ਤੁਹਾਡਾ ਕੰਮ ਅਤੇ ਤੁਹਾਡੇ ਦੁਆਰਾ ਬੋਲੇ ਸ਼ਬਦ ਮੇਲ ਨਹੀਂ ਖਾਂਦੇ ਤਾਂ ਉਸ ਸਮੇਂ ਨਾ ਕੇਵਲ ਤੁਹਾਡੇ ਸ਼ਬਦਾਂ ਦੀ ਕੀਮਤ ਘਟਦੀ ਹੈ ਸਗੋਂ ਉਸ ਸਮੇਂ ਤੁਸੀਂ ਆਪਣੇ ਭਰੋਸੇ ਦੀ ਕੀਮਤ ਨੂੰ ਵੀ ਨੀਵਾਂ ਕਰਦੇ ਹੋ। ਲੋਕ ਸਿਰਫ਼ ਤੁਹਾਨੂੰ ਵੇਖਦੇ ਹੀ ਨਹੀਂ ਸਗੋਂ ਉਹ ਤੁਹਾਨੂੰ ਸੁਣਦੇ ਵੀ ਹਨ। ਆਪਣੇ-ਆਪ ਵਿਚ ਕੰਮ ਕੋਈ ਵੀ ਛੋਟਾ ਜਾਂ ਵੱਡਾ ਨਹੀਂ ਹੁੰਦਾ ਸਗੋਂ ਅਸਲੀ ਗੱਲ ਤਾਂ ਇਹ ਹੈ ਕਿ ਤੁਸੀਂ ਉਸ ਕੰਮ ਨੂੰ ਕਿੰਨੀ ਮਿਹਨਤ, ਲਗਨ, ਦਿਲਚਸਪੀ, ਇਮਾਨਦਾਰੀ ਅਤੇ ਸ਼ਿੱਦਤ ਨਾਲ ਕਰਦੇ ਹੋ। ਬੇਸ਼ੱਕ ਤੁਸੀਂ ਕੋਈ ਨੌਕਰੀ ਕਰਦੇ ਹੋ ਜਾਂ ਫਿਰ ਘਰ ਵਿਚ ਹੀ ਕੰਮ ਕਰਦੇ ਹੋ। ਤੁਹਾਡਾ ਕੰਮ ਕਰਨ ਦਾ ਤਰੀਕਾ ਅਤੇ ਸਲੀਕਾ ਹੀ ਤੁਹਾਨੂੰ ਇਕ ਵੱਖਰੀ ਪਛਾਣ ਦਿੰਦਾ ਹੈ। ਇਮਾਨਦਾਰ ਵਿਅਕਤੀ ਨੂੰ ਹਰ ਜਗ੍ਹਾ ਸਤਿਕਾਰਿਆ ਜਾਂਦਾ ਹੈ। ਆਪਣੇ-ਆਪ ਵਿਚ ਤੁਹਾਡਾ ਇਰਾਦਾ ਅਤੇ ਤੁਹਾਡੀ ਨੀਅਤ ਹੀ ਤੁਹਾਡੀ ਅਸਲ ਸ਼ਕਤੀ ਹੈ। ਤੁਸੀਂ ਆਪਣੀਆਂ ਗ਼ਲਤੀਆਂ ਵਿਚ ਸੁਧਾਰ ਤਾਂ ਹੀ ਲਿਆ ਸਕਦੇ ਹੋ ਜੇਕਰ ਤੁਸੀਂ ਆਪਣੀਆਂ ਗ਼ਲਤੀਆਂ ਨੂੰ ਸਵੀਕਾਰ ਕਰਦੇ ਹੋ। ਆਪਣੀ ਕਿਸੇ ਗ਼ਲਤੀ 'ਤੇ ਹੋਇਆ ਪਛਤਾਵਾ ਕਦੇ ਬੁਰਾ ਨਹੀਂ ਹੁੰਦਾ। ਪਛਤਾਵਾ ਇਕ ਡੂੰਘਾ ਅਹਿਸਾਸ ਹੈ। ਪਛਤਾਵਾ ਇਸ ਗੱਲ ਦਾ ਚਿੰਤਨ ਹੈ ਕਿ ਅੱਗੇ ਤੋਂ ਕੋਈ ਗ਼ਲਤੀ ਦੁਬਾਰਾ ਨਾ ਹੋਵੇ। ਗ਼ਲਤੀਆਂ ਦਾ ਹੋਣਾ ਬੁਰਾ ਨਹੀਂ ਪਰ ਜਦੋਂ ਅਸੀਂ ਇਕੋ ਗ਼ਲਤੀ ਨੂੰ ਵਾਰ-ਵਾਰ ਦੁਹਰਾਉਂਦੇ ਹਾਂ ਤਾਂ ਇਹ ਇਕ ਵੱਡੀ ਸਮੱਸਿਆ ਹੈ।

ਤੁਸੀਂ ਕੀ ਸੋਚਦੇ ਹੋ, ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਸੀਂ ਕਰਦੇ ਕੀ ਹੋ, ਅੰਤਿਮ ਨਤੀਜਾ ਤਾਂ ਤੁਹਾਡੇ ਕੰਮ ਹੀ ਹਨ। ਤੁਹਾਡੇ ਕੰਮ ਹੀ ਤੁਹਾਡੀ ਸ਼ਖ਼ਸੀਅਤ ਹਨ। ਤੁਹਾਡੇ ਕੰਮ ਹੀ ਤੁਹਾਡਾ ਚਰਿੱਤਰ ਅਤੇ ਸੋਚ ਹਨ। ਤੁਹਾਡੇ ਕੰਮ ਹੀ ਤੁਹਾਡਾ ਆਤਮ ਵਿਸ਼ਵਾਸ ਹੈ ਅਤੇ ਇਹ ਸਵੈ-ਵਿਸ਼ਵਾਸ ਅਤੇ ਆਤਮ-ਵਿਸ਼ਵਾਸ ਨਾ ਕੇਵਲ ਤੁਹਾਡੇ ਚਿਹਰੇ ਦੀ ਬਲਕਿ ਇਹ ਤੁਹਾਡੀ ਜ਼ਿੰਦਗੀ ਦੀ ਵੀ ਰੌਣਕ ਹੈ। ਜ਼ਿੰਮੇਵਾਰੀਆਂ ਦਾ ਕਦੇ ਬੋਝ ਨਹੀਂ ਹੁੰਦਾ ਬਲਕਿ ਬੋਝ ਉਨ੍ਹਾਂ ਕੰਮਾਂ ਦਾ ਹੁੰਦਾ ਹੈ ਜਿਹੜੇ ਤੁਹਾਡੇ ਲਈ ਜ਼ਰੂਰੀ ਹੁੰਦੇ ਹਨ ਪਰ ਤੁਸੀਂ ਉਨ੍ਹਾਂ ਨੂੰ ਕਰਦੇ ਨਹੀਂ। ਕੰਮ ਭਾਵੇਂ ਦਫ਼ਤਰ ਵਿਚ ਹੋਵੇ ਜਾਂ ਘਰ ਦੀ ਰਸੋਈ ਵਿਚ, ਖੇਤਾਂ ਵਿਚ ਹੋਵੇ, ਭਾਵੇਂ ਸਕੂਲਾਂ, ਕਾਲਜਾਂ ਵਿਚ, ਤੁਹਾਡੀ ਪਛਾਣ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਹਾਨੂੰ ਆਪਣੇ ਕੰਮ ਵਿਚ ਕਿੰਨੀ ਨਿਪੁੰਨਤਾ ਅਤੇ ਦਿਲਚਸਪੀ ਹੈ। ਖਾਣਾ ਬਣਾਉਣਾ ਵੀ ਇਕ ਕਲਾ ਹੈ ਅਤੇ ਦੁਕਾਨ ਵਿਚ ਚੀਜ਼ਾਂ ਵੇਚਣਾ ਵੀ ਇਕ ਕਲਾ। ਸਿਰਫ਼ ਲਿਖਣਾ ਹੀ ਕਲਾ ਨਹੀਂ ਸਗੋਂ ਪੜ੍ਹਨਾ ਅਤੇ ਪੜ੍ਹਾਉਣਾ ਵੀ ਇਕ ਕਲਾ ਹੈ। ਆਖ਼ਰ ਕਿਹੜੀ ਉਹ ਗੱਲ ਹੁੰਦੀ ਹੈ ਜਦੋਂ ਕਿ ਲੋਕ ਆਪਣਾ ਕੰਮ ਤੁਹਾਡੇ ਕੋਲੋਂ ਹੀ ਕਰਵਾਉਣਾ ਪਸੰਦ ਕਰਦੇ ਹਨ।

ਸੁਹੱਪਣ ਸਿਰਫ਼ ਚਿਹਰੇ ਦਾ ਹੀ ਨਹੀਂ ਬਲਕਿ ਇਹ ਤੁਹਾਡੇ ਕੰਮਾਂ ਦਾ ਵੀ ਹੁੰਦਾ ਹੈ। ਗੱਲਬਾਤ ਕਰਨਾ ਵੀ ਇਕ ਕਲਾ ਹੈ ਜੋ ਤੁਹਾਡੀ ਜ਼ਿੰਦਗੀ ਦੀ ਸੁੰਦਰਤਾ ਵਿਚ ਵਾਧਾ ਕਰਦੀ ਹੈ। ਆਪਣੇ ਮਨ ਦੀ ਅਤੇ ਸਮਾਜ ਦੀ ਉਸ ਪਰੰਪਰਾ ਨੂੰ ਤੋੜਨਾ ਲਾਜ਼ਮੀ ਹੈ ਜੋ ਤੁਹਾਡੇ 'ਤੇ ਇਸ ਗੱਲ ਦਾ ਬੰਧਨ ਲਾਉਂਦੀ ਹੈ ਕਿ ਤੁਸੀਂ ਅਜਿਹਾ ਨਹੀਂ ਕਰ ਸਕਦੇ ਜਾਂ ਤੁਸੀਂ ਇਸ ਕੰਮ ਲਈ ਬਣੇ ਹੀ ਨਹੀਂ ਹੋ। ਅੱਜ ਦੀਆਂ ਲੜਕੀਆਂ ਨੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ। ਮੌਕੇ ਮਿਲਦੇ ਨਹੀਂ ਬਲਕਿ ਮੌਕੇ ਖ਼ੁਦ ਪੈਦਾ ਕਰਨੇ ਪੈਂਦੇ ਹਨ। ਖ਼ਾਮੋਸ਼ ਰਹਿ ਕੇ ਕੀਤੀ ਮਿਹਨਤ ਇਕ ਦਿਨ ਸਫਲਤਾ ਦੀ ਗੂੰਜ ਬਣਦੀ ਹੈ। ਸਫਲ ਲੋਕਾਂ ਦੀਆਂ ਸਵੈਜੀਵਨੀਆਂ ਨੂੰ ਪੜ੍ਹੋ, ਇਹ ਤੁਹਾਨੂੰ ਮੁਸ਼ਕਿਲਾਂ ਨਾਲ ਲੜਨ, ਭਿੜਨ ਦੀ ਜਾਚ ਅਤੇ ਹਿੰਮਤ ਦੇਣਗੀਆਂ। ਕਹਾਵਤ ਹੈ ਕਿ ਕੰਮ ਵਿਚ ਲੱਗੀ ਕੀੜੀ ਸੁੱਤੇ ਹੋਏ ਬੰਦੇ ਨਾਲੋਂ ਕਿਤੇ ਵੱਧ ਕੰਮ ਕਰਦੀ ਹੈ। ਸੁਣੋਗੇ ਤਾਂ ਭੁੱਲ ਜਾਵੋਗੇ, ਵੇਖੋਗੇ ਤਾਂ ਯਾਦ ਰਹੇਗਾ ਪਰ ਕਰੋਗੇ ਤਾਂ ਸਮਝ ਆਵੇਗਾ। ਜਿਨ੍ਹਾਂ ਨੇ ਆਪਣੇ ਕੰਮ ਨੂੰ ਭਗਤੀ, ਬੰਦਗੀ, ਸਿਮਰਨ, ਪੂਜਾ ਅਤੇ ਇਬਾਦਤ ਬਣਾਇਆ ਉਨ੍ਹਾਂ ਨੇ ਹੀ ਜ਼ਿੰਦਗੀ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ।

## ਵਾਲਾਂ ਨੂੰ ਸੁੰਦਰ ਬਣਾਉਣ ਲਈ ਘਰੇਲੂ ਉਪਾਅ

ਲੇਖਕ : ਸ਼ਹਿਨਾਜ਼ ਹੁਸੈਨ

ਕੀ ਤੁਸੀਂ ਵਿਆਹ ਦੇ ਬੰਧਨ ਵਿਚ ਬੱਝਣ ਜਾ ਰਹੇ ਹੋ ਪਰ 'ਹੇਅਰ ਡੈਮੇਜ' ਜਾਂ ਵਾਲ ਝੜਨ ਤੋਂ ਪ੍ਰੇਸ਼ਾਨ ਹੋ? ਘੱਟ ਤੋਂ ਘੱਟ ਤਿੰਨ ਮਹੀਨੇ ਪਹਿਲਾਂ ਆਪਣੇ ਵਾਲਾਂ ਲਈ ਇਲਾਜ ਕਰਨਾ ਸ਼ੁਰੂ ਕਰ ਦਿਓ। ਇਸ ਲਈ ਆਪਣੇ ਵਾਲਾਂ ਦੀ ਹਫ਼ਤੇ ਵਿਚ ਦੋ ਵਾਰ ਤੇਲ ਮਾਲਿਸ਼ ਜ਼ਰੂਰ ਕਰੋ। ਇਸ ਦੇ ਨਾਲ-ਨਾਲ ਬਹੁਤ ਸਾਰੀਆਂ ਗੱਲਾਂ ਵੀ ਹਨ, ਜਿਨ੍ਹਾਂ ਬਾਰੇ ਤੁਹਾਨੂੰ ਧਿਆਨ ਰੱਖਣਾ ਚਾਹੀਦਾ ਹੈ। ਤੇਲ ਨਾਲ ਸਿਰ ਦੀ ਮਾਲਿਸ਼ ਕਰਨ ਨਾਲ ਵਾਲ ਸੰਘਣੇ, ਮਜ਼ਬੂਤ ਅਤੇ ਆਕਰਸ਼ਕ ਬਣਦੇ ਹਨ। ਅਲੱਗ ਤਰ੍ਹਾਂ ਦੇ ਤੇਲਾਂ ਨਾਲ ਸਰੀਰ ਦੀ ਮਾਲਿਸ਼ ਕਰਨ ਨਾਲ ਵਾਲਾਂ ਦੀਆਂ ਜੜ੍ਹਾਂ ਨੂੰ ਪੋਸ਼ਣ ਦੇ ਨਾਲ ਵਾਲਾਂ ਦਾ ਵਾਧਾ ਵੀ ਹੁੰਦਾ ਹੈ। ਇਹ ਵਾਲਾਂ, ਸਰੀਰ ਅਤੇ ਮਨ ਨੂੰ ਤਰੋਤਾਜ਼ਾ ਅਤੇ ਤਣਾਅ ਮੁਕਤ ਕਰ ਦਿੰਦਾ ਹੈ, ਜਿਸ ਨਾਲ ਵਿਆਹ ਦੀਆਂ ਤਿਆਰੀਆਂ ਨਾਲ ਜੁੜੇ ਤਣਾਅ ਨੂੰ ਵੀ ਘੱਟ ਕਰਨ ਵਿਚ ਮਦਦ ਮਿਲਦੀ ਹੈ।

ਜੇਕਰ ਤੁਹਾਨੂੰ ਸਿੱਕਰੀ, ਭੂਰੇ ਵਾਲ ਜਾਂ ਵਾਲ ਡਿਗਣ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਵਾਲਾਂ ਦਾ ਇਲਾਜ ਜਲਦੀ ਸ਼ੁਰੂ ਕਰੋ ਅਤੇ ਵਿਆਹ ਤੋਂ ਪਹਿਲਾਂ ਵਾਲਾਂ ਦੇ ਸਾਰੇ ਮੁੱਦਿਆਂ ਤੋਂ ਛੁਟਕਾਰਾ ਪਾਓ। ਹਮੇਸ਼ਾ ਰਸਾਇਣਕ ਪਦਾਰਥਾਂ ਦੀ ਕੋਸ਼ਿਸ਼ ਕਰਨ ਦੀ ਬਜਾਏ ਪਹਿਲਾਂ ਘਰੇਲੂ ਇਲਾਜ ਲਈ ਜਾਓ, ਕਿਉਂਕਿ ਉਹ ਕੁਦਰਤੀ ਨਤੀਜੇ ਦਿਖਾਉਂਦੇ ਹਨ। ਆਪਣੇ ਵਿਆਹ ਦੀ ਤਰੀਕ ਤੋਂ ਘੱਟ ਤੋਂ ਘੱਟ ਤਿੰਨ ਮਹੀਨੇ ਪਹਿਲਾਂ ਕੁਦਰਤੀ ਇਲਾਜ ਕਰਨਾ ਸ਼ੁਰੂ ਕਰੋ, ਕਿਉਂਕਿ ਉਨ੍ਹਾਂ ਦੇ ਨਤੀਜੇ ਦੇਖਣ ਲਈ ਸਮਾਂ ਲਗਦਾ ਹੈ। ਤੁਸੀਂ ਇਕ ਚਮੜੀ ਮਾਹਿਰ ਨਾਲ ਵੀ ਸਲਾਹ ਕਰ ਸਕਦੇ ਹੋ ਜੋ ਤੁਹਾਨੂੰ ਇਨ੍ਹਾਂ ਮਸਲਿਆਂ ਵਿਚ ਸਲਾਹ ਦੇ ਸਕਦਾ ਹੈ ਅਤੇ ਸਮੱਸਿਆਵਾਂ ਨੂੰ ਦੂਰ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

ਤੁਹਾਡੇ ਖ਼ਾਸ ਦਿਨ 'ਤੇ ਖ਼ਤਮ ਕਰਨ ਲਈ ਆਪਣੇ ਵਾਲਾਂ ਦੀ ਦੇਖਭਾਲ ਉਸ ਦੀ ਕਿਸਮ ਅਤੇ ਬਨਾਵਟ ਅਨੁਸਾਰ ਕਰੋ। ਰੁੱਖੇ ਵਾਲਾਂ ਲਈ ਹਫ਼ਤੇ ਵਿਚ ਦੋ ਵਾਰ ਵਾਲ ਧੋਵੋ ਜਦਕਿ ਤੇਲ ਪ੍ਰਭਾਵ ਵਾਲੇ ਵਾਲਾਂ ਲਈ ਹਫ਼ਤੇ ਵਿਚ ਤਿੰਨ ਵਾਰ ਜਾਂ ਚਾਰ ਵਾਰ ਵਾਲਾਂ ਨੂੰ ਧੋਵੋ। ਡੈਂਡਰਫ (ਸਿੱਕਰੀ) ਲਈ ਸ਼ੈਂਪੂ ਤੋਂ ਬਾਅਦ ਇਕ ਮੱਗ ਪਾਣੀ ਵਿਚ ਦੋ ਵੱਡੇ ਚਮਚ ਸੇਬ ਦਾ ਸਿਰਕਾ ਮਿਲਾਓ ਅਤੇ ਆਖ਼ਰੀ ਕੁੱਲਾ ਦੇ ਰੂਪ ਵਿਚ ਇਸਤੇਮਾਲ ਕਰੋ। ਤੇਲ ਵਾਲੇ ਵਾਲਾਂ ਵਿਚ ਚਮਕ ਲਿਆਉਣ ਲਈ ਚਾਹ-ਪਾਣੀ ਅਤੇ ਨਿੰਬੂ ਨਾਲ ਕੁੱਲਾ ਕਰੋ। ਵਰਤੋਂ ਕੀਤੀ ਹੋਈ ਚਾਹ ਦੀ ਪੱਤੀ ਨੂੰ ਫਿਰ ਤੋਂ ਜ਼ਿਆਦਾ ਪਾਣੀ ਵਿਚ ਉਬਾਲੋ। ਠੰਢਾ ਕਰੋ, ਇਕ ਨਿੰਬੂ ਦਾ ਰਸ ਮਿਲਾਓ ਅਤੇ ਇਸ ਨੂੰ ਸ਼ੈਂਪੂ ਤੋਂ ਬਾਅਦ ਆਖ਼ਰੀ ਕੁੱਲਾ ਲਈ ਵਰਤੋ। ਸੁੱਕੇ ਵਾਲਾਂ ਨੂੰ ਪੋਸ਼ਣ ਦਿਓ। ਦੁੱਧ ਨਾਲ ਧੋ ਕੇ 5 ਮਿੰਟ ਲਈ ਛੱਡ ਦਿਓ। ਫਿਰ ਸਾਦੇ ਪਾਣੀ ਨਾਲ ਧੋ ਲਓ। ਇਹ ਨਰਮ ਕਰਦਾ ਹੈ, ਪੋਸ਼ਣ ਕਰਦਾ ਹੈ ਅਤੇ ਚਮਕ ਦਿੰਦਾ ਹੈ।

ਆਪਣੇ ਬ੍ਰਾਈਡਲ ਹੇਅਰਸਟਾਈਲਿਸਟ ਕੋਲੋਂ ਸਹੀ ਸਮੇਂ 'ਤੇ ਸਲਾਹ ਲਓ ਤਾਂ ਕਿ ਤੁਸੀਂ ਇਸ ਨੂੰ ਅਜ਼ਮਾ ਵੀ ਸਕੋ। ਜੋ ਲੋਕ ਆਪਣੇ ਵਾਲਾਂ ਨੂੰ ਢਕਣਾ ਚਾਹੁੰਦੇ ਹਨ ਉਨ੍ਹਾਂ ਲਈ ਆਰਗੇਨਾਜ਼ ਟਿਸ਼ੂ ਅਤੇ ਇਥੋਂ ਤੱਕ ਕਿ ਸਰਾਸਰ ਜਾਲ ਦੀ ਵਰਤੋਂ ਓਢਣੀ ਲਈ ਜਾ ਸਕਦੀ ਹੈ। ਵਿਆਹ ਤੋਂ ਪਹਿਲਾਂ ਕਾਕਟੇਲ ਅਤੇ ਡਿਨਰ ਲਈ ਲੰਮੇ ਵਾਲ, ਖੁੱਲ੍ਹੇ ਛੱਡੇ ਗਏ, ਲਹਿਰਾਉਂਦੇ ਅਤੇ ਕਰਲੀ ਕਰਨ ਨਾਲ ਗਲੈਮਰਸ ਲੱਗਣਗੇ। ਲੰਬਾਈ ਨੂੰ ਧਿਆਨ ਵਿਚ ਰੱਖਦੇ ਹੋਏ ਮੋਢੇ ਤੋਂ ਕਾਫ਼ੀ ਹੇਠਾਂ। ਕਰਲੀ ਘੁੰਗਰਾਲੇ ਵਾਲਾਂ ਦੇ ਹੇਠਲੇ ਅੱਧੇ ਹਿੱਸੇ ਵੱਲ ਹੋਣੇ ਚਾਹੀਦੇ ਹਨ। ਫੁੱਲਾਂ ਦੇ ਨਾਲ ਇਕ ਪਰੰਪਰਿਕ ਰੂਪ ਲਈ, ਵਾਲਾਂ ਦੇ ਇਕ ਹਿੱਸੇ ਨੂੰ ਉੱਪਰ ਰੱਖਿਆ ਜਾ ਸਕਦਾ ਹੈ, ਜਦ ਕਿ ਇਕ ਹਿੱਸਾ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ, ਇਕ ਮੋਢੇ 'ਤੇ ਡਿਗ ਜਾਂਦਾ ਹੈ, ਨਾਲ ਹੀ ਫੁੱਲਾਂ ਦਾ ਝਰਨਾ ਵੀ ਹੁੰਦਾ ਹੈ ਜਾਂ ਖੁੱਲ੍ਹੇ ਛੱਡੇ ਗਏ ਹਿੱਸੇ ਦੇ ਚਾਰੇ ਪਾਸੇ ਫੁੱਲਾਂ ਦੀ ਮਾਲਾ ਹੋ ਸਕਦੀ ਹੈ ਜਾਂ ਕਿਸੇ ਦੇ ਕੋਲ ਛੋਟੇ-ਛੋਟੇ ਚਮਕੀਲੇ ਪੱਥਰ ਹੋ ਸਕਦੇ ਹਨ, ਜੋ ਵਾਲਾਂ ਨੂੰ ਸਜਾਉਂਦੇ ਹਨ। ਵਾਲਾਂ ਨੂੰ ਫੈਂਸੀ ਜੂੜੇ ਦੀ ਪਿਨ, ਸਜਾਵਟੀ ਕੰਘੀ ਅਤੇ ਇਥੋਂ ਤੱਕ ਕਿ ਗਹਿਣਿਆਂ ਨਾਲ ਸਜਾਇਆ ਜਾ ਸਕਦਾ ਹੈ। ਉਦਾਹਰਨ ਲਈ ਜੇਕਰ ਵਾਲ ਰੱਖੇ ਹਨ ਤਾਂ ਸੋਨੇ ਦੇ ਬ੍ਰੋਚ ਜਾਂ ਲਾਕੇਟ ਨੂੰ ਵਿਚਾਲਿਓਂ ਪਿਨ ਕੀਤਾ ਜਾ ਸਕਦਾ ਹੈ। ਪੂਰੇ ਵਾਲਾਂ ਵਿਚ ਛੋਟੇ ਫੁੱਲ ਵੀ ਲਗਾਏ ਜਾ ਸਕਦੇ ਹਨ। ਛੋਟੇ ਵਾਲਾਂ ਲਈ ਸਾਹਮਣੇ ਦੇ ਹਿੱਸੇ ਨੂੰ ਵਿਵਸਥਿਤ ਕਰੋ ਅਤੇ ਬਾਕੀ ਵਾਲਾਂ ਨੂੰ ਇਕ ਛੋਟੀ ਗੁੱਤ ਵਿਚ ਬੰਨ੍ਹ ਲਓ। ਫਿਰ ਇਸ ਦੇ ਉੱਪਰ ਇਕ ਸਟਾਈਲ ਵਾਲਾ ਹੇਅਰ ਪੀਸ ਪਿਨ ਕਰੋ। ਲੰਮੇ ਵਾਲਾਂ ਦੇ ਰੂਪ ਵਿਚ ਵਾਲਾਂ ਦੇ ਇਕ ਹਿੱਸੇ ਨਾਲ ਅਤੇ ਇਸ ਨੂੰ ਬਿਊਟੀ ਸੈਲੂਨ ਵਿਚ ਜੂੜੇ ਵਿਚ ਸੈੱਟ ਕਰ ਲਓ।



## ਬੱਚੇ ਦੀਆਂ ਆਦਤਾਂ 'ਤੇ ਨਜ਼ਰ ਰੱਖੋ



ਸੁਰਿੰਦਰ ਸਿੰਘ ਕਰਮ ਲਧਾਣਾ, ਮੋਬਾ: 98146-81444

ਬੱਚੇ ਨੂੰ ਦੋਵੇਂ ਤਰ੍ਹਾਂ ਦੀਆਂ ਆਦਤਾਂ ਹੁੰਦੀਆਂ ਹਨ-ਚੰਗੀਆਂ ਵੀ ਅਤੇ ਮਾੜੀਆਂ ਵੀ। ਦੋਵਾਂ ਉੱਤੇ ਪੂਰੀ ਨੀਝ ਅਤੇ ਬਾਰੀਕਬੀਨੀ ਨਾਲ ਨਜ਼ਰ ਰੱਖੋ। ਬੱਚੇ ਦੀ ਚੰਗੀ ਆਦਤ ਲਈ ਉਸ ਦੀ ਤਾਰੀਫ਼ ਕਰੋ। ਉਸ ਦਾ ਕੁਝ ਚੰਗਾ ਕਰਨ ਲਈ ਹੌਸਲਾ ਵਧੇਗਾ। ਮਾੜੀ ਆਦਤ 'ਤੇ ਧਿਆਨ ਦੇਣਾ ਤਾਂ ਮਾਪਿਆਂ ਦਾ ਪਹਿਲਾ ਫ਼ਰਜ਼ ਹੈ। ਉਸ ਆਦਤ ਕਰਕੇ ਬੱਚੇ ਨੂੰ ਟੋਕਣਾ-ਰੋਕਣਾ ਬੇਹੱਦ ਜ਼ਰੂਰੀ ਹੈ। ਪਿਆਰ-ਮੁਹੱਬਤ, ਮਿੱਠੀ ਝਿੜਕ, ਮਿੱਠੀ ਬੋਲੀ ਦੀ ਵਰਤੋਂ ਕਰਕੇ ਬੱਚੇ ਨੂੰ ਮੰਦੀ ਆਦਤ ਛੱਡਣ ਲਈ ਉਤਸ਼ਾਹਿਤ ਕਰੋ। ਇਹਦੇ ਲਈ ਬਿਨਾਂ ਕੁਝ ਬੋਲਿਆਂ ਬੱਚੇ ਦੇ ਮਨ ਨੂੰ ਪੜ੍ਹਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਕਿਹੜੀ ਵਿਧੀ ਨਾਲ, ਕਿਹੜੇ ਤਰੀਕੇ ਨਾਲ ਬੱਚੇ ਨੂੰ ਬਚਾਇਆ ਜਾਵੇ, ਇਹਦੇ ਬਾਰੇ ਲਗਾਤਾਰ ਅਤੇ ਪੂਰਾ ਤਹੱਮਲ ਜਾਂ ਠਰ੍ਹੰਮਾ ਰੱਖ ਕੇ ਬੱਚੇ ਨੂੰ ਭਰੋਸੇ 'ਚ ਲਿਆ ਜਾਵੇ। ਕਿਹੜੀ ਭੈੜੀ ਆਦਤ ਨਾਲ ਬੱਚੇ ਦਾ ਕੀ ਨੁਕਸਾਨ ਹੋ ਸਕਦਾ ਹੈ, ਬਾਰੇ ਬੱਚੇ ਨੂੰ ਦੱਸਦੇ ਰਹਿਣਾ ਚਾਹੀਦਾ ਹੈ। ਇਹਦੇ ਲਈ ਬੱਚੇ ਦੀ ਮਾਨਸਿਕਤਾ ਨੂੰ ਪੜ੍ਹਨ ਅਤੇ ਬੁੱਝਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਗੁੱਸੇ 'ਚ ਆਪਾ ਗੁਆ ਕੇ ਜੇ ਅਸੀਂ ਬੱਚੇ ਨੂੰ ਬੁਰੀ ਆਦਤ ਛੱਡਣ ਲਈ ਕਹਾਂਗੇ ਤਾਂ ਬੱਚਾ ਡਰ ਨਾਲ ਬੁਰੀ ਆਦਤ ਛੱਡਣ ਦਾ ਤੁਹਾਡੇ ਸਾਹਮਣੇ ਦਿਖਾਵਾ ਕਰੇਗਾ ਪਰ ਛੱਡੇਗਾ ਨਹੀਂ। ਮਾਪਿਆਂ ਨੂੰ ਇਹ ਮਨੋਵਿਗਿਆਨਕ ਸਚਾਈ ਸਮਝ ਲੈਣੀ ਚਾਹੀਦੀ ਹੈ ਕਿ ਚੰਗੀ ਆਦਤ ਜੋ ਬੱਚੇ ਦੀ ਸ਼ਖ਼ਸੀਅਤ ਨੂੰ ਨਿਖਾਰਦੀ ਹੈ, ਉਸ ਦੇ ਕੈਰੀਅਰ ਨੂੰ ਤਰੱਕੀ ਦੀਆਂ ਮੰਜ਼ਿਲਾਂ ਵੱਲ ਲਿਜਾਂਦੀ ਹੈ ਤਾਂ ਮੰਦੀ ਆਦਤ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਵਿਚ ਵੱਡੀ ਰੁਕਾਵਟ ਬਣ ਜਾਵੇਗੀ। ਉਸ ਦਾ ਕੈਰੀਅਰ ਸਹੀ ਮੰਜ਼ਿਲ 'ਤੇ ਪੁੱਜਣ ਤੋਂ ਪਹਿਲਾਂ ਹੀ ਡੁੱਬ ਜਾਵੇਗਾ। ਇਸ ਕਰਕੇ ਆਪਣੇ ਬੱਚੇ ਵਿਚ ਚੰਗੀਆਂ-ਮੰਦੀਆਂ ਆਦਤਾਂ ਕਿਹੜੀਆਂ ਹਨ, ਬਾਰੇ ਬਰੀਕੀ ਨਾਲ ਜਾਣ ਲੈਣਾ ਚਾਹੀਦਾ ਹੈ। ਦੋਵੇਂ ਤਰ੍ਹਾਂ ਦੀਆਂ ਆਦਤਾਂ ਦੀਆਂ ਅਨੇਕਾਂ ਤਰ੍ਹਾਂ ਦੀਆਂ ਕਿਸਮਾਂ ਹਨ। ਇਨ੍ਹਾਂ ਬਾਰੇ ਪਤਾ ਹੋਣਾ ਲਾਜ਼ਮੀ ਹੈ। ਆਪਣੇ ਘਰ, ਸਮਾਜ ਅਤੇ ਦੇਸ਼ ਦੀ ਤਰੱਕੀ ਇਕ ਨਾਗਰਿਕ ਤਦ ਹੀ ਕਰ ਸਕਦਾ ਹੈ ਜੇ ਉਸ ਦੇ ਬਚਪਨ ਨੂੰ ਸਾਂਭ ਕੇ ਉਸ ਦੀ ਸ਼ਖ਼ਸੀਅਤ ਦੀ ਉਸਾਰੀ ਕੀਤੀ ਜਾਵੇ।



# CLASSIFIEDS & MATRIMONIALS



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

## CHANGE OF NAME

I, Amandeep Singh S/O Zora Singh holder of Indian passport No. M2359995, issued at Ludhiana, Punjab, India & Indian Address Village VPO: Kishan Garh Chhanna, Raikot, Distt: Ludhiana, Punjab, 141109, India, and presently residing at 7315, 143 Street, Surrey, B.C., V3W 5P1, Canada, do hereby change my name from Amandeep Singh to Amandeep Singh Sidhu, with immediate effect.

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ,ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

# ਪੰਜਾਬ ਦੇ ਮੁਲਾਜ਼ਮਾਂ 'ਚ ਬੇਚੈਨੀ ਕਿਉਂ?

ਲੇਖਕ : ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਪੰਜਾਬ ਸਰਕਾਰ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਲਈ ਲਗਾਤਾਰ ਸਾਲਾਂ ਤੋਂ ਸੰਘਰਸ਼ ਦੇ ਰਾਹ ਹਨ। ਜਦੋਂ ਵੀ ਕੋਈ ਚੋਣ, ਭਾਵੇਂ ਉਹ ਲੋਕ ਸਭਾ ਦੀ ਹੋਵੇ, ਵਿਧਾਨ ਸਭਾ ਦੀ ਹੋਵੇ ਜਾਂ ਕੋਈ ਜ਼ਿਮਨੀ ਚੋਣ, ਮੁਲਾਜ਼ਮ ਉਸ ਵੇਲੇ ਮੌਕੇ ਦੀ ਸਰਕਾਰ 'ਤੇ ਦਬਾਅ ਬਣਾਉਂਦੇ ਹਨ, ਆਪਣੀਆਂ ਮੰਗਾਂ ਹਾਕਮਾਂ ਅੱਗੇ ਵੀ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਅੱਗੇ ਵੀ ਰੱਖਦੇ ਹਨ ਤਾਂ ਕਿ ਉਨ੍ਹਾਂ ਦੀ ਸੁਣਵਾਈ ਹੋ ਸਕੇ। ਪਰ ਬਹੁਤੀ ਵੇਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ। ਪੰਜਾਬ ਦੇ ਹਜ਼ਾਰਾਂ ਮੁਲਾਜ਼ਮ ਅਸੰਤੁਸ਼ਟ ਹਨ। ਸਰਕਾਰ ਦੇ ਵਿਵਹਾਰ ਤੋਂ ਉਹ ਮਹਿਸੂਸ ਕਰਨ ਲੱਗ ਪਏ ਹਨ ਕਿ ਸਰਕਾਰ ਉਨ੍ਹਾਂ ਦੀ ਗੱਲ ਨਹੀਂ ਸੁਣਦੀ। ਉਨ੍ਹਾਂ ਦੀਆਂ ਮੰਗਾਂ ਸਿਰਫ਼ ਉਨ੍ਹਾਂ ਦੇ ਵੇਤਨ ਜਾਂ ਸਿਰਫ ਵੇਤਨ ਤਰੁੱਟੀਆਂ ਨਾਲ ਹੀ ਸਬੰਧਤ ਨਹੀਂ ਹਨ। ਉਨ੍ਹਾਂ ਦੀਆਂ ਮੰਗਾਂ, ਉਨ੍ਹਾਂ ਨੂੰ ਨੌਕਰੀ 'ਚ ਪੱਕੇ ਕਰਨ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ, ਅਧਿਆਪਕਾਂ ਜਾਂ ਹੋਰ ਮੁਲਾਜ਼ਮਾਂ ਤੋਂ ਲਏ ਜਾ ਰਹੇ ਵਾਧੂ ਕੰਮਾਂ ਨਾਲ ਵੀ ਸਬੰਧਤ ਰਹਿੰਦੀਆਂ ਹਨ ਅਤੇ ਇਸ ਗੱਲ ਨਾਲ ਵੀ ਕਿ ਸਰਕਾਰਾਂ ਉਨ੍ਹਾਂ ਦਾ ਸ਼ੋਸ਼ਣ ਕਰਦੀਆਂ ਹਨ, ਸਿਰਫ਼ ਲਾਰੇ-ਲੱਪੇ ਲਾ ਕੇ ਸਮਾਂ ਟਪਾਉਂਦੀਆਂ ਹਨ ਅਤੇ ਉਨ੍ਹਾਂ ਦੀਆਂ ਸਹੀ ਮੰਗਾਂ, ਜਿਨ੍ਹਾਂ ਉਤੇ ਕਈ ਵੇਰ ਕੋਈ ਪੈਸਾ ਵੀ ਨਹੀਂ ਲੱਗਣਾ ਹੁੰਦਾ, ਵੀ ਨਹੀਂ ਮੰਨਦੀਆਂ। ਸੂਬੇ ਪੰਜਾਬ 'ਚ ਅੰਤਾਂ ਦੀ ਬੇਰੁਜ਼ਗਾਰੀ ਹੈ। ਪੜ੍ਹੇ ਲਿਖੇ ਨੌਜਵਾਨ ਡਿਗਰੀਆਂ ਹੱਥ ਲਈ ਫਿਰਦੇ ਹਨ, ਸਰਕਾਰੀ ਦਫ਼ਤਰਾਂ, ਸਕੂਲਾਂ 'ਚ ਅਸਾਮੀਆਂ ਖਾਲੀ ਹਨ, ਪਰ ਉਨ੍ਹਾਂ ਨੂੰ ਨਿਯੁਕਤੀਆਂ ਨਹੀਂ ਮਿਲਦੀਆਂ। ਜੇਕਰ ਨਿਯੁਕਤੀਆਂ ਮਿਲਦੀਆਂ ਹਨ, ਉਹ ਸਿਰਫ ਸੈਂਕੜੇ ਨੌਜਵਾਨਾਂ ਨੂੰ। ਇਸ ਨਾਲ ਨੌਜਵਾਨਾਂ 'ਚ ਬੇਚੈਨੀ ਵਧਦੀ ਹੈ, ਉਹ ਵਿਦੇਸ਼ਾਂ ਵੱਲ ਭੱਜਦੇ ਹਨ। ਕੀ ਸਿਰਫ ਕੀਤੇ ਹੋਏ ਐਲਾਨ ਨੌਜਵਾਨਾਂ ਨੂੰ ਸੰਤੁਸ਼ਟ ਕਰਨ ਲਈ ਕਾਫੀ ਹਨ? ਮੌਜੂਦਾ ਹਾਕਮਾਂ ਵਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਤੇ ਪਹਿਲਾਂ ਐਮ.ਪੀ. ਚੋਣਾਂ ਵੇਲੇ ਵੀ ਸਰਕਾਰੀ ਮੁਲਾਜ਼ਮਾਂ ਨਾਲ ਵਾਅਦੇ ਕੀਤੇ ਗਏ, ਪਰ ਸਰਕਾਰ ਦਾ ਅੱਧਾ ਸਮਾਂ ਟੱਪਣ ਉਪਰੰਤ ਵੀ ਇਹ ਵਾਅਦੇ ਲਾਰਿਆਂ ਦਾ ਰੂਪ ਧਾਰਨ ਕਰਦੇ ਜਾਪਦੇ ਹਨ। ਇਨ੍ਹਾਂ ਵਿਚੋਂ ਜਿਹੜੇ ਵਾਇਦੇ ਪੂਰੇ ਕਰਨ ਲਈ ਕੁਝ ਦਿਨ ਹੀ ਮੰਗੇ ਗਏ ਸਨ, ਉਹ ਲੰਮੀਆਂ ਦਫ਼ਤਰੀ ਪੇਚੀਦਗੀਆਂ ਦੀ ਭੇਟ ਚੜ੍ਹਾ ਦਿੱਤੇ ਗਏ ਹਨ। ਇਸ ਕਰਕੇ ਮੁਲਾਜ਼ਮਾਂ 'ਚ ਰੋਹ ਹੈ। ਉਹ ਗੁੱਸੇ ਨਾਲ ਭਰੇ-ਪੀਤੇ ਹਨ। ਬਿਨਾਂ ਸ਼ੱਕ ਪੰਜਾਬ ਸਰਕਾਰ ਦੀ ਹਾਲਤ ਵਿੱਤ ਪੱਖੋਂ ਚੰਗੀ ਨਹੀਂ ਹੈ। ਇਸਦਾ ਖਾਮਿਆਜ਼ਾ ਪੰਜਾਬ ਦੇ ਮੁਲਾਜ਼ਮਾਂ ਨੂੰ ਵੱਧ ਭੁਗਤਣਾ ਪੈ ਰਿਹਾ ਹੈ। ਮਹਿੰਗਾਈ ਦਿਨੋਂ-ਦਿਨ ਵਧਦੀ ਹੈ, ਪਰ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਹੀਂ ਮਿਲ ਰਹੀਆਂ। ਇਹ ਮੁਲਾਜ਼ਮਾਂ ਦੇ ਪਰਿਵਾਰਾਂ ਲਈ ਆਰਥਿਕ ਤੰਗੀ ਦਾ ਕਾਰਨ ਬਣ ਰਿਹਾ ਹੈ। ਮੁਲਾਜ਼ਮ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਮੰਗ ਰਹੇ ਹਨ, ਇਸ ਵਿਚ ਗਲਤ ਕੀ ਹੈ? ਜਦੋਂ ਸਰਕਾਰ ਹੱਦ ਤੋਂ ਪਾਰ ਜਾ ਕੇ ਕਰਜ਼ੇ ਲੈ ਕੇ ਸਰਕਾਰ ਚਲਾ ਰਹੀ ਹੈ, ਫਜ਼ੂਲ ਖਰਚਿਆਂ ਸਮੇਤ ਵੱਡੇ ਇਸ਼ਤਿਹਾਰ ਛਪਵਾ ਕੇ ਉਸ ਵਲੋਂ ਵੱਡੀਆਂ ਰਕਮਾਂ ਖ਼ਰਚ ਕੀਤੀਆਂ ਜਾ ਰਹੀਆਂ ਹਨ ਤਾਂ ਸਰਕਾਰ ਚਲਾਉਣ ਵਾਲੀ ਮਹੱਤਵਪੂਰਨ ਮਸ਼ੀਨਰੀ (ਮੁਲਾਜ਼ਮਾਂ) ਨੂੰ ਮਹਿੰਗਾਈ ਭੱਤਾ ਕਿਉਂ ਨਹੀਂ ਦਿੱਤਾ ਜਾ ਰਿਹਾ? ਮੁਲਾਜ਼ਮ ਧਰਨੇ ਦਿੰਦੇ ਹਨ। ਮੁਲਾਜ਼ਮ ਹੜਤਾਲ ਕਰਦੇ ਹਨ। ਬਿਜਲੀ ਮੁਲਾਜ਼ਮ ਕੰਮ ਕਰਨ ਤੋਂ ਆਤੁਰ ਹੋ ਕੇ ਘਰੀਂ ਬੈਠ ਜਾਂਦੇ ਹਨ। ਸਰਕਾਰੀ ਕੰਮਕਾਰ ਠੱਪ ਹੁੰਦਾ ਹੈ। ਲੋਕ ਪ੍ਰੇਸ਼ਾਨ ਹੁੰਦੇ ਹਨ। ਲੋਕਾਂ ਨੂੰ ਪ੍ਰੇਸ਼ਾਨੀ ਵਿਚੋਂ ਕੱਢਣਾ ਅਤੇ ਮੁਲਾਜ਼ਮਾਂ ਦੀ ਗੱਲ ਸੁਣਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਜ਼ਿੰਮੇਵਾਰੀ ਤੋਂ ਸਰਕਾਰ ਟਾਲਾ ਕਿਵੇਂ ਵੱਟ ਸਕਦੀ ਹੈ? ਮੁਲਾਜ਼ਮ ਜਥੇਬੰਦੀਆਂ ਨਾਲ ਗੱਲਬਾਤ ਦਾ ਸਮਾਂ ਨੀਅਤ ਕੀਤਾ ਜਾਂਦਾ ਹੈ। ਮੰਗਾਂ ਮੰਨਣ ਦਾ ਬਚਨ ਦੇ ਦਿੱਤਾ ਜਾਂਦਾ ਹੈ, ਪਰ ਗੱਲ ਅੱਗੇ ਨਹੀਂ ਤੁਰਦੀ। ਕੀ ਇਹ ਕਿਸੇ ਵੀ ਲੋਕਤੰਤਰੀ ਪ੍ਰਣਾਲੀ ਵਿਚ ਜਾਇਜ਼ ਹੈ? ਸੈਂਕੜੇ ਕੇਸ, ਅਦਾਲਤਾਂ ਉੱਚ ਅਦਾਲਤਾਂ 'ਚ ਲੰਬਿਤ ਪਏ ਹਨ। ਅਦਾਲਤਾਂ 'ਚ ਸੁਣਵਾਈ ਹੁੰਦੀ ਹੈ। ਫ਼ੈਸਲੇ ਹੁੰਦੇ ਹਨ। ਪਰ ਉਹ ਫ਼ੈਸਲੇ ਲਾਗੂ ਕਰਨ ਲਈ ਵੀ ਦੇਰ ਕੀਤੀ ਜਾਂਦੀ ਹੈ। ਆਖ਼ਿਰ ਸਰਕਾਰ ਜਾਂ ਸਰਕਾਰੀ ਅਫ਼ਸਰਸ਼ਾਹੀ ਟਾਲਾ ਵੱਟ ਕੇ ਕੀ ਵਿਖਾਉਣਾ ਚਾਹੁੰਦੀ ਹੈ? ਇਹ ਗੱਲ ਚਿੱਟੇ ਦਿਨ ਵਾਂਗਰ ਸੱਚ ਹੈ ਕਿ ਜਦੋਂ ਕੋਈ ਸਿਆਸੀ ਪਾਰਟੀ, ਵਿਰੋਧੀ ਧਿਰ 'ਚ ਬੈਠੀ ਹੁੰਦੀ ਹੈ, ਉਹ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਦੇ ਹੱਕ 'ਚ ਵੱਡੇ ਬਿਆਨ ਦਿੰਦੀ ਹੈ, ਉਨ੍ਹਾਂ ਦੀਆਂ ਮੰਗਾਂ ਦਾ ਪੁਰਜ਼ੋਰ ਸਮਰਥਨ ਕਰਦੀ ਹੈ, "ਸਰਕਾਰ ਬਣਨ" 'ਤੇ ਕੁਝ ਦਿਨਾਂ 'ਚ ਮੰਗਾਂ ਮੰਨਣ ਦਾ ਐਲਾਨ ਕਰਦੀ ਹੈ। ਪਰ "ਸਰਕਾਰ", "ਵੱਡੀ ਸਰਕਾਰ" ਬਣਨ 'ਤੇ ਸਭ ਕੁਝ ਭੁੱਲ ਜਾਂਦੀ ਹੈ। ਕੀ ਇਹ ਨੈਤਿਕਤਾ ਦੇ ਵਿਰੁੱਧ ਨਹੀਂ? ਪੰਜਾਬ ਵਿਚ ਤਕਰੀਬਨ 2.85 ਲੱਖ ਸਰਕਾਰੀ ਕਰਮਚਾਰੀ, 70 ਹਜ਼ਾਰ ਠੇਕਾ ਕਰਮਚਾਰੀ ਅਤੇ 60 ਹਜ਼ਾਰ ਆਊਟਸੋਰਸ ਮੁਲਾਜ਼ਮ ਹਨ ਅਤੇ 3.07 ਲੱਖ ਪੈਨਸ਼ਨਰ ਹਨ। 'ਆਪ' ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਤੁਰੰਤ ਬਾਅਦ ਮੁਲਾਜ਼ਮਾਂ ਦੀਆਂ ਪ੍ਰਮੁੱਖ ਮੰਗਾਂ 'ਤੇ ਅਮਲ ਕੀਤਾ ਜਾਵੇਗਾ ਅਤੇ ਮੁਲਾਜ਼ਮਾਂ ਨਾਲ ਇਨਸਾਫ਼ ਕੀਤਾ ਜਾਵੇਗਾ। ਪਰ ਮੁਲਾਜ਼ਮ ਮਹਿਸੂਸ ਕਰਦੇ ਹਨ ਕਿ ਇਸ ਸਰਕਾਰ ਨੇ ਉਨ੍ਹਾਂ ਦੇ ਸਾਰੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ ਅਤੇ ਕੋਈ ਵੀ ਵਾਅਦਾ ਇਸ ਪਾਰਟੀ ਨੇ ਵਫ਼ਾ ਨਹੀਂ ਕੀਤਾ। ਮੁਲਾਜ਼ਮ ਕਿਸੇ ਵੀ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਪਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਸੁਹਿਰਦਤਾ ਨਾਲ ਸਰਕਾਰ ਨੇ ਕਦੇ ਵੀ ਨਹੀਂ ਵਿਚਾਰਿਆ। ਮੁਲਾਜ਼ਮਾਂ ਦੀਆਂ ਮੁੱਖ ਜਾਇਜ਼ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, 6ਵੇਂ ਤਨਖ਼ਾਹ ਕਮਿਸ਼ਨ ਵਿਚ ਸਮੂਹ ਮੁਲਾਜ਼ਮਾਂ ਨੂੰ 125% ਡੀ.ਏ.ਅਤੇ ਘੱਟੋ-ਘੱਟ 20% ਵਾਧੇ ਦੀ ਦਰ ਨਾਲ ਤਨਖਾਹ ਫ਼ਿਕਸ ਕਰ ਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਅਦਾਇਗੀ ਕਰਨਾ, ਡੀ.ਏ. ਅਤੇ ਤਨਖ਼ਾਹ ਕਮਿਸ਼ਨ ਦਾ ਬਕਾਇਆ ਏਰੀਅਰ ਤੁਰੰਤ ਜਾਰੀ ਕਰਨਾ, ਤਨਖਾਹ ਕਮਿਸ਼ਨ ਨੂੰ ਲੰਙੜੇ ਰੂਪ ਵਿਚ ਲਾਗੂ ਨਾ ਕਰਕੇ ਇੰਨਬਿੰਨ ਲਾਗੂ ਕਰਨਾ, ਜੁਲਾਈ 2021 ਤੋਂ 3% ਡੀ.ਏ. ਦੀ ਕਿਸ਼ਤ ਜਾਰੀ ਕਰਨਾ, ਪੈਨਸ਼ਨਰਜ਼ ਦੀ ਪੈਨਸ਼ਨ ਵਿਚ 125% ਡੀ.ਏ. ਅਤੇ 2.59 ਦੇ ਗੁਣਾਂਕ ਅੰਕ ਨਾ਼ਲ ਪੈਨਸ਼ਨ ਫ਼ਿਕਸ ਕਰ ਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਬਕਾਇਆ ਜਾਰੀ ਕਰਨਾ, ਆਊਟਸੋਰਸ ਅਤੇ ਠੇਕਾ ਪ੍ਰਣਾਲੀ ਬੰਦ ਕਰ ਕੇ ਕੇਵਲ ਰੈਗੂਲਰ ਭਰਤੀਆਂ ਕਰਨਾ, ਠੇਕਾ ਆਧਾਰਿਤ ਆਊਟਸੋਰਸ, ਕੰਪਿਊਟਰ ਫੈਕਲਟੀ, ਮਨਰੇਗਾ, ਡੇਲੀਵੇਜ, ਮਿਡ-ਡੇਮੀਲ,ਆਸ਼ਾ ਵਰਕਰ,ਆਂਗਣਵਾੜੀ ਵਰਕਰ ਆਦਿ ਨੂੰ ਉਨ੍ਹਾਂ ਦੇ ਵਿਭਾਗਾਂ ਵਿਚ ਰੈਗੂਲਰ ਕਰਨਾ, ਬੰਦ ਕੀਤੇ ਭੱਤੇ ਜਾਰੀ ਕਰਵਾਉਣਾ, 17-07- 2020 ਤੋਂ ਪੰਜਾਬ ਪੇਅ ਕਮਿਸ਼ਨ ਦੀ ਥਾਂ 'ਤੇ ਕੇਂਦਰੀ ਤਨਖਾਹ ਕਮਿਸ਼ਨ ਲਾਗੂ ਨਾ ਕਰਨਾ ਅਤੇ ਲੋੜੀਂਦੀ ਸੰਖਿਆ ਵਿਚ ਮੁਲਾਜ਼ਮਾਂ ਦੀ ਭਰਤੀ ਨਾ ਕਰਨਾ ਸ਼ਾਮਲ ਹਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁਲਾਜ਼ਮ ਵਰਗ ਨੂੰ "ਗਾਰੰਟੀਆਂ" ਦਿੱਤੀਆਂ ਗਈਆਂ ਸਨ ਕਿ ਸਾਰੇ ਕੱਚੇ ਮੁਲਾਜ਼ਮ ਪੱਕੇ ਹੋਣਗੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ, ਕੋਈ ਕੱਚਾ ਅਧਿਆਪਕ ਨਹੀਂ ਰਹਿਣ ਦਿੱਤਾ ਜਾਵੇਗਾ, ਖ਼ਾਲੀ ਅਸਾਮੀਆਂ ਭਰੀਆਂ ਜਾਣਗੀਆਂ, ਵਿਦੇਸ਼ਾਂ ਤੋਂ ਸਿਖਲਾਈ ਦੁਆਈ ਜਾਵੇਗੀ, ਸਮੇਂ ਸਿਰ ਪ੍ਰਮੋਸ਼ਨ ਮਿਲੇਗੀ, ਕੈਸ਼ਲੈੱਸ ਬੀਮਾ ਲਾਗੂ ਕੀਤੀ ਜਾਵੇਗੀ ਅਤੇ ਅਧਿਆਪਕਾਂ ਤੋਂ ਗ਼ੈਰ ਵਿੱਦਿਅਕ ਕੰਮ ਨਹੀਂ ਲਏ ਜਾਣਗੇ। ਮੁਲਾਜ਼ਮ ਇਲਜ਼ਾਮ ਲਾਉਂਦੇ ਹਨ ਕਿ ਡਰਾਇੰਗ ਰੂਮਾਂ ਵਿਚ ਚੋਣ ਮੈਨੀਫੈਸਟੋ ਨਾ ਬਣਾ ਕੇ ਲੋਕਾਂ ਵਿਚ ਜਾ ਕੇ ਚੋਣ ਮੈਨੀਫੈਸਟੋ ਬਣਾਉਣ ਦਾ ਦਿਖਾਵਾ ਕਰਨ ਵਾ਼ਲੀ ਆਮ ਆਦਮੀ ਪਾਰਟੀ ਵਾਲੀ ਸਰਕਾਰ ਹੁਣ ਆਮ ਲੋਕਾਂ ਦੀ ਨਬਜ਼ ਪਛਾਣਨ ਵਿਚ ਅਸਮਰੱਥ ਨਜ਼ਰ ਆ ਰਹੀ ਹੈ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌ਼ਲਿਆ ਅਤੇ ਅਣਦੇਖਿਆਂ ਕਰ ਰਹੀ ਹੈ। ਸਾਰਾ ਮੁਲਾਜ਼ਮ ਵਰਗ ਸਰਕਾਰ ਤੋਂ ਨਾਖ਼ੁਸ਼ ਹੈ। ਪੰਜਾਬ ਵਿਚ ਨਿਰੰਤਰ ਕਿਸੇ ਨਾ ਕਿਸੇ ਮੁਲਾਜ਼ਮ ਜਥੇਬੰਦੀ ਵੱਲੋਂ ਲਗਾਏ ਜਾ ਧਰਨੇ, ਕੀਤੇ ਜਾ ਰਹੇ ਮੁਜ਼ਾਹਰੇ, ਰੋਸ ਮਾਰਚ, ਭੁੱਖ ਹੜਤਾਲਾਂ ਅਤੇ ਮਰਨ ਵਰਤ ਇਸ ਸਰਕਾਰ ਦੇ ਖੋਖਲੇ ਦਾਅਵਿਆਂ ਤੋਂ ਜਾਣੂੰ ਕਰਵਾਉਂਦੇ ਹਨ। ਮੁਲਾਜ਼ਮ ਵਰਗ ਕੋ਼ਲੋਂ ਲੋਕਤੰਤਰੀ ਅਤੇ ਸ਼ਾਂਤਮਈ ਤਰੀਕੇ ਨਾ਼ਲ ਆਪਣਾ ਪੱਖ ਰੱਖਣ ਦਾ ਹੱਕ ਵੀ ਖੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੁੱਖ ਮੰਤਰੀ ਸਾਹਿਬ ਜਿਸ ਹਲਕੇ ਵਿਚ ਜਾਂਦੇ ਹਨ, ਉਸ ਹਲਕੇ ਦੇ 50-60 ਕਿਲੋਮੀਟਰ ਦੇ ਦਾਇਰੇ ਵਿਚ ਰਹਿਣ ਵਾ਼ਲੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੂੰ ਇੱਕ ਦਿਨ ਪਹਿਲਾਂ ਹੀ ਉਨ੍ਹਾਂ ਦੇ ਘਰਾਂ, ਸਕੂਲਾਂ ਅਤੇ ਥਾਣਿਆਂ ਵਿਚ ਨਜ਼ਰਬੰਦ ਕਰ ਕੇ ਲੋਕਤੰਤਰ ਦਾ ਘਾਣ ਕੀਤਾ ਜਾਂਦਾ ਹੈ। ਇਹ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਮੁਲਾਜ਼ਮ ਆਪਣੀ ਸਿਆਸੀ ਪਛਾਣ ਅਤੇ ਆਪਣਾ ਸਿਆਸੀ ਵਿਹਾਰ ਧਰਮ ਨਿਰਪੱਖ ਅਤੇ ਪੱਖਪਾਤ ਰਹਿਤ ਰੱਖਦੇ ਹਨ। ਜਦੋਂ ਵੀ ਸਰਕਾਰਾਂ ਵਲੋਂ ਉਨ੍ਹਾਂ ਦੀ ਗੱਲ ਸੁਣੀ ਨਹੀਂ ਜਾਂਦੀ, ਉਹ ਲੋਕਤੰਤਰੀ ਢੰਗ-ਤਰੀਕਿਆਂ ਨਾਲ ਆਪਣੀ ਗੱਲ ਸਰਕਾਰ ਦੇ ਕੰਨੀ ਪਹੁੰਚਾਉਣ ਦਾ ਯਤਨ ਕਰਦੇ ਹਨ। ਇਹ ਵਰਤਾਰਾ ਆਜ਼ਾਦੀ ਤੋਂ ਬਾਅਦ ਲਗਾਤਾਰ ਕਾਇਮ ਰਿਹਾ ਹੈ। ਮੁਲਾਜ਼ਮ ਵਰਗ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਵੱਡੀ ਪੱਧਰ 'ਤੇ ਸੰਘਰਸ਼ ਕੀਤੇ ਗਏ ਅਤੇ ਸਫਲਤਾ ਵੀ ਪ੍ਰਾਪਤ ਕੀਤੀ ਗਈ। ਇਹ ਵੀ ਸੱਚ ਹੈ ਕਿ ਇਹ ਮੁਲਾਜ਼ਮ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਢਾਈ ਸਾਲਾਂ ਦੇ ਮੌਜੂਦਾ ਸਰਕਾਰ ਦੇ ਸਫ਼ਰ ਦੌਰਾਨ, ਸਰਕਾਰ ਅਤੇ ਮੁਲਜ਼ਾਮਾਂ ਦੀਆਂ ਦੂਰੀਆਂ ਦਾ ਵਧਣਾ, ਔਝੜੇ ਰਾਹੀਂ ਪਏ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹੈ। ਆਰਥਿਕ ਤੌਰ 'ਤੇ ਪੰਜਾਬ ਲੜਖੜਾਇਆ ਹੋਇਆ ਹੈ। ਸਿਆਸੀ ਤੌਰ 'ਤੇ ਪੰਜਾਬ ਇੱਕ ਖਿਲਾਅ ਭੋਗ ਰਿਹਾ ਹੈ। ਕੇਂਦਰ ਨਾਲ ਪੰਜਾਬ ਦਾ ਇੱਟ-ਖੜਿੱਕਾ ਜਾਰੀ ਰਹਿੰਦਾ ਹੈ। ਕੇਂਦਰ ਵਲੋਂ ਗ੍ਰਾਂਟਾਂ ਆਨੇ-ਬਹਾਨੇ ਰੋਕੀਆਂ ਜਾ ਰਹੀਆਂ ਹਨ। ਇਸ ਤੋਂ ਵੀ ਉਪਰ ਪੰਜਾਬ ਦੀ ਵੱਡੀ ਅਫ਼ਸਰਸ਼ਾਹੀ ਉਤੇ ਇਲਜ਼ਾਮ ਲਗਦਾ ਹੈ ਕਿ ਉਹ ਸਰਕਾਰ ਨਾਲ ਇਕਸੁਰ ਨਹੀਂ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੇ ਮੁਲਾਜ਼ਮ ਪੰਜਾਬ ਦੇ ਵਿਕਾਸ, ਚੰਗੇਰੇ ਪੰਜਾਬ ਦੀ ਉਸਾਰੀ ਲਈ ਪੰਜਾਬ ਹਿਤੈਸ਼ੀ ਰੋਲ ਨਿਭਾਉਂਦੇ ਦਿਸਦੇ ਹਨ। ਤਾਂ ਫਿਰ ਉਨ੍ਹਾਂ ਨੂੰ ਬਿਨਾਂ ਵਜਾਹ ਪ੍ਰੇਸ਼ਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨਿਆ ਜਾ ਸਕਦਾ। ਇਹੋ ਜਿਹੇ ਹਾਲਾਤ ਵਿਚ ਮੁਲਾਜ਼ਮਾਂ ਜੋ ਸਰਕਾਰ ਦੀ ਰੀੜ ਦੀ ਹੱਡੀ ਹਨ, ਉਨ੍ਹਾਂ ਨਾਲ ਸਰਕਾਰ ਨੂੰ ਇਕਸੁਰ ਹੋ ਕੇ ਕੰਮ ਕਰਨ ਦੀ ਲੋੜ ਹੈ। ਅਤੇ ਸਰਕਾਰ ਨੂੰ ਮੁਲਾਜ਼ਮਾਂ ਦੇ ਮੁੱਦਿਆਂ ਉਤੇ ਗੰਭੀਰਤਾ ਨਾਲ ਵਿਚਾਰ ਕਰ ਕੇ, ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਵੱਲ ਤੁਰਨਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦਾ ਸਰਕਾਰ ਅਤੇ ਮੁਲਾਜ਼ਮਾਂ ਵਿਚ ਟਕਰਾਅ ਲੋਕ ਹਿੱਤ ਵਿਚ ਨਹੀਂ ਹੈ।

# ਅਨੰਦ ਕਾਰਜ

ਅਨੰਦ ਕਾਰਜ : ਦਾ ਸ਼ਾਬਦਿਕ ਅਰਥ ਹੈ ਖੁਸ਼ੀ ਮਨਾਉਣ ਦਾ ਮੌਕਾ ਜੋ ਸਿੱਖ ਵਿਆਹ ਨੂੰ ਦਿੱਤਾ ਗਿਆ ਨਾਂ ਹੈ। ਸਿੱਖਾਂ ਲਈ ਵਿਆਹੇ ਹੋਣਾ ਇਕ ਕਸਵੱਟੀ ਅਤੇ ਆਦਰਸ਼ ਹੈ। ਇਸ ਰਾਹੀਂ ਉਹਨਾਂ ਦੇ ਵਿਸ਼ਵਾਸ਼ ਅਨੁਸਾਰ ਪਰਮਾਤਮਾ ਦੀ ਇੱਛਾ ਪੂਰੀ ਕਰਨ ਅਤੇ ਮਨੁੱਖਤਾ ਦੀ ਭਲਾਈ ਕਰਨ ਦੇ ਸਭ ਤੋਂ ਵਧੀਆ ਮੌਕੇ ਪ੍ਰਾਪਤ ਹੁੰਦੇ ਹਨ ਅਤੇ ਇਸ ਰਾਹੀਂ ਵਿਅਕਤੀ ਨੂੰ ਪੂਰਨਤਾ ਅਤੇ ਅਨੰਦ ਪ੍ਰਾਪਤ ਕਰਨ ਦੇ ਸਭ ਤੋਂ ਵਧੀਆ ਅਵਸਰ ਮਿਲਦੇ ਹਨ। ਸਿੱਖ ਧਰਮ ਭਿਕਸ਼ੂ ਜੀਵਨ , ਬ੍ਰਹਮਚਾਰੀ ਜੀਵਨ, ਤਿਆਗੀ ਜਾਂ ਸੰਨਿਆਸੀ ਜੀਵਨ ਦਾ ਖੰਡਨ ਕਰਦਾ ਹੈ। ਪੱਛਮ ਦੇ ਵਿਪਰੀਤ ਸਿੱਖਾਂ ਵਿਚ ਜ਼ਿਆਦਾਤਰ ਵਿਆਹ, ਜਿਵੇਂ ਕਿ ਸਾਰੇ ਭਾਰਤ ਵਿਚ ਵੀ ਹੈ ਮਾਤਾ ਪਿਤਾ ਰਾਹੀਂ ਕਰਵਾਏ ਜਾਂਦੇ ਹਨ। ਮਾਤਾ ਪਿਤਾ ਦਾ ਇਹ ਫ਼ਰਜ਼ ਸਮਝਿਆ ਜਾਂਦਾ ਹੈ ਕਿ ਉਹ ਆਪਣੇ ਬੱਚਿਆਂ ਦੇ ਵਿਆਹ ਦਾ ਪ੍ਰਬੰਧ ਕਰਨ ਅਤੇ ਉਸ ਵਿਚ ਆਪਣੇ ਵਲੋਂ ਯੋਗਦਾਨ ਪਾਉਣ। ਸਿੱਖ ਰਹਿਤ ਮਰਯਾਦਾ ਉਤੇ ਅਠਾਰਵੀਂ ਸਦੀ ਦੀ ਇੱਕ ਰਚਨਾ ਪ੍ਰੇਮ ਸੁਮਾਰਗ ਵਿਚ ਲਿਖਿਆ ਹੈ :

ਪ੍ਰਥਮੈ ਕੰਨਿਆ ਜਬ ਵਰ-ਜੋਗ ਪ੍ਰਾਪਤਿ ਹੋਇ,ਤਬ ਮਾਤਾ ਪਿਤਾ ਕਉ ਚਾਹੀਐ, ਜੁ ਸੰਜੋਗ ਕਰਨੇ ਕਾ ਉੱਦਮ ਕਰਨ। ਅਰੁ ਛੋਟੀ ਬਾਲਕੀ ਕਾ ਸੰਜੋਗ ਕਰਨਾ ਕਲੂ ਕਾਲ ਮੈ ਭਲਾ ਹੈ। ਅਰੁ ਸੰਜੋਗ ਤਬ ਕੈਸੇ ਕੁਲ ਬਿਖੈ ਕਰੇ ? ਜਿਥੇ ਸਿੱਖੀ ਅਕਾਲ ਪੁਰਖ ਦੀ ਹੋਇ। ਖਾਲਸਾ ਗਰੀਬ ਕ੍ਰਿਤੀ ਹੋਵੈ॥ ਤਹਾਂ ਸੰਜੋਗ ਬਿਨਾ ਪੁਛੇ ਕਰੈ। ਉਸਕੀ ਸ਼੍ਰੀਅਕਾਲ ਪੁਰਖ ਨਾਲ ਬਨਿ ਆਵੈ॥ ਮਾਇਆ ਧਨ ਦੇਖੈ ਨਾਹੀ॥ ਗੁਰੂ ਨਿਰੰਕਾਰ ਦੀ ਆਸ ਭਰੋਸੇ ਉਪਰਿ ਦੇਵੈ ; ਸੰਜੋਗ ਕਰੇ।ਗੁਰੂ ਭਾਵੇ ਤਾਂ ਬੇਟੀ ਬਹੁਤ ਸੁਖੀ ਹੋਇ ਅਤੇ ਮਾਤਾ ਪਿਤਾ ਕਉ ਖੁਸ਼ੀ ਦੇਵੈ॥1॥ ਜੋ ਕਿਛੁ ਸਰੰਜਾਮ ਸੰਜੋਗ ਕਾ ਕਰੇ ; ਸੋ ਜਥਾ ਸਕਤਿ ਕਰੇ। ਅਰੁ ਏਹੀ ਜੁਗਤਿ ਕਰੇ। ਸੰਸਾਰੀ ਹੰਕਾਰੀ ਕੀ ਰਉਂਸ ਨਾ ਕਰੇ॥ ਅਉਰ ਯੇਹੀ ਜੁਗਤਿ ਬੇਟੇ ਵਾਲਾ ਕਰੇ। ਬੇਮਤਲਬ ਜੋ ਮਾਇਆ ਵਲਿ ਆਸ ਨ ਕਰਿ ਬੈਠੇ ; ਗੁਰਮੁਖਿ ਹੋਵੈ ; ਤਿਸਨੋ ਸੰਜੋਗ ਬਿਧਿ ਕਰਨੇ ਕੀ ਨਿਮਿਤ, ਸੰਜੋਗ ਬਿਖੈ ਬੈਠਾਈਐ। ਉਸ ਪਾਸ ਤੇ ਸੰਜੋਗ ਬਿਧਿ ਕਰਾਈਐ॥7॥

ਇਸੇ ਤਰ੍ਹਾਂ ਸਿੱਖ ਰਹਿਤ ਮਰਯਾਦਾ ਬਾਰੇ ਸਿੱਖਾਂ ਦੀ ਚੁਣੀ ਹੋਈ ਪ੍ਰਤੀਨਿਧ ਸਭਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਇਕ ਪੁਸਤਕ (ਨੇਮਾਵਲੀ) ਸਿੱਖ ਰਹਿਤ ਮਰਯਾਦਾ, ਸਿੱਖ ਵਿਵਹਾਰ ਅਤੇ ਰੀਤੀ ਰਿਵਾਜਾਂ ਉੱਤੇ ਚਾਨਣਾ ਪਾਉਂਦੀ ਹੈ ਜਿਸ ਵਿਚ ਬਿਨਾਂ ਜਾਤ ਪਾਤ ਦੇ ਵਿਚਾਰ ਦੇ ਸਿੱਖ ਲੜਕੀ ਦੇ ਸਿੱਖ ਲੜਕੇ ਨਾਲ ਹੀ ਵਿਆਹ ਦੀ ਗੱਲ ਕਹੀ ਗਈ ਹੈ। ਇਸ ਅਨੁਸਾਰ ਬੱਚੇ ਦੇ ਵਿਆਹ ਉਤੇ ਪਾਬੰਦੀ ਹੈ, ਵਿਧਵਾ ਵਿਆਹ ਦੀ ਪਰਵਾਨਗੀ ਹੈ ਅਤੇ ਇਹ ਆਦੇਸ਼ ਹੈ ਕਿ ਸਿੱਖ੍ ਵਿਆਹ, ਅਨੰਦ ਵਿਆਹ ਦੀਆਂ ਰਸਮਾਂ ਅਧੀਨ ਹੀ ਹੋਣਾ ਚਾਹੀਦਾ ਹੈ।ਅਨੰਦ ਵਿਆਹ ਐਕਟ 1909 ਇਸ ਨੂੰ ਕਾਨੂੰਨੀ ਪਰਵਾਨਗੀ ਦਿੰਦਾ ਹੈ ਅਤੇ ਇਸ ਰੀਤੀ ਨਾਲ ਕੀਤੇ ਹੋਏ ਵਿਆਹ ਨੂੰ ਉਚਿਤ ਠਹਿਰਾਉਂਦਾ ਹੈ। ਸੈਕਸ਼ਨ 2, ਐਕਟ ਦਾ ਕਾਰਜਸ਼ੀਲ ਹਿੱਸਾ , ਇਸ ਤਰ੍ਹਾਂ ਹੈ:

ਸਾਰੇ ਵਿਆਹ ਜੋ ਹੋਏ ਹਨ ਜਾਂ ਸਿੱਖ ਵਿਆਹ (ਅਨੰਦ) ਰੀਤੀਆਂ ਅਨੁਸਾਰ ਹੋ ਚੁੱਕੇ ਹਨ ਵਿਆਹ ਦੀ ਮਿਤੀ ਤੋਂ ਹੀ ਕ੍ਰਮਵਾਰ ਕਾਨੂੰਨ ਅਨੁਸਾਰ ਠੀਕ ਅਤੇ ਉਚਿਤ ਮੰਨੇ ਜਾਣਗੇ।

'ਅਨੰਦੱ ਵਿਆਹ ਦਾ ਇਤਿਹਾਸ ਗੁਰੂ ਅਮਰਦਾਸ ਜੀ (1479-1574) ਦੇ ਸਮੇਂ ਤੋਂ ਸ਼ੁਰੂ ਹੁੰਦਾ ਹੈ ਜਿਨ੍ਹਾਂ ਨੇ ਰਾਮਕਲੀ ਰਾਗ ਵਿਚ 40 ਪਉੜੀਆਂ ਦੀ ਇਕ ਲੰਮੀ ਬਾਣੀ ਅਨੰਦ ਦੀ ਰਚਨਾ ਕੀਤੀ ਜਿਸਦਾ ਸਾਰੇ ਧਾਰਮਿਕ ਮਹੱਤਤਾ ਵਾਲੇ ਅਵਸਰਾਂ ਉੱਤੇ ਗਾਇਨ ਅਤੇ ਪਾਠ ਕਰਨਾ ਯੋਗ ਮੰਨਿਆ ਗਿਆ ਹੈ। ਉਹਨਾਂ ਦੇ ਉਤਰਧਿਕਾਰੀ, ਗੁਰੂ ਰਾਮਦਾਸ ਜੀ ਨੇ ਚਾਰ ਪਦਿਆਂ ਦੇ ਸ਼ਬਦ 'ਲਾਵੱਾਂ ਦੀ ਰਚਨਾ ਕੀਤੀ ਜਿਸ ਦਾ ਵਿਆਹ ਸਮੇਂ ਪਾਠ ਅਤੇ ਕੀਰਤਨ ਕੀਤਾ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਉਤਰਾਧਿਕਾਰੀਆਂ ਦੇ ਸਮੇਂ ਦਰਬਾਰ ਵਿਚ ਅਤੇ ਸਮਾਜ ਵਿਚ ਬ੍ਰਾਹਮਣੀ ਪ੍ਰਭਾਵ ਦੀ ਮੁੜ ਸੁਰਜੀਤੀ ਕਾਰਨ ਇਹ ਰੀਤੀ ਵਰਤੋਂ ਵਿਚ ਆਉਣੀ ਲਗਭਗ ਬੰਦ ਹੋ ਗਈ ਸੀ। 19ਵੀਂ ਸਦੀ ਦੇ ਅੱਧ ਵਿਚ ਨਿਰੰਕਾਰੀ ਸੁਧਾਰ ਲਹਿਰ ਨੇ ਅਨੰਦ ਰੀਤੀ ਰਿਵਾਜ ਦੀ ਕ੍ਰਿਆ ਨੂੰ ਆਪਣੇ ਪ੍ਰੋਗਰਾਮਾਂ ਦੀ ਜ਼ਰੂਰੀ ਮੱਦ ਬਣਾਇਆ ਜਿਸ ਨੇ ਪਿੱਛੋਂ ਜਾ ਕੇ ਸਿੰਘ ਸਭਾ ਨੂੰ ਬਹੁਤ ਪ੍ਰਭਾਵਿਤ ਕੀਤਾ। ਪਰੰਤੂ ਆਰੀਆ ਸਮਾਜੀਆਂ ਅਤੇ ਬ੍ਰਾਹਮਣੀ ਪੁਜਾਰੀ ਸ਼੍ਰੇਣੀ ਵਲੋਂ ਇਸਦਾ ਵਿਰੋਧ ਕੀਤਾ ਜਾਂਦਾ ਸੀ, ਕਿਉਂਕਿ ਆਰੀਆ ਸਮਾਜੀ ਇਹ ਸਿੱਧ ਕਰਨ ਦੇ ਇੱਛੁਕ ਸਨ ਕਿ ਸਿੱਖ ਹਿੰਦੂਆਂ ਦੀ ਇਕ ਸੰਪਰਦਾਇ ਹਨ ਅਤੇ ਇਸ ਲਈ ਹਿੰਦੂ ਕਾਨੂੰਨ ਦੇ ਅਧੀਨ ਹਨ ਅਤੇ ਬ੍ਰਾਹਮਣ ਪੁਜ਼ਾਰੀ ਸ਼੍ਰੇਣੀ ਨੂੰ ਇਹ ਡਰ ਸੀ ਕਿ ਉਨ੍ਹਾਂ ਦੀ ਗਾਹਕੀ ਅਤੇ ਆਮਦਨੀ ਘਟ ਜਾਵੇਗੀ। 1909 ਵਿਚ ਅਨੰਦ ਵਿਆਹ ਐਕਟ ਦੇ ਪਾਸ ਹੋਣ ਨਾਲ ਸਿੱਖ ਵਿਆਹ ਦੀ ਰੀਤੀ ਨੂੰ ਦਰਅਸਲ ਪਰਵਾਨਗੀ ਮਿਲ ਗਈ। ਹੁਣ ਸਿੱਖ ਹਰ ਥਾਂ ਇਸ ਅਨੁਸਾਰ ਹੀ ਵਿਆਹ ਸ਼ਾਦੀਆਂ ਕਰਦੇ ਹਨ।

ਸਿੱਖ ਰਹਿਤ ਮਰਯਾਦਾ ਅਨੁਸਾਰ, ਵਿਆਹ ਤੋਂ ਪਹਿਲਾਂ ਮੰਗਣੀ ਦੀ ਰਸਮ ਕੋਈ ਬਹੁਤੀ ਜ਼ਰੂਰੀ ਨਹੀਂ ਹੈ ਪਰੰਤੂ ਜੇਕਰ ਦੋਵੇ ਧਿਰਾਂ ਇਸ ਤਰਾਂ ਚਾਹੁੰਣ ਤਾਂ ਆਮ ਤੌਰ ਤੇ ਲੜਕੇ ਦੇ ਘਰ ਮੰਗਣੀ ਦੀ ਰਸਮ ਹੁੰਦੀ ਹੈ ਜਿਥੇ ਲੜਕੀ ਦੇ ਕੁਝ ਨੇੜੇ ਦੇ ਰਿਸ਼ਤੇਦਾਰ ਤੋਹਫੇ , ਮਿਠਾਈਆਂ ਅਤੇ ਫਲ ਲੈ ਕੇ ਜਾਂਦੇ ਹਨ।ਇਨ੍ਹਾਂ ਤੋਹਫਿਆਂ ਵਿਚ ਹੋਣ ਵਾਲੇ ਲਾੜੇ ਲਈ ਇਕ ਅੰਗੂਠੀ , ਜਾਂ ਕੜਾ ਅਤੇ ਕਿਰਪਾਨ ਆਦਿ ਸ਼ਾਮਲ ਹੁੰਦੇ ਹਨ। ਇਹ ਉਸਨੂੰ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਸੰਗਤ ਰੂਪ ਵਿਚ ਇੱਕਠੇ ਹੋਏ ਸੰਬੰਧੀਆਂ, ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਹਾਜ਼ਰੀ ਵਿਚ ਦਿੱਤੇ ਜਾਂਦੇ ਹਨ। ਖਾਣ ਲਈ ਛੁਹਾਰਾ ਦਿੱਤਾ ਜਾਂਦਾ ਹੈ ਜਿਸ ਨੂੰ ਲੜਕਾ ਥੋੜਾ ਜਿਹਾ ਖਾਂਦਾ ਹੈ ਜਿਸ ਦਾ ਭਾਵ ਹੈ ਕਿ ਲੜਕੇ ਨੂੰ ਇਹ ਰਿਸ਼ਤਾ ਅਤੇ ਤੋਹਫੇ ਪਰਵਾਨ ਹਨ। ਇਹ ਰਸਮ ਸਿਰਵਾਰਨਾ (ਲੜਕੇ ਦੇ ਸਿਰ ਤੋਂ ਪੈਸੇ ਵਾਰ ਕੇ ਦਾਨ ਦੇਣਾ) ਅਤੇ ਅਰਦਾਸ ਨਾਲ ਖਤਮ ਹੁੰਦੀ ਹੈ।

ਵਿਆਹ ਦੀ ਅਸਲੀ ਰਸਮ ਲੜਕੀ ਦੇ ਘਰ ਹੁੰਦੀ ਹੈ।ਦੋਹਾਂ ਧਿਰਾਂ ਦੀ ਸਲਾਹ ਨਾਲ ਵਿਆਹ ਦੀ ਮਿਤੀ ਨਿਸ਼ਚਿਤ ਕਰ ਲਈ ਜਾਂਦੀ ਹੈ। ਸਿੱਖ ਧਰਮ ਵਿਚ ਜੋਤਿਸ਼ ਸੰਬੰਧੀ ਜਾਂ ਜਨਮਕੁੰਡਲੀ ਸੰਬੰਧੀ ਵਿਚਾਰਾਂ ਦੀ ਪਰਵਾਨਗੀ ਨਹੀਂ ਹੈ। ਆਪਸ ਵਿਚ ਮਿਲ ਕੇ ਹੀ ਬਰਾਤ ਦੀ ਗਿਣਤੀ, ਪਹੁੰਚਣ ਦਾ ਸਮਾਂ , ਵਿਦਾਇਗੀ ਦਾ ਸਮਾਂ ਅਤੇ ਠਹਿਰਨ ਦਾ ਸਮਾਂ ਮਿਥ ਲਏ ਜਾਂਦੇ ਹਨ ਤਾਂ ਕਿ ਲੜਕੀ ਦੇ ਮਾਪੇ ਯੋਗ ਪ੍ਰਬੰਧ ਕਰ ਸਕਣ ।ਵਿਆਹ ਲਈ ਤੁਰਨ ਤੋਂ ਪਹਿਲਾਂ ਲਾੜਾ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਅਤੇ ਅਰਦਾਸ ਕਰਨ ਲਈ ਗੁਰਦੁਆਰੇ ਜਾਂਦਾ ਹੈ। ਲੜਕੀ ਦੇ ਮਾਪਿਆਂ ਦੇ ਘਰ ਪਹੁੰਚਣ ਤੇ ਜੰਞ ਦਾ



ਲੜਕੀ ਦੇ ਮਾਪਿਆਂ, ਸਾਕਾਂ ਸੰਬੰਧੀਆਂ ਅਤੇ ਬਾਹਰੋਂ ਆਏ ਦੋਸਤਾਂ ਮਿੱਤਰਾਂ ਦੁਆਰਾ ਮਿਲਣੀ ਦੇ ਸ਼ਬਦ ਗਾਇਨ ਕਰਕੇ ਸੁਆਗਤ ਕੀਤਾ ਜਾਂਦਾ ਹੈ ਅਤੇ ਅਰਦਾਸ ਕਰਨ ਉਪਰੰਤ ਦੋਵਾਂ ਪਰਵਾਰਾਂ ਦੀ ਮਿਲਣੀ ਹੁੰਦੀ ਹੈ ਜਿਹੜੀ ਆਮ ਤੌਰ ਤੇ ਲੜਕੇ ਅਤੇ ਲੜਕੀ ਦੇ ਪਿਤਾ ਅਤੇ ਮਾਮਿਆਂ ਵਲੋਂ ਕੀਤੀ ਜਾਂਦੀ ਹੈ। ਫਿਰ ਬਰਾਤ ਨੂੰ ਕੁਝ ਖਾਣ ਪੀਣ ਖਾਤਰ ਅੰਦਰ ਲਿਜਾਇਆ ਜਾਂਦਾ ਹੈ। ਇਸ ਉਪਰੰਤ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਨੰਦ ਕਾਰਜ ਹੁੰਦਾ ਹੈ। ਇਹ ਸਾਰੀ ਰਸਮ, ਇਹ ਸਾਰਾ ਧਾਰਮਿਕ ਕਾਰਜ , ਜਦੋਂ ਮਹਿਮਾਨ ਤੇ ਮੇਜ਼ਬਾਨ ਸੰਗਤ ਰੂਪ ਵਿਚ ਬੈਠਦੇ ਹਨ ਤਾਂ ਕੀਰਤਨ ਨਾਲ ਅਰੰਭ ਹੁੰਦਾ ਹੈ। ਵਿਆਹਿਆ ਜਾਣ ਵਾਲਾ ਜੋੜਾ ਗੁਰੂ ਗ੍ਰੰਥ ਸਾਹਿਬ ਵਲ ਮੂੰਹ ਕਰਕੇ ਬੈਠਦਾ ਹੈ; ਲਾੜੀ ਲਾੜੇ ਦੇ ਖੱਬੇ ਪਾਸੇ ਬੈਠਦੀ ਹੈ। ਇਸ ਰਸਮ ਨੂੰ ਸੰਪੂਰਨ ਕਰਨ ਲਈ ਚੁਣਿਆ ਹੋਇਆ ਕੋਈ ਵੀ ਸਿੱਖ ਗ੍ਰੰਥੀ ਦੇ ਤੌਰ ਤੇ ਕੰਮ ਕਰਦਾ ਹੈ। ਲਾੜੇ ਅਤੇ ਲਾੜੀ ਲਈ ਅਸ਼ੀਰਵਾਦ ਲੈਣ ਲਈ ਉਹ ਛੋਟੀ ਅਰਦਾਸ ਕਰਦਾ ਹੈ। ਉਹਨਾਂ ਦੇ ਆਪਣੇ ਆਪਣੇ ਮਾਪੇ ਅਰਦਾਸ ਲਈ ਖੜੇ ਹੁੰਦੇ ਹਨ ਜਦੋਂ ਕਿ ਬਾਕੀ ਸੰਗਤ ਬੈਠੀ ਰਹਿੰਦੀ ਹੈ। ਫਿਰ ਰਾਗੀ ਗੁਰੂ ਗ੍ਰੰਥ ਸਾਹਿਬ ਤੋਂ ਇਕ ਛੋਟਾ ਜਿਹਾ ਸ਼ਬਦ ਪੜ੍ਹਦੇ ਹਨ। ਇਹ ਸ਼ਬਦ ਇਸ ਤਰਾਂ ਹੈ :

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥
ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥
ਭੈ ਭੰਜਨ ਮਿਹਰਵਾਨੁ ਦਾਸ ਕੀ ਰਾਖੀਐ॥
ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ॥

ਇਸ ਪਿੱਛੋਂ ਕੋਈ ਹੋਰ ਪ੍ਰਤਿਸ਼ਠਿਤ ਵਿਦਵਾਨ, ਆਗੂ ਜਾਂ ਗ੍ਰੰਥੀ ਸਿੰਘ ਜੋੜੇ ਨੂੰ ਸੰਬੋਧਨ ਕਰਕੇ ਸਿੱਖ ਵਿਆਹ ਅਤੇ ਇਕ ਦੂਜੇ ਨਾਲ ਆਪਣੇ ਪਰਵਾਰਾਂ, ਕੌਮ ਅਤੇ ਸਮਾਜ ਵਲ ਪਤੀ ਪਤਨੀ ਦੇ ਫ਼ਰਜ਼ਾਂ ਅਤੇ ਜਿੰਮੇਵਾਰੀਆਂ ਬਾਰੇ ਸਿੱਖਿਆ ਦਿੰਦਾ ਹੈ। ਉਹ ਜੋੜੇ ਨੂੰ ਸਿੱਖ ਧਰਮ ਵਿਚ ਵਿਆਹ ਦਾ ਮਹੱਤਵ ਦਸਦਾ ਹੈ ਕਿ ਕੇਵਲ ਇਕ ਸਿਵਲ ਜਾਂ ਸਮਾਜਿਕ ਸੰਬੰਧ ਹੀ ਨਹੀਂ ਹੈ ਸਗੋਂ ਇਹ ਦੋ ਆਤਮਾਵਾਂ ਦਾ ਸੁਮੇਲ ਹੈ ਅਤੇ ਇਹ ਆਪਸੀ ਪ੍ਰੇਮ ਅਤੇ ਵਫ਼ਾਦਾਰੀ, ਆਪਸੀ ਸਹਿਮਤੀ ਅਤੇ ਸਮਝਦਾਰੀ ਤੇ ਨਿਰਭਰ ਕਰਦਾ ਹੈ। ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦੀ ਇਹ ਤੁਕ ਅਕਸਰ ਉਚਾਰਨ ਕੀਤੀ ਜਾਂਦੀ ਹੈ: ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ(ਗੁ.ਗ੍ਰੰ. 788)॥ ਸਿੱਖਿਆ ਤੋਂ ਪਿੱਛੋਂ ਪਿਤਾ ਲੜਕੀ ਦਾ ਪੱਲਾ ਜੋ ਆਮ ਤੌਰ ਤੇ ਕੇਸਰੀ ਜਾਂ ਗੁਲਾਬੀ ਰੰਗ ਦਾ ਹੁੰਦਾ ਹੈ ਲਾੜੇ ਦੇ ਹੱਥ ਫੜਾ ਕੇ ਫਿਰ ਇਸ ਪੱਲੇ ਨੂੰ ਲਾੜੇ ਦੇ ਮੋਢੇ ਉਤੋਂ ਦੀ ਲਾੜੀ ਦੇ ਹੱਥ ਫੜਾ ਦਿੰਦਾ ਹੈ, ਜਿਸ ਦਾ ਭਾਵ ਹੈ ਕਿ ਉਸਨੇ ਲੜਕੀ ਦੀ ਸੁਰੱਖਿਆ ਉਸਨੂੰ (ਲਾੜੇ ਨੂੰ) ਦੇ ਦਿੱਤੀ ਹੈ। ਰਾਗੀ ਇਕ ਛੋਟਾ ਜਿਹਾ ਸ਼ਬਦ ਗਾਇਨ ਕਰਦੇ ਹਨ:

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਛੁ ਤਿਆਗੀ॥

ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥1॥ (ਗੁ. ਗ੍ਰੰ. 963)

ਗੁਰੂ ਗ੍ਰੰਥ ਸਾਹਿਬ ਦੇ 773 ਪੰਨੇ ਤੋਂ ਚਾਰ ਲਾਵਾਂ ਵਿਚੋਂ ਪਹਿਲੀ 'ਲਾਵੱ ਦਾ ਹੁਣ ਪਾਠ ਕੀਤਾ ਜਾਂਦਾ ਹੈ। ਇਸ ਉਪਰੰਤ ਉਸੇ ਲਾਵ ਦਾ ਰਾਗੀ ਕੀਰਤਨ ਕਰਦੇ ਹਨ ਅਤੇ ਜੋੜਾ ਪਹਿਲਾਂ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਦੇ ਸ਼ਰਧਾ ਪੂਰਬਕ ਗੁਰੂ ਗ੍ਰੰਥ ਸਾਹਿਬ ਨੂੰ ਸੱਜੇ ਪਾਸੇ ਰਖਦੇ ਹੋਏ ਪਰਕਰਮਾਂ ਕਰਦਾ ਹੈ। ਲਾੜਾ ਅੱਗੇ ਅਤੇ ਲਾੜੀ ਪਿੱਛੇ ਪਿੱਛੇ ਚਲਦੀ ਹੈ ਅਤੇ ਦੋਵੇਂ ਪੱਲੇ ਦੇ ਸਿਰਿਆਂ ਨੂੰ ਫੜੀ ਰੱਖਦੇ ਹਨ। ਪਹਿਲੀ ਪਰਕਰਮਾ ਕਰਨ ਉਪਰੰਤ ਜੋੜੀ ਬੈਠਣ ਤੋਂ ਪਹਿਲਾਂ ਫਿਰ ਮਥਾ ਟੇਕਦੀ ਹੈ। ਬਾਕੀ ਬਚੀਆਂ ਤਿੰਨ ਲਾਵਾਂ ਲਈ ਵੀ ਇਹੀ ਵਿਧੀ ਅਪਨਾਈ ਜਾਂਦੀ ਹੈ। ਸਮਾਪਤੀ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਅਤੇ ਅਖੀਰਲੀ ਪਉੜੀ ਪੜ੍ਹ ਕੇ ਕੀਤੀ ਜਾਂਦੀ ਹੈ ਅਤੇ ਫਿਰ ਅਰਦਾਸ ਹੁੰਦੀ ਹੈ ਜਿਸ ਵਿਚ ਸਾਰੀ ਸੰਗਤ ਸ਼ਾਮਲ ਹੁੰਦੀ ਹੈ। ਇਸ ਮਗਰੋਂ ਸਾਰੀ ਸੰਗਤ ਗੁਰੂ ਗ੍ਰੰਥ ਸਾਹਿਬ ਦਾ ਵਾਕ ਜਾਂ ਹੁਕਮ ਸੁਣਦੀ ਹੈ ਅਤੇ ਕੜਾਹ ਪ੍ਰਸਾਦਿ ਵਰਤਾਇਆ ਜਾਂਦਾ ਹੈ।

1. ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥
ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥1॥

2. ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮ ਹਦੂਰੇ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥2॥

3. ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥
ਜਨ ਨਾਨਕ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥3॥

4. ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭੁ ਭਾਇਆ ਅਨਦਿਨੁ ਹਰਿ ਲਿਵ ਲਾਈ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥੨॥

( ਗੁ. ਗ੍ਰੰ. 773-774)

ਲਾਵਾਂ ਦੀ ਸਮਾਪਤੀ ਉਪਰੰਤ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕੀਤਾ ਜਾਂਦਾ ਹੈ ਅਤੇ ਅਨੰਦ ਕਾਰਜ ਦੀ ਸੰਪੰਨਤਾ ਦੀ ਅਰਦਾਸ ਕੀਤੀ ਜਾਂਦੀ ਹੈ। ਉਪਰੰਤ ਗੁਰੂ ਗ੍ਰੰਥ ਵਿਚੋਂ ਵਾਕ ਲੈ ਕੇ ਸੰਗਤ ਵਿਚ ਕੜਾਹ ਪ੍ਰਸਾਦਿ ਵਰਤਾਇਆ ਜਾਂਦਾ ਹੈ। ਇਹ ਇਸ ਰਸਮ ਦਾ ਧਾਰਮਿਕ ਭਾਗ ਹੈ। ਇਸ ਦੇ ਪਿੱਛੋਂ ਅਤੇ ਅੱਗੇ ਸਾਰਾ ਦਿਖਾਵੇ ਦੀਆਂ ਰਸਮਾਂ ਅਤੇ ਰਿਵਾਜਾਂ ਦੀ ਭੁੱਲ-ਭੁਲਈਆਂ ਵਰਗਾ ਸਮੂਹ ਹੈ। ਸਿੱਖ ਵਿਆਹ ਦੀ ਧਾਰਮਿਕ ਸੰਸਥਾ ਦੇ ਸਿਧਾਂਤਿਕ ਅਸੂਲ ਗਿਣਤੀ ਵਿਚ ਥੋੜੇ ਹੀ ਹਨ ਪਰੰਤੂ ਸਰਵ ਪ੍ਰਵਾਨਿਤ ਹਨ ਅਤੇ ਦੂਜਾ ਪੰਜਾਬੀ-ਨਸਲੀ ਭਾਸ਼ਾਈ ਭਾਈਚਾਰਿਆਂ ਦੇ ਰੀਤੀ ਰਿਵਾਜਾਂ ਦੇ ਪਰੰਪਰਾਗਤ ਵਰਤਾਉ ਜੋ ਗਿਣਤੀ ਵਿਚ ਕਾਫ਼ੀ ਹਨ ਪਰੰਤੂ ਇਹ ਇਕ ਖਾਸ ਸਮਾਜਿਕ ਢਾਂਚੇ ਤਕ ਹੀ ਸੀਮਤ ਹਨ ਅਤੇ ਇਕ ਖਾਸ ਇਲਾਕੇ ਜਾਂ ਖੇਤਰ ਨਾਲ ਜੁੜੇ ਹੋਏ ਹਨ। ਨਿਰਧਾਰਿਤ ਕੀਤੀ ਵਿਆਹ ਦੀ ਰੀਤੀ ਭਾਵ ਅਨੰਦ ਕਾਰਜ ਧਰਮ ਦੇ ਮੂਲ ਸਿਧਾਤਾਂ ਦਾ ਪ੍ਰਗਟਾਵਾ ਹੈ ਜਿਸ ਨੂੰ ਪਹਿਲਾਂ ਅਨੰਦ ਵਿਵਾਹ ਕਾਨੂੰਨ 1909 ਰਾਹੀਂ ਸੰਵਿਧਾਨਿਕ ਪਰਵਾਨਗੀ ਮਿਲੀ ਸੀ। ਇਸ ਪ੍ਰਕਾਰ ਅਨੰਦ ਕਾਰਜ ਵਿਆਹ, ਪਰਵਾਣਿਤ ਹਿੰਦੂ ਮਰਯਾਦਾ ਕਾਨੂੰਨ ਦੁਆਰਾ ਮੰਨੀਆਂ ਗੱਲਾਂ ਤੋਂ ਕਾਨੂੰਨੀ ਤੌਰ ਤੇ ਵਿਭਿੰਨ ਮੰਨਿਆ ਗਿਆ ਹੈ। ਸਿੱਖ ਪਰੰਪਰਾ ਅਨੁਸਾਰ ਵਿਆਹ ਸਿੱਖ ਧਰਮ ਦੇ ਅਨੁਯਾਈਆਂ ਵਿਚਕਾਰ ਹੀ ਹੋਣੇ ਅਨਿਵਾਰੀ ਹਨ ਪਰ ਇਸ ਵਿਚ ਜਾਤਾਂ/ਗੋਤਾਂ ਵੱਲ ਧਿਆਨ ਦੇਣਾ ਜ਼ਰੂਰੀ ਨਹੀਂ। ਵਿਆਹ ਦੇ ਰਵਾਇਤੀ ਨਿਯਮਾਂ ਅਨੁਸਾਰ ਨੇੜੇ ਦੇ ਰਿਸ਼ਤੇ ਵਿਚ ਵਿਆਹ ਦੀ ਮਨਾਹੀ ਹੈ ਪਰ ਇਸ ਸੰਬੰਧੀ ਕਿਸੇ ਵੀ ਗੱਲ ਦਾ ਪੂਰਾ ਨਿਰਨਾ ਕਠਿਨ ਹੈ ਅਤੇ ਅਜਿਹਾ ਕੋਈ ਵੀ ਆਦੇਸ਼ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਨਹੀਂ ਹੈ ।ਮੋਟੇ ਤੌਰ ਤੇ ਵਿਅਕਤੀ ਨੂੰ ਆਪਣੀ ਗੋਤ ਵਿਚ ਵਿਆਹ ਦੀ ਆਗਿਆ ਨਹੀਂ ਹੈ ਅਤੇ ਪ੍ਰਚਲਿਤ ਪਰੰਪਰਾ ਇਸਤ੍ਰੀ ਦੁਆਰਾ ਆਪਣੇ ਦਿਉਰ ਨਾਲ ਵਿਆਹ ਕਰਾਉਣ ਦੇ ਵਿਰੁੱਧ ਹੈ। ਪਰੰਤੂ ਇਹ ਸਾਰੇ ਬੰਧੇਜ ਵਾਸਤਵ ਵਿਚ ਸਮਾਜਿਕ ਹਨ ਧਾਰਮਿਕ ਨਹੀਂ।

ਕੁਝ ਇਸ ਤਰਾਂ ਦੇ ਰੀਤੀ ਰਿਵਾਜ ਜਿਵੇਂ ਸਿਹਰੇ ਬੰਨਣਾ, ਪਿਤਰ ਪੂਜਾ ਦੇ ਰੀਤੀ ਰਿਵਾਜ, ਬਨਾਵਟੀ ਰੋਣਾ, ਪੇਸ਼ੇਵਰ ਨੱਚਣ ਵਾਲੀਆਂ ਲੜਕੀਆਂ ਤੋਂ ਗੀਤ ਸੁਣਨਾ, ਸ਼ਰਾਬ ਪੀਣਾ, ਪਵਿੱਤਰ ਅਗਨੀ ਨੂੰ ਬਾਲਣਾ ਅਤੇ ਇਸੇ ਤਰ੍ਹਾਂ ਦੇ ਕਈ ਭਰਮਾਂ ਵੱਲ ਧਿਆਨ ਦੇਣਾ ਸਿੱਖ ਧਰਮ ਦੇ ਅਸੂਲਾਂ ਦੇ ਵਿਰੁੱਧ ਹਨ। ਇਹਨਾਂ ਸਾਰੀਆਂ ਰੀਤੀਆਂ ਦਾ ਸੰਬੰਧ ਸਮਾਜਿਕ ਚਲਨ ਨਾਲ ਹੈ ਜਿਸ ਬਾਰੇ ਸਿੱਖ ਧਰਮ ਦਾ ਰਵੱਈਆ ਸੁਧਾਰਵਾਦੀ ਹੈ।

ਕਈ ਥਾਈਂ ਠਾਕੇ ਅਤੇ ਚੁੰਨੀ ਚੜ੍ਹਾਉਣ ਦਾ ਰਿਵਾਜ ਪ੍ਰਚਲਿਤ ਹੈ। ਚੁੰਨੀ ਚੜ੍ਹਾਉਣ ਲਈ ਲੜਕੇ ਦੇ ਮਾਪੇ ਲੜਕੀ ਲਈ ਕਪੜੇ ਅਤੇ ਵੰਨ ਸੁਵੰਨੇ ਢੋਏ, ਲਾਲ ਪਰਾਂਦਾ, ਕੁਝ ਗਹਿਣੇ ਅਤੇ ਨਕਦੀ ਆਦਿ ਭੇਜਦੇ ਹਨ। ਵਿਆਹ ਤੋਂ ਪਹਿਲਾਂ ਇਕ ਹੋਰ ਜਟਿਲ ਰਸਮ, ਕੁੜਮਾਈ ਦੀ ਪ੍ਰਚਲਿਤ ਹੈ। ਰਿਵਾਜ ਅਨੁਸਾਰ ਲੜਕੀ ਵਾਲੇ ਲੜਕੇ ਦੇ ਘਰ 'ਸ਼ਗਨੱ ਲੈ ਕੇ ਜਾਂਦੇ ਹਨ। ਲੜਕੇ ਅਤੇ ਉਸ ਦੇ ਨੇੜੇ ਦੇ ਸਬੰਧੀਆਂ ਨੂੰ ਸ਼ਗਨ ਵਜੋਂ ਨਕਦੀ ਰਾਸ਼ੀ ਦਿੱਤੀ ਜਾਂਦੀ ਹੈ। ਲੜਕੇ ਦੇ ਹੋਣ ਵਾਲੇ ਸਹੁਰਿਆਂ ਜਾਂ ਉਹਨਾਂ ਦੇ ਪ੍ਰਤੀਨਿਧਾਂ ਵਲੋਂ ਲੜਕੇ ਨੂੰ ਛੁਹਾਰਾ ਖਾਣ ਲਈ ਦਿੱਤਾ ਜਾਂਦਾ ਹੈ ਇਸ ਕਰਕੇ ਇਸ ਰਸਮ ਨੂੰ ਹੀ ਕਈ ਥਾਈਂ 'ਛੁਹਾਰਾ ਪਾਉਣੱਾ ਵੀ ਕਿਹਾ ਜਾਂਦਾ ਹੈ।ਵਿਆਹ ਪੰਜਾਬੀ ਸਮਾਜ ਵਿਚ ਇਕ ਵਡੀ ਘਟਨਾ ਹੈ ਜਿਸ ਨੂੰ ਵਿਸਤ੍ਰਿਤ ਢੰਗ ਨਾਲ ਮਨਾਇਆ ਜਾਂਦਾ ਹੈ। ਕੁੜਮਾਈ ਜਾਂ 'ਮੰਗਣੀੱ ਜੇਕਰ ਛੋਟੀ ਉਮਰ ਵਿਚ ਹੋ ਜਾਂਦੀ ਹੈ ਤਾਂ ਵਿਆਹ ਕਈ ਮਹੀਨੇ ਅਥਵਾ ਸਾਲਾਂ ਬਾਅਦ ਵੀ ਹੋ ਸਕਦਾ ਹੈ।

ਵਿਆਹ ਤਕ ਲੜਕੇ ਅਤੇ ਲੜਕੀ ਦੇ ਮਾਪਿਆਂ ਦੇ ਘਰ ਵਿਚ ਵੱਖ ਵੱਖ ਰੀਤੀ ਰਿਵਾਜਾਂ ਅਧੀਨ ਕਈ ਸੰਸਕਾਰ ਚਲਦੇ ਰਹਿੰਦੇ ਹਨ। 'ਮਾਈਏਂ ਪੈਣੱਾ ਇਕੱਲਤਾ ਦਾ ਇਕ ਉਹ ਸਮਾਂ ਹੈ ਜਦੋਂ ਲੜਕੇ ਅਤੇ ਲੜਕੀ ਨੂੰ ਵਿਆਹ ਤੋਂ ਇਕ ਜਾਂ ਦੋ ਤਿੰਨ ਦਿਨਾਂ ਤਕ ਸੰਬੰਧੀਆਂ ਅਤੇ ਬਾਹਰਲਿਆਂ ਤੋਂ ਵੱਖ ਰੱਖਿਆ ਜਾਂਦਾ ਹੈ। ਲਾੜੀ ਅਤੇ ਲਾੜਾ ਨਹਾਉਣ ਜਾਂ ਆਪਣੇ ਕਪੜੇ ਬਦਲਣ ਤੋਂ ਸੰਕੋਚ ਕਰਦੇ ਹਨ। ਇਕੱਲਤਾ ਦੇ ਇਸ ਰਿਵਾਜੀ ਸਮੇਂ ਵਿਚ ਲੜਕੀ ਗਹਿਣੇ ਜਾਂ ਸੁਰਖੀ ਬਿੰਦੀ ਆਦਿ ਸਿੰਗਾਰ ਵਾਲੀਆਂ ਚੀਜਾਂ ਦੀ ਵਰਤੋਂ ਨਹੀਂ ਕਰਦੀ; ਉਸ ਨੂੰ ਸਰੀਰਿਕ ਕੰਮ ਕਰਨ ਜਾਂ ਇਕੱਲੇ ਬਾਹਰ ਜਾਣ ਦੀ ਆਗਿਆ ਨਹੀਂ ਹੁੰਦੀ। ਲੜਕੀ ਅਤੇ ਲੜਕੇ ਦੇ ਮਾਪਿਆਂ ਦੇ ਘਰਾਂ ਵਿਚ ਵਿਆਹ ਦੀ ਰਸਮ ਤੋਂ ਇਕ ਦਿਨ ਜਾਂ ਕਈ ਵਾਰੀ ਕਈ ਦਿਨ ਪਹਿਲਾਂ ਇਸਤਰੀਆਂ ਗੀਤ ਗਾਉਣੇ ਸ਼ੁਰੂ ਕਰ ਦਿੰਦੀਆਂ ਹਨ। ਗੀਤ ਆਮ ਤੌਰ ਤੇ ਪੰਜਾਬੀ ਲੋਕਯਾਨ ਤੋਂ ਹੀ ਢੋਲਕ ਨਾਲ ਗਾਏ ਜਾਂਦੇ ਹਨ।ਲਾੜੇ ਲਈ ਗਾਏ ਜਾਣ ਵਾਲੇ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ ਅਤੇ ਲਾੜੀ ਲਈ ਗਾਏ ਜਾਣ ਵਾਲਿਆਂ ਨੂੰ ਸੁਹਾਗ ਕਿਹਾ ਜਾਂਦਾ ਹੈ।

ਚਲਦਾ

# ਗੁਰਦੁਆਰਾ ਸਾਹਿਬ ਗੁਰਸਿੱਖ ਸੋਸਾਇਟੀ

32086 ਰਾਏ ਐਵੀਇਊ, ਲੋਹ ਹੀਡ ਹਾਈਵੇ, (ਮਿਸ਼ਨ)



## ਗੁਰਦੁਆਰਾ ਸਾਹਿਬ ਵਿਖੇ ਅਕਤੂਬਰ ਦੇ ਮਹੀਨੇ ਹੋਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ

ਅਕਤੂਬਰ 05 – ਸ਼ਾਮ, ਲੰਗਰ ਦੀ ਸੇਵਾ ਰਵਿੰਦਰ ਸਿੰਘ ਪਰਿਵਾਰ ਵਲੋਂ

ਅਕਤੂਬਰ 12 – ਸਵੇਰੇ ਲੰਗਰ ਦੀ ਸੇਵਾ ਪਵਨਦੀਪ ਸਿੰਘ ਗਰੇਵਾਲ ਪਰਿਵਾਰ ਵਲੋਂ

ਅਕਤੂਬਰ 12 – ਸ਼ਾਮ ਦੇ ਲੰਗਰ ਦੀ ਸੇਵਾ ਵਾਲ-ਮਾਰਟ ਸਟੋਰ 'ਚ ਕੰਮ ਕਰਦੀਆਂ ਬੀਬੀਆਂ ਵਲੋਂ ਹੋਵੇਗੀ

ਅਕਤੂਬਰ 13 – ਸ਼ਾਮ ਲੰਗਰ ਦੀ ਸੇਵਾ ਅਮਨਦੀਪ ਸਿੰਘ ਪਰਿਵਾਰ ਵਲੋਂ

ਅਕਤੂਬਰ 25-26-27 – ਅਖੰਡ ਪਾਠ ਸਾਹਿਬ ਦੀ ਸੇਵਾ ਜਸਪ੍ਰੀਤ ਸਿੰਘ ਰਾਏ ਪਰਿਵਾਰ ਵਲੋਂ

## Anand Karaj Ceremony:
### A Sacred and Joyous Union in Sikhism Wedding

ਗੁਰਦੁਆਰਾ ਸਾਹਿਬ ਵਿਖੇ
ਅਕਤੂਬਰ 4-5-11-13-18-19-20 ਨੂੰ
ਅਨੰਦ ਕਾਰਜ ਦੀਆਂ ਰਸਮਾਂ ਹਨ।



## ਗੁਰਦੁਆਰਾ ਸਾਹਿਬ ਗੁਰਸਿੱਖ ਸੋਸਾਇਟੀ ਮਿਸ਼ਨ-ਬੀ.ਸੀ.

ਵਧੇਰੇ ਜਾਣਕਾਰੀ ਲੈਣ ਲਈ ਜਾਂ ਫਿਰ ਪ੍ਰੋਗਰਾਮ ਬੁੱਕ ਕਰਵਾਉਣ ਲਈ ਦਿੱਤੇ ਗਏ ਫੋਨ ਨੰਬਰਾਂ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਦਫ਼ਤਰ 604-820-1344 ਜਾਂ ਸੈਲ ਫੋਨ 604-751-3000

# ਭਾਰਤੀ ਹਾਈਕੋਰਟ ਜੱਗੀ ਬਾਰੇ ਸਖਤ, 7 ਕੇਸਾਂ ਵਿਚ ਜਮਾਨਤਾਂ ਕਰ ਦਿੱਤੀਆਂ ਖਾਰਜ

## ਇੰਗਲੈਂਡ ਸਰਕਾਰ ਦੀ ਜੱਗੀ ਕੇਸ ਵਿਚ ਕੋਈ ਦਿਲਚਸਪੀ ਨਹੀਂ, ਹਾਲ ਦੀ ਘੜੀ ਜੱਗੀ ਦੀ ਰਿਹਾਈ ਅਸੰਭਵ

ਦਿੱਲੀ ਹਾਈ ਕੋਰਟ ਨੇ ਬੀਤੇ ਦਿਨੀਂ ਬ੍ਰਿਟਿਸ਼ ਸਿੱਖ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਅੱਤਵਾਦ ਵਿਰੋਧੀ ਕਾਨੂੰਨ ਯੂ.ਏ.ਪੀ.ਏ. ਤਹਿਤ ਦਰਜ ਕਈ ਮਾਮਲਿਆਂ ਵਿੱਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ।

ਜਸਟਿਸ ਪ੍ਰਤਿਭਾ ਐਮ ਸਿੰਘ ਦੀ ਅਗਵਾਈ ਵਾਲੇ ਬੈਂਚ ਨੇ 2016-2017 ਵਿੱਚ ਪੰਜਾਬ ਦੇ ਲੁਧਿਆਣਾ ਅਤੇ ਜਲੰਧਰ ਜ਼ਿਲ੍ਹਿਆਂ ਵਿੱਚ ਕਥਿਤ ਟਾਰਗੇਟ ਕਿਲਿੰਗ ਅਤੇ ਕਤਲ ਦੀਆਂ ਕੋਸ਼ਿਸ਼ਾਂ ਦੇ ਸਬੰਧ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਦੁਆਰਾ ਜਾਂਚ ਕੀਤੇ ਜਾ ਰਹੇ ਸੱਤ ਮਾਮਲਿਆਂ ਵਿੱਚ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਜੌਹਲ ਵੱਲੋਂ ਹੇਠਲੀ ਅਦਾਲਤ ਦੇ ਹੁਕਮਾਂ ਵਿਰੁੱਧ ਦਾਇਰ ਦਾਇਰ ਖਾਰਜ ਕਰ ਦਿੱਤਾ ਗਿਆ।

ਅਦਾਲਤ ਨੇ ਕਿਹਾ ਕਿ ਇਹ ਜਾਂਚ ਪੰਜਾਬ ਪੁਲਿਸ ਤੋਂ ਐਨ.ਆਈ.ਏ. ਨੂੰ ਸੌਂਪ ਦਿਤੀ ਗਈ ਸੀ ਕਿਉਂਕਿ ਉਸ ਨੇ ਇਹ ਪਛਾਣ ਕੀਤੀ ਸੀ ਕਿ ਇਹ ਅਪਰਾਧ ਸੂਬੇ 'ਚ 'ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਅਸਥਿਰ ਕਰਨ' ਦੇ ਉਦੇਸ਼ ਨਾਲ ਇਕ ਕੌਮਾਂਤਰੀ ਸਾਜ਼ਿਸ਼ ਦਾ ਹਿੱਸਾ ਸਨਕੋਰਟ ਨੇ ਐਨਆਈਏ ਦੇ ਬਿਆਨ ਨੂੰ ਸੱਚ ਵਜੋਂ ਪ੍ਰਵਾਨ ਕਰ ਲਿਆ ਹੈ ,ਜਿਸ ਕਰਕੇ ਜੱਗੀ ਨੂੰ ਇਨਸਾਫ ਮਿਲਣਾ ਔਖਾ ਹੋ ਗਿਆ ਹੈ।

ਪਟੀਸ਼ਨਾਂ ਦਾ ਵਿਰੋਧ ਕਰਦਿਆਂ ਐਨ.ਆਈ.ਏ. ਨੇ ਦਾਅਵਾ ਕੀਤਾ ਕਿ ਜੌਹਲ, ਜਿਸ ਨੂੰ ਨਵੰਬਰ 2017 'ਚ ਗ੍ਰਿਫਤਾਰ ਕੀਤਾ ਗਿਆ ਸੀ, ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਦਾ 'ਬਹੁਤ ਕੱਟੜਪੰਥੀ' ਅਤੇ 'ਸਰਗਰਮ ਮੈਂਬਰ' ਸੀ।

ਇਹ ਦੋਸ਼ ਲਾਇਆ ਗਿਆ ਸੀ ਕਿ ਮੁੱਖ ਸਾਜ਼ਸ਼ਕਰਤਾਵਾਂ ਵਿਚੋਂ ਇਕ ਹੋਣ ਦੇ ਨਾਤੇ, ਮੁਲਜ਼ਮ ਨੇ ਫੰਡ ਮੁਹੱਈਆ ਕਰਵਾਏ ਜਿਨ੍ਹਾਂ ਦੀ ਵਰਤੋਂ ਦੋਵੇਂ ਨਿਸ਼ਾਨੇਬਾਜ਼ ਖਾੜਕੂਆਂ ਨੇ ਹਥਿਆਰ ਖਰੀਦਣ ਲਈ ਕੀਤੀ। ਬੈਂਚ ਵਿਚ ਜਸਟਿਸ ਅਮਿਤ ਸ਼ਰਮਾ ਵੀ ਸ਼ਾਮਲ ਸਨ। ਬੈਂਚ ਨੇ ਕਾਨੂੰਨ ਦੇ ਤਹਿਤ ਮਨਜ਼ੂਰ ਮਿਆਦ ਤੋਂ ਵੱਧ ਦਾਇਰ ਕੀਤੀਆਂ ਪੰਜ ਅਪੀਲਾਂ ਨੂੰ ਖਾਰਜ ਕਰ ਦਿਤਾ। ਬਾਕੀ ਦੋ ਮਾਮਲਿਆਂ 'ਚ ਬੈਂਚ ਨੇ ਮੈਰਿਟ ਦੇ ਆਧਾਰ 'ਤੇ ਅਪੀਲਾਂ ਖਾਰਜ ਕਰ ਦਿਤੀਆਂ ਸਨ।

ਇਹ ਦੋਵੇਂ ਮਾਮਲੇ ਜਨਵਰੀ 2017 ਵਿੱਚ ਲੁਧਿਆਣਾ ਵਿੱਚ ਸ਼੍ਰੀ ਹਿੰਦੂ ਤਖ਼ਤ ਦੇ ਪ੍ਰਧਾਨ ਅਮਿਤ ਸ਼ਰਮਾ ਦੇ ਕਥਿਤ ਕਤਲ ਅਤੇ ਅਗਸਤ 2016




ਵਿੱਚ ਜਲੰਧਰ ਵਿੱਚ ਆਰਐਸਐਸ ਪੰਜਾਬ ਦੇ ਮੀਤ ਪ੍ਰਧਾਨ ਜਗਦੀਸ਼ ਕੁਮਾਰ ਗਗਨੇਜਾ ਦੇ ਕਤਲ ਦੀ ਕਥਿਤ ਕੋਸ਼ਿਸ਼ ਨਾਲ ਸਬੰਧਤ ਹਨ।

ਯਾਦ ਰਹੇ ਪਿਛਲੇ ਸਾਲ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਚੁੱਕਿਆ ਸੀ।ਪਰ ਭਾਰਤ ਸਰਕਾਰ ਨੇ ਇਸ ਬਾਰੇ ਕੋਈ ਰੁਚੀ ਨਹੀਂ ਦਿਖਾਈ।ਨਾ ਹੀ ਇੰਗਲੈਂਡ ਸਰਕਾਰ ਨੇ ਇਸ ਕੇਸ ਵਿਚ ਦਿਲਚਸਪੀ ਲਈ ਹੈ।

### ਕੌਣ ਹਨ ਜੱਗੀ?

ਸਕਾਟਲੈਂਡ ਰਹਿਣ ਵਾਲੇ ਜਗਤਾਰ ਸਿੰਘ ਨੂੰ 2017 ਵਿੱਚ ਭਾਰਤੀ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਲੈ ਕੇ ਉਹ ਹੁਣ ਤੱਕ ਭਾਰਤੀ ਜੇਲ੍ਹ ਵਿੱਚ ਬੰਦ ਹਨ।36 ਸਾਲਾ ਜਗਤਾਰ ਸਿੰਘ ਜੌਹਲ ਸਿੱਖਾਂ ਦੇ ਮਨੁੱਖੀ ਹੱਕਾਂ ਦੇ ਕਾਰਕੁਨ ਸਨ, ਉਹ ਅਕਤੂਬਰ 2017 ਨੂੰ ਭਾਰਤ ਵਿੱਚ ਵਿਆਹ ਕਰਵਾਉਣ ਲਈ ਆਏ ਸਨ।

ਉਹ ਆਪਣੀ ਪਤਨੀ ਨਾਲ ਬਾਜ਼ਾਰ ਵਿੱਚ ਖ਼ਰੀਦਦਾਰੀ ਕਰ ਰਹੇ ਸਨ ਜਦੋਂ ਉਨ੍ਹਾਂ ਨੂੰ ਆਮ ਕੱਪੜਿਆਂ ਵਿੱਚ ਆਈ ਪੰਜਾਬ ਪੁਲਿਸ ਵੱਲੋਂ ਆਪਣੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਦਰਅਸਲ, ਰਿਸ਼ੀ ਸੁਨਕ ਉੱਤੇ ਇੰਗਲੈਂਡ ਦੇ ਸਿੱਖਾਂ ਵਲੋਂ ਦਬਾਅ ਪਾਇਆ ਗਿਆ ਸੀ ਕਿ ਉਹ ਡੰਬਰਟਨ ਦੇ ਰਹਿਣ ਵਾਲੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਸਾਹਮਣੇ ਚੁੱਕਣ।ਜਗਤਾਰ ਸਿੰਘ ਦੇ ਪਰਿਵਾਰ ਵੱਲੋਂ ਇਹ ਇਲਜ਼ਾਮ ਲਗਾਏ ਜਾ ਰਹੇ ਹਨ ਉਨ੍ਹਾਂ ਉੱਤੇ ਹਿਰਾਸਤ ਵਿੱਚ ਤਸ਼ੱਦਦ ਕੀਤਾ ਗਿਆ ਹੈ।ਇਸ ਸਿਲਸਿਲੇ ਵਿਚ ਕੁੱਲ 70 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਸੁਨਕ ਨੂੰ ਇੱਕ ਪੱਤਰ ਲਿਖ ਕੇ ਵੀ ਇਸ ਮਾਮਲੇ ਵਿੱਚ ਦਖ਼ਲ ਦੇਣ ਲਈ ਕਿਹਾ ਸੀ।ਪਰ ਬ੍ਰਿਟੇਨ ਦੇ ਪ੍ਰਵਾਸੀ ਮਾਮਲਿਆਂ ਬਾਰੇ ਅਧਿਕਾਰੀਆਂ ਨੇ ਇਸ ਮਾਮਲੇ ਵਿੱਚ ਦਖ਼ਲ ਦੇਣ ਬਾਰੇ ਇਨਕਾਰ ਕਰ ਦਿੱਤਾ ਸੀ।

ਹਾਲਾਂਕਿ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਤੋਂ ਬਾਅਦ ਸੁਨਕ ਨੇ ਕਿਹਾ ਕਿ ਉਨ੍ਹਾਂ ਨੇ ਹੋਰ 'ਕੌਂਸੁਲਰ' ਮਸਲਿਆਂ ਦੇ ਨਾਲ ਇਸ ਕੇਸ ਬਾਰੇ ਵੀ ਗੱਲ ਕੀਤੀ ਹੈ।ਵਿਦੇਸ਼ੀ ਮੰਤਰਾਲੇ ਵੱਲੋਂ ਜੌਹਲ ਦੇ ਪਰਿਵਾਰ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਇਹ ਜਾਰੀ ਰਹੇਗੀ।" ਇਸ ਤੋਂ ਜ਼ਾਹਿਰ ਹੈ ਕਿ ਸੁਨਕ ਸਰਕਾਰ ਨੇ ਇਸ ਕੇਸ ਬਾਰੇ ਕੋਈ ਦਿਲਚਸਪੀ ਨਹੀਂ ਦਿਖਾਈ। ਜਗਤਾਰ ਸਿੰਘ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੋ ਕਿ ਇੱਕ ਵਕੀਲ ਹਨ ਅਤੇ ਲੇਬਰ ਪਾਰਟੀ ਵੱਲੋਂ ਕਾਊਂਸਲਰ ਹਨ, ਨੇ ਸੁਨਕ ਉੱਤੇ ਇਹ ਇਲਜ਼ਾਮ ਲਾਏ ਕਿ ਉਹ ਜੌਹਲ ਨੂੰ 'ਜੇਲ੍ਹ ਵਿੱਚ ਸੜਨ' ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਜਗਤਾਰ ਸਿੰਘ ਜੌਹਲ ਇੱਕ ਸਰਗਰਮ ਬਲੌਗਰ ਅਤੇ ਸਿੱਖ ਮਨੁੱਖੀ ਅਧਿਕਾਰਾਂ ਦੇ ਪ੍ਰਚਾਰਕ (ਕੈਂਪੇਨਰ) ਸਨ। ਇਸ ਨੇ ਜੌਹਲ ਨੂੰ ਭਾਰਤੀ ਅਧਿਕਾਰੀਆਂ ਦੀ ਨਜ਼ਰ ਵਿੱਚ ਲਿਆਂਦਾ ਸੀ।

# ਪੰਜਾਬ ਦੇ ਪਾਣੀਆਂ ਵਿਚ ਜ਼ਹਿਰ ਘੋਲਣ ਲੱਗੀਆਂ ਸਨਅਤਾਂ, ਸਰਵੇਖਣ ਤੋਂ ਬਹੁਤ ਭਿਆਨਕ ਅਤੇ ਡਰਾਉਣੇ ਤੱਥ ਆਏ ਸਾਹਮਣੇ

ਚੰਡੀਗੜ੍ਹ: ਜਲ ਸਰੋਤ ਵਿਭਾਗ ਵੱਲੋਂ ਸਮੁੱਚੇ ਪੰਜਾਬ ਦੇ ਨਦੀਆਂ-ਨਾਲਿਆਂ 'ਚ ਪੈਂਦੇ ਦੂਸ਼ਿਤ ਪਾਣੀ ਦੇ ਕਰਵਾਏ ਸਰਵੇਖਣ ਤੋਂ ਡਰਾਉਣੇ ਤੱਥ ਸਾਹਮਣੇ ਆਏ ਹਨ। ਪੰਜਾਬ ਵਿਚ ਸੈਂਕੜੇ ਡਰੇਨਾਂ ਤੇ ਨਦੀਆਂ ਵਿਚ ਸ਼ਹਿਰ, ਪਿੰਡ ਤੇ ਸਨਅਤਾਂ ਵਾਲੇ ਆਪਣਾ ਗੰਦਾ ਪਾਣੀ ਸੁੱਟ ਰਹੇ ਹਨ।

ਅਜਿਹੇ ਪਿੰਡਾਂ, ਸ਼ਹਿਰਾਂ, ਉਦਯੋਗਾਂ ਅਤੇ ਨਿੱਜੀ ਲੋਕਾਂ ਦੇ 1222 ਕੇਸਾਂ ਦੀ ਸ਼ਨਾਖਤ ਹੋਈ ਹੈ, ਜਿਨ੍ਹਾਂ ਵੱਲੋਂ ਨਿਯਮਾਂ ਦੀ ਉਲੰਘਣਾ ਕਰਕੇ ਨਦੀਆਂ ਤੇ ਨਾਲਿਆਂ ਵਿਚ ਗੰਦਾ ਪਾਣੀ ਸੁੱਟਿਆ ਜਾ ਰਿਹਾ ਹੈ।

ਨਗਰ ਕੌਂਸਲ ਦੇ 107, ਪਿੰਡਾਂ ਦੇ 676 ਅਤੇ ਹੋਰਨਾਂ ਇਲਾਕਿਆਂ ਦੇ 430 ਨਾਲੇ ਡਰੇਨਾਂ ਅਤੇ ਨਦੀਆਂ ਵਿੱਚ ਸੁੱਟੇ ਜਾ ਰਹੇ ਹਨ। ਇਨ੍ਹਾਂ ਡਰੇਨਾਂ ਵਿਚ ਚੱਲ ਰਿਹਾ ਗੰਦਾ ਪਾਣੀ ਬਦਬੋ ਮਾਰ ਰਿਹਾ ਹੈ, ਜਿਸ ਦਾ ਲੋਕਾਂ 'ਤੇ ਸਿੱਧਾ ਅਸਰ ਪੈ ਰਿਹਾ ਹੈ। ਬੁੱਢੇ ਨਾਲੇ ਦੇ ਪ੍ਰਦੂਸ਼ਣ ਦਾ ਮਾਮਲਾ ਕਦੇ ਵੀ ਠੰਢਾ ਨਹੀਂ ਹੋਇਆ, ਜਿਨ੍ਹਾਂ ਡਰੇਨਾਂ ਦੇ ਨੇੜੇ ਸ਼ਹਿਰ ਜਾਂ ਸਨਅਤਾਂ ਹਨ, ਉਨ੍ਹਾਂ 'ਚ ਬੇਰੋਕ ਅਣਸੋਧਿਆ ਪਾਣੀ ਸੁੱਟਿਆ ਜਾ ਰਿਹਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦਾ ਨਾਮ ਸਿਖਰ 'ਤੇ ਹੈ, ਜਿੱਥੇ 390 ਪਿੰਡਾਂ/ਸ਼ਹਿਰਾਂ ਤੇ ਨਿੱਜੀ ਲੋਕ ਦੂਸ਼ਿਤ ਪਾਣੀ ਡਰੇਨਾਂ ਵਿਚ ਸੁੱਟ ਰਹੇ ਹਨ। ਇਨ੍ਹਾਂ ਵਿਚ 40 ਫ਼ੈਕਟਰੀ ਮਾਲਕ ਵੀ ਸ਼ਾਮਲ ਹਨ। ਇਸ ਜ਼ਿਲ੍ਹੇ ਦੇ ਕਸੂਰ ਨਾਲਾ, ਰਾਜਾਸਾਂਸੀ ਡਰੇਨ, ਵੇਰਕਾ ਡਰੇਨ, ਗੁੰਮਟਾਲਾ ਡਰੇਨ ਵਿਚ ਗੰਦਾ ਪਾਣੀ ਪਾਇਆ ਜਾ ਰਿਹਾ ਹੈ।

ਜ਼ਿਲ੍ਹਾ ਸੰਗਰੂਰ ਦੂਜੇ ਨੰਬਰ 'ਤੇ ਹੈ, ਜਿੱਥੋਂ ਦੇ 159 ਲੋਕਾਂ, ਪਿੰਡਾਂ ਤੇ



ਸ਼ਹਿਰਾਂ ਤੋਂ ਇਲਾਵਾ ਸਨਅਤਾਂ ਵਾਲੇ ਦੂਸ਼ਿਤ ਪਾਣੀ ਡਰੇਨਾਂ ਵਿਚ ਪਾ ਰਹੇ ਹਨ, ਜਦੋਂ ਕਿ ਜਲੰਧਰ ਦੇ 82 ਜਣੇ ਅਜਿਹਾ ਕਰ ਰਹੇ ਹਨ। ਜ਼ਿਲ੍ਹਾ ਬਰਨਾਲਾ ਵਿਚ 59 ਅਜਿਹੇ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵੱਲੋਂ ਧਨੌਲਾ ਡਰੇਨ, ਲਸਾੜਾ ਡਰੇਨ ਅਤੇ ਟੱਲੇਵਾਲ ਡਰੇਨ ਵਿਚ ਪਾਣੀ ਪਾਇਆ ਜਾ ਰਿਹਾ ਹੈ।

ਪਿੰਡ ਉਗੋਕੇ, ਜੋਧਪੁਰ, ਪੰਧੇਰ, ਬਡਬਰ, ਨੈਣੇਵਾਲਾ ਦੀਆਂ ਪੰਚਾਇਤਾਂ ਨੂੰ ਨੋਟਿਸ ਵੀ ਜਾਰੀ ਕੀਤੇ ਗਏ ਹਨ। ਬਠਿੰਡਾ ਜ਼ਿਲ੍ਹੇ ਵਿਚ 44 ਕੇਸ ਪਾਏ ਗਏ ਹਨ, ਜਿਨ੍ਹਾਂ ਵੱਲੋਂ ਚੰਦ ਭਾਨ ਡਰੇਨ, ਦਿਆਲਪੁਰਾ ਡਰੇਨ ਅਤੇ ਲਸਾੜਾ ਡਰੇਨ ਵਿਚ ਦੂਸ਼ਿਤ ਪਾਣੀ ਸੁੱਟਿਆ ਜਾ ਰਿਹਾ ਹੈ। ਇਸ ਜ਼ਿਲ੍ਹੇ ਵਿਚ ਤਲਵੰਡੀ ਸਾਬੋ ਕੌਂਸਲ, ਰਾਮਾਂ ਕੌਂਸਲ, ਕੋਟਫੱਤਾ ਕੌਂਸਲ ਤੇ ਪਾਵਰਕੌਮ ਲਹਿਰਾ ਮੁਹੱਬਤ ਵੱਲੋਂ ਗੰਦਾ ਪਾਣੀ ਪਾਇਆ ਜਾ ਰਿਹਾ ਹੈ। ਇਨ੍ਹਾਂ ਨੂੰ ਨੋਟਿਸ ਵੀ ਜਾਰੀ ਕੀਤੇ ਗਏ ਹਨ। ਫ਼ਰੀਦਕੋਟ ਜ਼ਿਲ੍ਹੇ ਦੀ ਲੰਗੇਆਣਾ ਡਰੇਨ, ਮੁਦਕੀ ਡਰੇਨ, ਸਮਾਧ ਭਾਈ ਤੇ ਮਾੜੀ ਡਰੇਨ 'ਚ ਸੀਵਰੇਜ ਦਾ ਪਾਣੀ ਪਾਉਣ ਵਾਲੇ 42 ਕੇਸ ਸ਼ਨਾਖਤ ਹੋਏ ਹਨ, ਜਿਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਗੁਰਦਾਸਪੁਰ 'ਚ ਸੀਵਰੇਜ ਦਾ ਪਾਣੀ ਕਸੂਰ ਅਤੇ ਨਬੀਪੁਰ ਨਾਲੇ ਵਿਚ 14 ਜਣੇ ਪਾ ਰਹੇ ਹਨ। ਮਾਨਸਾ ਵਿਚ 46 ਕੇਸ ਸਾਹਮਣੇ ਆਏ ਹਨ, ਜਦੋਂ ਕਿ ਕਪੂਰਥਲਾ ਵਿਚ 44 ਕੇਸ ਸ਼ਨਾਖ਼ਤ ਹੋਏ ਹਨ। ਰੋਪੜ 'ਚ 31, ਮੁਹਾਲੀ ਵਿਚ 46, ਫ਼ਿਰੋਜ਼ਪੁਰ ਵਿਚ 42, ਮਲੇਰਕੋਟਲਾ ਵਿਚ 51, ਪਟਿਆਲਾ 'ਚ 66, ਲੁਧਿਆਣਾ ਵਿਚ 27 ਅਤੇ ਨਵਾਂ ਸ਼ਹਿਰ ਵਿਚ 14 ਕੇਸ ਸਾਹਮਣੇ ਆਏ ਹਨ।

# ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ 'ਚ ਹੋਵੇਗੀ ਰੈੱਡ ਐਂਟਰੀ

ਪਟਿਆਲਾ: ਖੇਤਾਂ ਵਿਚ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿਚ ਲਾਲ ਐਂਟਰੀਆਂ (ਰੈੱਡ ਐਂਟਰੀਜ਼) ਦਰਜ ਕੀਤੀਆਂ ਜਾਣਗੀਆਂ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਹਥਿਆਰਾਂ ਦੇ ਨਵੇਂ ਲਾਇਸੈਂਸ ਨਹੀਂ ਬਣਾਏ ਜਾਣਗੇ ਤੇ ਨਾ ਹੀ ਪੁਰਾਣੇ ਨਵਿਆਏ ਜਾਣਗੇ।

ਹਥਿਆਰਾਂ ਦੇ ਲਾਇਸੈਂਸਾਂ ਨੂੰ ਪਿੰਡਾਂ ਵਿਚ ਵੱਕਾਰ ਦਾ ਸਵਾਲ ਮੰਨਿਆ ਜਾਂਦਾ ਹੈ। ਆਗਾਮੀ ਪੰਚਾਇਤੀ ਚੋਣਾਂ ਤੋਂ ਪਹਿਲਾਂ ਲਏ ਗਏ ਇਸ ਫੈਸਲੇ ਨਾਲ ਇਕ ਸਿਆਸੀ ਵਿਵਾਦ ਖੜ੍ਹਾ ਹੋ ਸਕਦਾ ਹੈ ਕਿਉਂਕਿ ਕਿਸਾਨ ਯੂਨੀਅਨਾਂ ਵੱਲੋਂ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਖ਼ਿਲਾਫ਼ ਸੂਬਾ ਸਰਕਾਰ ਵੱਲੋਂ ਕੀਤੀ ਜਾਂਦੀ ਕਾਰਵਾਈ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਝੋਨੇ ਦੀ ਵਾਢੀ ਦੇ ਸੀਜ਼ਨ ਵਿਚ ਪੰਜਾਬ 'ਚ ਇਕ ਹਫ਼ਤੇ ਵਿਚ ਪਰਾਲੀ ਸਾੜਨ ਦੇ ਪੰਜ ਦਰਜਨ ਤੋਂ ਵੱਧ ਮਾਮਲੇ ਸਾਹਮਣੇ ਆਉਣ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿਚ 'ਰੈੱਡ ਐਂਟਰੀ' ਦਰਜ ਕੀਤੀ ਜਾਵੇਗੀ। ਸਿਰਫ਼ ਇਹੀ ਨਹੀਂ, ਬਲਕਿ ਉਹ ਕਿਸਾਨ ਜਿਨ੍ਹਾਂ ਦੇ ਜ਼ਮੀਨੀ ਰਿਕਾਰਡ ਵਿਚ 'ਰੈੱਡ ਐਂਟਰੀ'



ਦਰਜ ਹੋਵੇਗੀ, ਉਹ ਨਾ ਤਾਂ ਹਥਿਆਰਾਂ ਦੇ ਨਵੇਂ ਲਾਇਸੈਂਸ ਲਈ ਅਰਜ਼ੀ ਦੇ ਸਕਣਗੇ ਅਤੇ ਨਾ ਹੀ ਉਨ੍ਹਾਂ ਦੇ ਪੁਰਾਣੇ ਲਾਇਸੈਂਸ ਨਵਿਆਏ ਜਾਣਗੇ।

ਸੂਤਰਾਂ ਮੁਤਾਬਕ ਅਗਲੇ ਕੁਝ ਦਿਨਾਂ ਵਿਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਰਸਮੀ ਹੁਕਮ ਜਾਰੀ ਕੀਤੇ ਜਾਣਗੇ। ਹਾਲਾਂਕਿ ਕੁਝ ਜ਼ਿਲ੍ਹਿਆਂ ਵਿਚ ਇਹ ਹੁਕਮ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਪੰਜਾਬ ਵਿਚ ਪਰਾਲੀ ਸਾੜਨ ਦੇ 11 ਮਾਮਲੇ ਸਾਹਮਣੇ ਆਏ ਜੋ ਕਿ 15 ਸਤੰਬਰ ਤੋਂ ਸ਼ੁਰੂ ਹੋਏ। ਇਸ ਸੀਜ਼ਨ ਦੇ ਇਕ ਦਿਨ ਵਿਚ ਸਾਹਮਣੇ ਆਉਣ ਵਾਲੇ ਇਹ ਸਭ ਤੋਂ ਵੱਧ ਮਾਮਲੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਛੇ ਮਾਮਲੇ ਅੰਮ੍ਰਿਤਸਰ, ਚਾਰ ਮਾਮਲੇ ਗੁਰਦਾਸਪੁਰ ਅਤੇ ਇਕ ਮਾਮਲਾ ਪਟਿਆਲਾ 'ਚ ਸਾਹਮਣੇ ਆਇਆ ਹੈ। ਉਪਗ੍ਰਹਿ ਦੀਆਂ ਤਸਵੀਰਾਂ ਤੋਂ ਸੂਬੇ ਵਿਚ ਪਰਾਲੀ ਸਾੜਨ ਦੇ 11 ਮਾਮਲੇ ਸਾਹਮਣੇ ਆਏ ਹਨ ਜਦਕਿ 2022 ਵਿਚ ਅੱਜ ਹੀ ਦੇ ਦਿਨ ਅਜਿਹੇ ਮਾਮਲਿਆਂ ਦੀ ਗਿਣਤੀ 30 ਸੀ ਅਤੇ 2023 ਵਿਚ ਅੱਜ ਦੇ ਦਿਨ ਪਰਾਲੀ ਸਾੜਨ ਦਾ ਇਕ ਵੀ ਮਾਮਲਾ ਸਾਹਮਣੇ ਨਹੀਂ ਆਇਆ ਸੀ। ਦੂਜੇ ਪਾਸੇ ਕਿਸਾਨ ਯੂਨੀਅਨਾਂ ਮੰਗ ਕਰ ਰਹੀਆਂ ਹਨ ਕਿ ਉਨ੍ਹਾਂ ਨੂੰ ਪਰਾਲੀ ਦੇ ਨਿਬੇੜੇ ਲਈ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ। ਕਿਸਾਨ ਯੂਨੀਅਨਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਦੇ ਨਿਬੇੜੇ ਲਈ ਕੋਈ ਸਹਿਯੋਗ ਨਾ ਕੀਤੇ ਜਾਣ ਕਾਰਨ ਕਿਸਾਨ ਪਰਾਲੀ ਸਾੜਨ ਲਈ ਮਜਬੂਰ ਹਨ।

# ਬੀ.ਸੀ. ਐਨ.ਡੀ.ਪੀ. ਵਲੋਂ 93 ਹਲਕਿਆਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ

ਵੈਨਕੂਵਰ " ਬੀ.ਸੀ. ਐਨ.ਡੀ.ਪੀ. ਵਲੋਂ ਸੂਬੇ ਦੀਆਂ ਚੋਣਾਂ ਲਈ ਸੂਬੇ ਦੇ 93 ਹਲਕਿਆਂ ਵਿੱਚ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਬੀ.ਸੀ. ਐਨ.ਡੀ.ਪੀ. ਦੀ ਇਸ ਸਲੇਟ 'ਚ 60% ਔਰਤਾਂ ਸ਼ਾਮਲ ਹਨ। ਪਾਰਟੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਲੇਟ 'ਚ ਬਾਕੀ ਪਾਰਟੀਆਂ ਨਾਲੋਂ ਸਭ ਤੋਂ ਵੱਧ ਤਜਰਬੇਕਾਰ ਉਮੀਦਵਾਰਾਂ ਵਾਲੀ ਹੈ ਜਿਸ ਵਿੱਚ ਸਿਹਤਸੇਵਾ, ਨਿੱਜੀ ਖੇਤਰ ਅਤੇ ਕਾਨੂੰਨੀ ਵਿਭਾਗ ਦੀਆਂ ਮਹੱਤਵਪੂਰਨ ਆਵਾਜ਼ਾਂ ਉਠਾਉਣ ਵਾਲੇ ਲੋਕ ਨੁਮਾਇੰਦੇ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਕਿਹਾ ਡੇਵਿਡ ਈਬੀ ਦੀ ਟੀਮ ਉਹਨਾਂ ਸਖ਼ਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ, ਜੋ ਬ੍ਰਿਟਿਸ਼ ਕੋਲੰਬੀਆ ਨੂੰ ਦਰਪੇਸ਼ ਹਨ। ਟੀਮ ਇਕ ਅਜਿਹਾ ਸੂਬਾ ਬਣਾਉਣ ਲਈ ਕਾਰਵਾਈ ਕਰਨ ਲਈ ਤਿਆਰ ਹੈ ਜਿੱਥੇ ਹਰ ਵਿਅਕਤੀ ਆਰਥਿਕ ਤੌਰ 'ਤੇ ਅੱਗੇ ਵਧ ਸਕਦਾ ਹੈ।

ਚੋਣ ਮੁਹਿੰਮ ਦੀ ਡਾਇਰੈਕਟਰ ਮੌਰੀ ਡੇਲਾ ਮੋਟੀਆ ਨੇ ਕਿਹਾ, "ਸਾਡੀ ਟੀਮ ਬ੍ਰਿਟਿਸ਼ ਕੋਲੰਬੀਆ ਦਾ ਪ੍ਰਤੀਨਿਧਿਤਾ ਕਰਨ ਲਈ ਤਿਆਰ ਹੈ, ਅਤੇ ਸੂਬੇ ਦੀ ਲੋਕ ਮੁੱਖ ਚੁਣੌਤੀਆਂ ਨੂੰ ਸਮਝਣ ਦਾ ਤਜਰਬਾ ਰੱਖਦੇ ਹਨ। ਉਹ ਪਹਿਲੇ ਦਿਨ ਤੋਂ ਹੀ ਕਾਰਵਾਈ ਕਰਨ ਲਈ ਤਿਆਰ ਹਨ, ਤਾਂ ਜੋ ਅਸੀਂ ਇਕ ਅਜਿਹਾ ਸੂਬਾ ਬਣਾ ਸਕੀਏ ਜਿੱਥੇ ਤੁਸੀਂ ਘਰ ਖਰੀਦ ਸਕੋ ਅਤੇ ਸਿਹਤਸੇਵਾ ਦੀ ਸਹੂਲਤ ਵੀ ਜਿਥੇ-ਕਿਥੇ ਮੌਜੂਦ ਹੋਵੇ ਸੁਰੱਖਿਅਤ ਮਹਿਸੂਸ ਕਰੋ।"

ਦੂਜੇ ਪਾਸੇ, ਜੌਨ ਰੁਸਟੈਡ ਦੀ ਅਗਵਾਈ ਹੇਠ ਬੀ.ਸੀ. ਕੰਜ਼ਰਵੇਟਿਵ ਪਾਰਟੀ ਟੀਮ ਵਿੱਚ ਲਗਭਗ 75% ਉਮੀਦਵਾਰ ਪੁਰਸ਼ ਹਨ। ਰੁਸਟੈਡ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਟੀਮ ਸਭ ਤੋਂ ਵੱਧ ਵੱਖ-ਵੱਖ ਪਿਛੋਕੜ ਵਾਲੀ ਹੈ, ਪਰ ਕਈ ਕੈਂਡੀਡੇਟ ਉਹਨੀਆਂ ਧਾਰਾਵਾਂ ਨੂੰ ਮੰਨਦੇ ਹਨ ਜੋ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨਾਲ ਸਹਿਮਤ ਨਹੀਂ।




ਬੀ.ਸੀ. ਐਨ.ਡੀ.ਪੀ. ਵਲੋਂ ਐਲਾਨੇ ਉਮੀਦਵਾਰਾਂ ਦੇ ਵਰੇਵਾ ਇਸ ਪ੍ਰਕਾਰ ਹੈ :-

| | |
|---|---|
| ਐਬਟਸਫੋਰਡ-ਮਿਸ਼ਨ | : ਪੈਮ ਐਲੈਕਸਿਸ |
| ਐਬਟਸਫੋਰਡ-ਦੱਖਣ | : ਸਾਰਾ ਕੂਨਰ |
| ਐਬਟਸਫੋਰਡ ਵੈਸਟ | : ਗ੍ਰੈਮ ਹੱਚਿਸਨ |
| ਬਾਊਂਡਰੀ-ਸਿਮਿਲਕਾਮੀਨ | : ਰੋਲੀ ਰਸਲ |
| ਬੁਲਕਲੀ ਵੈਲੀ-ਸਟਿਕਿਨ | : ਨੈਥਨ ਕੱਲਨ |
| ਬਰਨਾਬੀ ਸੈਂਟਰ | : ਐਨ ਕਾਂਗ |
| ਬਰਨਾਬੀ ਪੂਰਬ | : ਰਿਆ ਅਰੋੜਾ |
| ਬਰਨਾਬੀ-ਨਿਊ ਵੈਸਟਮੀਨਸਟਰ | : ਰਾਜ ਚੌਹਾਨ |
| ਬਰਨਾਬੀ ਉੱਤਰ | : ਜੈਨਟ ਰਾਊਟਲੇਜ |
| ਬਰਨਾਬੀ ਦੱਖਣ-ਮੈਟਰੋਟਾਊਨ | : ਪੌਲ ਚੋਈ |
| ਕੈਰੀਬੂ-ਚਿਲਕੋਟਿਨ | : ਮਾਈਕਲ ਮੋਸਿਸ |
| ਚਿਲੀਵੈਕ-ਕਲਟਸ ਲੇਕ | : ਕੇਲੀ ਪਾਡਨ |
| ਚਿਲੀਵੈਕ ਉੱਤਰ | : ਡੈਨ ਕੌਲਟਰ |
| ਕੋਲੰਬੀਆ ਰਿਵਰ-ਰੇਵਲਸਟੋਕ | : ਐਡ੍ਰਿਆ ਡਨਲਪ |
| ਕੋਕਵਿਟਲਮ-ਬਰਕ ਮਾਊਂਟੇਨ | : ਜੋਡੀ ਵਿਕੇਨਸ |
| ਕੋਕਵਿਟਲਮ-ਮਾਈਲਾਰਡਵਿਲ | : ਜੈਨੀਫਰ ਬਲੇਦਰਵਿਕ |
| ਕੋਰਟਨੇ-ਕੋਮਾਕਸ | : ਰੋਨਾ-ਰੇ ਲਿਓਨਾਰਡ |
| ਕਾਵਿਚਨ ਵੈਲੀ | : ਡੈਬਰਾ ਟੋਪੋਰੋਵਸਕੀ |
| ਡੈਲਟਾ ਉੱਤਰ | : ਰਵੀ ਕਾਹਲੋਂ |
| ਡੈਲਟਾ ਦੱਖਣ | : ਜੇਸਨ ਮੈਕਕੌਰਮਿਕ |
| ਇਸਕੁਇਮਾਲਟ-ਕੋਲਵੁੱਡ | : ਡਾਰਲਿਨ ਰੌਚਫੋਰਡ |
| ਫਰੇਜ਼ਰ-ਨਿਕੋਲਾ | : ਫ੍ਰਾਂਸੀਨ ਜੋ |
| ਜੁਆਨ ਦੇ ਫੁਕਾ-ਮੈਲਾਹਟ | : ਡੇਨਾ ਲਾਜੇਨ |
| ਕੈਮਲੂਪਸ ਸੈਂਟਰ | : ਕਮਲ ਗਰੇਵਾਲ |
| ਕੈਮਲੂਪਸ-ਨੌਰਥ ਥਾਮਪਸਨ | : ਮੈਡੀ ਗੈਨ |
| ਕੈਲੋਨਾ ਸੈਂਟਰ | : ਲੋਇਲ ਵੂਲਡਰਿਜ |
| ਕੈਲੋਨਾ-ਲੇਕ ਕਨਟਰੀ-ਕੋਲਡਸਟ੍ਰੀਮ | : ਐਨਾ ਵਾਰਵਿਕ ਸੀਅਰਸ |
| ਕੈਲੋਨਾ-ਮਿਸ਼ਨ | : ਹਰਪ੍ਰੀਤ ਬਡੋਹਲ |
| ਕੂਟਨੇ ਸੈਂਟ੍ਰਲ | : ਬ੍ਰਿਟਨੀ ਐਂਡਰਸਨ |
| ਕੂਟਨੇ-ਮੋਨਾਸ਼ੀ | : ਸਟੀਵ ਮੋਰਿਸੈੱਟ |
| ਕੂਟਨੇ ਰਾਕੀਜ਼ | : ਸੈਮ ਅਟਵਾਲ |
| ਲੇਡਿਸਮਿਥ-ਓਸ਼ਨਸਾਈਡ | : ਸਟੈਫਨੀ ਹਿੱਗਨਸਨ |
| ਲੈਂਗਫੋਰਡ-ਹਾਈਲੈਂਡਸ | : ਰਵੀ ਪਾਰਮਾਰ |
| ਲੈਂਗਲੀ-ਐਬਟਸਫੋਰਡ | : ਜੌਨ ਐਲਡੈਗ |
| ਲੈਂਗਲੀ-ਵਾਲਨਟ ਗਰੋਵ | : ਮੇਗਨ ਡਾਈਕਮੈਨ |
| ਲੈਂਗਲੀ-ਵਿਲੋਬਰੂਕ | : ਐਂਡਰੂ ਮਰਸੀਅਰ |
| ਮੇਪਲ ਰਿਜ ਉੱਤਰ | : ਬਾਬ ਡੀ ਈਥ |
| ਮੇਪਲ ਰਿਜ-ਪਿੱਟ ਮੀਡੋਜ਼ | : ਲੀਸਾ ਬੇਅਰ |
| ਮਿਡ ਆਇਲੈਂਡ-ਪੈਸਿਫਿਕ ਰਿਮ | : ਜੋਸੀ ਔਸਬੋਰਨ |
| ਨਾਨਾਇਮੋ-ਗੈਬਰੀਓਲਾ ਆਇਲੈਂਡ | : ਸ਼ੀਲਾ ਮੈਲਕਮਸਨ |
| ਨਾਨਾਇਮੋ-ਲੈਂਟਜ਼ਵਿਲ | : ਜੌਰਜ ਐਂਡਰਸਨ |
| ਨਿਊ ਵੈਸਟਮੀਨਸਟਰ-ਕੋਕਵਿਟਲਮ | : ਜੈਨੀਫਰ ਵਾਈਟਸਾਈਡ |
| ਨੌਰਥ ਕੋਸਟ-ਹਾਈਡਾ ਗਵਾਈ | : ਤਮਾਰਾ ਡੇਵਿਡਸਨ |
| ਨੌਰਥ ਆਇਲੈਂਡ | : ਮਿਸ਼ੇਲ ਬਾਬਚਕ |
| ਨੌਰਥ ਵੈਂਕੂਵਰ-ਲੌਨਸਡੇਲ | : ਬੋਵਿਨ ਮਾ |
| ਨੌਰਥ ਵੈਂਕੂਵਰ-ਸੀਮੂਰ | : ਸੁਸੀ ਚਾਂਟ |

| | |
|---|---|
| ਓਕ ਬੇ-ਗੌਰਡਨ ਹੈੱਡ | : ਡਾਇਨਾ ਗਿਬਸਨ |
| ਪੀਸ ਰਿਵਰ ਉੱਤਰ | : ਆਇਨ ਮੈਕਮੋਹਨ |
| ਪੀਸ ਰਿਵਰ ਦੱਖਣ | : ਮਾਰਸ਼ਲ ਬਿਗਸਬੀ |
| ਪੈਂਟਿਕਟਨ-ਸਮਰਲੈਂਡ | : ਟੀਨਾ ਲੀ |
| ਪੋਰਟ ਕੋਕਵਿਟਲਮ | : ਮਾਈਕ ਫਾਰਨਵਰਥ |
| ਪੋਰਟ ਮੂਡੀ-ਬੁਰਕਵਿਟਲਮ | : ਰਿਕ ਗਲੂਮੈਕ |
| ਪਾਵੇਲ ਰਿਵਰ-ਸਨਸ਼ਾਈਨ ਕੋਸਟ | : ਰੈਂਡੀਨ ਨੀਲ |
| ਪ੍ਰਿੰਸ ਜਾਰਜ-ਮੈਕੇਂਜ਼ੀ | : ਸ਼ਾਰ ਮੈਕ੍ਰੋਰੀ |
| ਪ੍ਰਿੰਸ ਜਾਰਜ-ਨੌਰਥ ਕੈਰੀਬੂ | : ਡੈਨਿਸ ਬਾਰਡੂਆ |
| ਪ੍ਰਿੰਸ ਜਾਰਜ-ਵੇਲੇਮਾਊਂਟ | : ਕਲੇ ਪਾਊਂਟਨੀ |
| ਰਿਚਮੰਡ-ਬ੍ਰਿਜਪੋਰਟ | : ਲਿੰਡਾ ਲੀ |
| ਰਿਚਮੰਡ ਸੈਂਟਰ | : ਹੈਨਰੀ ਯਾਓ |
| ਰਿਚਮੰਡ-ਕੁਇਨਜ਼ਬੋਰੋ | : ਅਮਨ ਸਿੰਘ |
| ਰਿਚਮੰਡ-ਸਟੀਵਸਟਨ | : ਕੈਲੀ ਗ੍ਰੀਨ |
| ਸਾਨਿਚ ਨੌਰਥ ਐਂਡ ਆਇਲੈਂਡਜ਼ | : ਸਾਰਾ ਰਿਡੇਲ |
| ਸਾਨਿਚ ਦੱਖਣ | : ਲਾਨਾ ਪੋਫਮ |
| ਸੈਲਮਨ ਆਰਮ-ਸ਼ੁਸਵਾਪ | : ਸਿਲਵਿਆ ਲਿੰਡਗ੍ਰੇਨ |
| ਸਕੀਨਾ | : ਸਾਰਾ ਜ਼ਿਮਰਮੈਨ |
| ਸਰੀ ਸਿਟੀ ਸੈਂਟਰ | : ਅਮਨਾ ਸ਼ਾਹ |
| ਸਰੀ-ਕਲੋਵਰਡੇਲ | : ਮਾਈਕ ਸਟਾਰਚਕ |
| ਸਰੀ-ਫਲੀਟਵੁੱਡ | : ਜਗਰੂਪ ਬਰਾੜ |
| ਸਰੀ-ਗਿਲਡਫੋਰਡ | : ਗੈਰੀ ਬੇਗ |
| ਸਰੀ-ਪੈਨੋਰਮਾ | : ਜਿਨੀ ਸਿਮਸ |
| ਸਰੀ-ਨਿਊਟਨ | : ਜੈਸੀ ਸੁੰਨਰ |
| ਸਰੀ ਉੱਤਰ | : ਰਚਨਾ ਸਿੰਘ |
| ਸਰੀ-ਸਰਪੈਂਟਾਈਨ ਰਿਵਰ | : ਬਲਤੇਜ ਢਿੱਲੋਂ |
| ਸਰੀ-ਦੱਖਣ | : ਹਰੂਨ ਘਫਾਰ |
| ਸਰੀ-ਵਾਈਟ ਰਾਕ | : ਡੈਰਿਲ ਵਾਲਕਰ |
| ਵੈਂਕੂਵਰ-ਫ੍ਰੇਸਰਵਿਊ | : ਜੌਰਜ ਚੌ |
| ਵੈਂਕੂਵਰ-ਹੈਸਟਿੰਗਸ | : ਨਿੱਕੀ ਸ਼ਰਮਾ |
| ਵੈਂਕੂਵਰ-ਕੈਂਸਿੰਗਟਨ | : ਮੇਬਲ ਐਲਮੋਰ |
| ਵੈਂਕੂਵਰ-ਲੈਂਗਾਰਾ | : ਸੁਨੀਤਾ ਧਿਰ |
| ਵੈਂਕੂਵਰ-ਲਿਟਲ ਮਾਊਂਟੇਨ | : ਕ੍ਰਿਸਟੀਨ ਬੌਇਲ |
| ਵੈਂਕੂਵਰ-ਪੌਇੰਟ ਗਰੇ | : ਡੇਵਿਡ ਈਬੀ |
| ਵੈਂਕੂਵਰ-ਕੁਇਲਚੀਨਾ | : ਕੈਲਿਸਟਾ ਰਾਇਨ |
| ਵੈਂਕੂਵਰ-ਰੇਨਫ੍ਰੂ | : ਐਡ੍ਰੀਅਨ ਡਿਕਸ |
| ਵੈਂਕੂਵਰ-ਸਾਊਥ ਗ੍ਰੈਨਵਿਲ | : ਬ੍ਰੈਂਡਾ ਬੇਲੀ |
| ਵੈਂਕੂਵਰ-ਸਟ੍ਰਾਥਕੋਨਾ | : ਜੋਅਨ ਫਿਲਿਪ |
| ਵੈਂਕੂਵਰ-ਵੈਸਟ ਐਂਡ | : ਸਪੈਂਸਰ ਚਾਂਦਰਾ ਹੇਬਰਟ |
| ਵੈਂਕੂਵਰ-ਯੇਲਟਾਊਨ | : ਟੈਰੀ ਯੁੰਗ |
| ਵਰਨਨ-ਲੰਬੀ | : ਹਰਵਿੰਦਰ ਸੰਧੂ |
| ਵਿਕਟੋਰੀਆ-ਬੀਕਨ ਹਿੱਲ | : ਗਰੇਸ ਲੋਰ |
| ਵਿਕਟੋਰੀਆ-ਸਵਾਨ ਲੇਕ | : ਨੀਨਾ ਕ੍ਰੀਗਰ |
| ਵੈਸਟ ਕੈਲੋਨਾ-ਪੀਚਲੈਂਡ | : ਕ੍ਰਿਸਟਲ ਸਮਿਥ |
| ਵੈਸਟ ਵੈਂਕੂਵਰ-ਕੈਪਿਲਾਨੋ | : ਸਾਰਾ ਐਫ਼ਤਖਾਰ |
| ਵੈਸਟ ਵੈਂਕੂਵਰ-ਸੀ ਟੂ ਸਕਾਈ | : ਜੈਨ ਫੋਰਡ |

ਸਫ਼ਾ 1 ਦਾ ਬਾਕੀ

## ਕੈਨੇਡਾ ਵਿੱਚ ਪੱਕੇ ਹੋਣ ਲਈ...

ਦੇ ਡਰਾਅ ਮਈ 2024 ਤੋਂ ਬਾਅਦ ਪੱਕੇ ਹੋਣ ਲਈ ਨੰਬਰ ਬਹੁਤ ਵੱਧ ਗਏ ਹਨ, ਜਿਸ ਨਾਲ ਵਿਦਿਆਰਥੀਆਂ ਦੇ ਪੀ ਆਰ ਲਈ ਦਾਖਲੇ ਦੀ ਸੰਭਾਵਨਾ ਘੱਟ ਹੋ ਗਈ ਹੈ। ਇਮੀਗ੍ਰੇਸ਼ਨ ਮਾਹਰਾਂ ਦੇ ਅਨੁਸਾਰ, ਇਹ ਵੀ ਇਕ ਵੱਡਾ ਕਾਰਨ ਹੈ ਕਿ ਕਈ ਵਿਦਿਆਰਥੀ ਰਫਿਊਜ਼ੀ ਬਣਨ ਦੀ ਕੋਸ਼ਿਸ਼ ਕਰ ਰਹੇ ਹਨ।

**4. ਰਫਿਊਜ਼ੀ ਅਰਜ਼ੀਆਂ ਦਾ ਪ੍ਰਕਿਰਿਆ**

ਕਈ ਵਿਦਿਆਰਥੀਆਂ ਦੀਆਂ ਰਫਿਊਜ਼ੀ ਅਰਜ਼ੀਆਂ ਰੱਦ ਹੋ ਜਾਂਦੀਆਂ ਹਨ, ਕਿਉਂਕਿ ਇਹਨਾਂ ਦਾ ਕੋਈ ਵਾਜਿਬ ਆਧਾਰ ਨਹੀਂ ਹੁੰਦਾ। ਹਾਲਾਂਕਿ, ਅਜਿਹੀਆਂ ਅਰਜ਼ੀਆਂ ਦਾ ਨਿਪਟਾਰਾ ਬਹੁਤ ਸਮਾਂ ਲੈਂਦਾ ਹੈ, ਜਿਸ ਦੌਰਾਨ ਵਿਦਿਆਰਥੀ ਕੈਨੇਡਾ ਵਿੱਚ ਰਹਿ ਸਕਦੇ ਹਨ।

ਕੈਨੇਡਾ ਵੱਲੋਂ ਦਿੱਤੇ ਜਾਣ ਵਾਲੇ ਓਪਨ ਵਰਕ ਪਰਮਿਟ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਦੇ ਆਧਾਰ 'ਤੇ ਕੰਮ ਕਰਨ ਦਾ ਮੌਕਾ ਮਿਲਦਾ ਹੈ।

ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਰਫਿਊਜ਼ੀ ਅਰਜ਼ੀਆਂ ਦੀ ਵਾਧਾ ਦਰਸਾਉਂਦੀ ਹੈ ਕਿ ਕਿਵੇਂ ਬਿਹਤਰ ਭਵਿੱਖ ਦੀ ਲੋੜ ਅਤੇ ਸੁਰੱਖਿਆ ਦੀ ਖੋਜ ਵਿੱਚ ਇਹ ਵਿਦਿਆਰਥੀ ਕਿਸੇ ਵੀ ਸੰਘਰਸ਼ ਵਿੱਚ ਆਪਣਾ ਰਸਤਾ ਬਣਾ ਰਹੇ ਹਨ।

ਪੀ.ਆਰ. ਲਈ ਜੱਦੋ ਜਹਿਦ ਕਰ ਰਹੇ ਲੋਕਾਂ ਦਾ ਕਹਿਣਾ ਹੈ ਕਿ ਸਤੰਬਰ 2021 ਤੋਂ ਬਾਅਦ ਕੈਨੇਡੀਅਨ ਤਜ਼ਰਬੇ ਕਲਾਸ ਦਾ ਡਰਾਅ ਮਈ 2024 ਦੌਰਾਨ ਆਇਆ। ਇਸ ਸ਼੍ਰੇਣੀ ਤਹਿਤ ਕੈਨੇਡਾ ਵਿੱਚ ਤਜ਼ਰਬਾ ਹਾਸਿਲ ਬਿਨੈਕਾਰਾਂ ਦੀ ਪੀ ਆਰ ਦੀ ਅਰਜ਼ੀ ਲਗਦੀ ਹੈ ਜਿਸਦਾ ਵੱਡਾ ਫ਼ਾਇਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਹੁੰਦਾ ਹੈ। ਇਸਤੋਂ ਪਹਿਲਾਂ ਹਰ ਮਹੀਨੇ ਇਕ ਜਾਂ ਦੋ ਡਰਾਅ ਨਿਕਲਦੇ ਸਨ ਜਿਸ ਵਿੱਚ ਮਹੀਨੇ ਦੌਰਾਨ 5 -6 ਹਜ਼ਾਰ ਬਿਨੈਕਾਰਾਂ ਨੂੰ ਪੀ ਆਰ ਦੀ ਅਰਜ਼ੀ ਦੇਣ ਲਈ ਇਨਵੀਟੇਸ਼ਨ ਆਉਂਦੇ ਸਨ।

ਇਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਕੈਨੇਡਾ ਵੱਲੋਂ ਐਕਸਪ੍ਰੈੱਸ ਐਂਟਰੀ ਦੇ ਡਰਾਅ ਤਾਂ ਕੱਢੇ ਗਏ ਪਰ ਕੈਨੇਡੀਅਨ ਐਕਸਪੀਰੀਐਂਸ ਕਲਾਸ ਨੂੰ ਅਣਗੌਲਿਆ ਕੀਤਾ ਗਿਆ।

# ਵੈਨਕੂਵਰ ਆਈਲੈਂਡ ਅਤੇ ਮੈਟਰੋ ਵੈਨਕੂਵਰ ਨੇੜੇ ਆਇਆ 3.8 ਤੀਬਰਤਾ ਦਾ ਭੂਚਾਲ




ਸਰੀ : ਵੀਰਵਾਰ ਸਵੇਰੇ ਬ੍ਰਿਟਿਸ਼ ਕੋਲੰਬਿਆ ਦੇ ਸਿਡਨੀ ਨੇੜੇ 3.8 ਤੀਬਰਤਾ ਦਾ ਭੂਚਾਲ ਆਇਆ, ਜਿਸ ਕਾਰਨ ਵੈਨਕੂਵਰ ਆਈਲੈਂਡ ਅਤੇ ਮੈਟਰੋ ਵੈਨਕੂਵਰ ਦੇ ਕੁਝ ਹਿੱਸਿਆਂ ਵਿਚ ਹਲਕੇ ਝਟਕੇ ਮਹਿਸੂਸ ਕੀਤੇ ਗਏ। ਅਰਥਕੁਏਕ ਕੈਨੇਡਾ ਅਨੁਸਾਰ, ਭੂਚਾਲ ਦਾ ਕੇਂਦਰ ਸਿਡਨੀ, ਬੀਸੀ ਤੋਂ ਲਗਭਗ 11 ਕਿਲੋਮੀਟਰ ਪੂਰਬ ਵਿੱਚ ਅਤੇ ਵੈਨਕੂਵਰ ਤੋਂ 75 ਕਿਲੋਮੀਟਰ ਦੱਖਣ ਵੱਲ ਸੀ।

ਨੈਚਰਲ ਰਿਸੋਰਸੇਜ਼ ਕੈਨੇਡਾ ਦੇ ਭੂਚਾਲ ਵਿਗਿਆਨੀ ਕੌਲਿਨ ਪੌਲ ਨੇ ਦੱਸਿਆ ਕਿ ਦੱਖਣੀ ਵੈਨਕੂਵਰ ਆਈਲੈਂਡ, ਖਾਸ ਤੌਰ 'ਤੇ ਸੂਕ ਅਤੇ ਲੇਡੀਸਮਿੱਥ ਦਰਮਿਆਨ ਦੇ ਤੱਟਵਰਤੀ ਇਲਾਕੇ ਅਤੇ ਮੈਟਰੋ ਵੈਨਕੂਵਰ ਵਿਚ ਭੂਚਾਲ ਦੇ ਹਲਕੇ ਝਟਕੇ ਮਹਿਸੂਸ ਕੀਤੇ ਗਏ। ਵਿਕਟੋਰੀਆ ਵਿਚ ਲੋਕਾਂ ਨੇ ਹਲਚਲ ਮਹਿਸੂਸ ਕੀਤੀ, ਜਦਕਿ ਵੈਨਕੂਵਰ ਵਿਚ ਮਾਮੂਲੀ ਝਟਕੇ ਰਿਕਾਰਡ ਕੀਤੇ ਗਏ।

ਭੂਚਾਲ ਵਿੱਚ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਹੋਇਆ। ਪੌਲ ਨੇ ਦੱਸਿਆ ਕਿ 3.8 ਤੀਬਰਤਾ ਦਾ ਭੂਚਾਲ ਆਮ ਤੌਰ 'ਤੇ ਤਬਾਹਕੁੰਨ ਨਹੀਂ ਹੁੰਦਾ। ਇਸ ਤੀਬਰਤਾ ਦੇ ਭੂਚਾਲ ਆਮ ਤੌਰ 'ਤੇ ਇੱਕ ਦਹਾਕੇ ਵਿਚ ਇੱਕ ਵਾਰੀ ਆਉਂਦੇ ਹਨ, ਅਤੇ ਸਿਡਨੀ ਇਲਾਕੇ ਵਿੱਚ ਪਿਛਲਾ ਭੂਚਾਲ 2015 ਵਿੱਚ ਦਰਜ ਕੀਤਾ ਗਿਆ ਸੀ।

ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਵੀ ਇਸ ਘਟਨਾ ਬਾਰੇ ਪ੍ਰਤੀਕ੍ਰਿਆ ਦਿੱਤੀ। ਬੀਸੀ ਦੇ ਐਲਡਰਗ੍ਰੋਵ ਦੇ ਇੱਕ ਯੂਜ਼ਰ ਨੇ ਭੂਚਾਲ ਮਹਿਸੂਸ ਹੋਣ ਦੀ ਪੋਸਟ ਪਾਈ, ਜਦਕਿ ਡਾਊਨਟਾਊਨ ਵੈਨਕੂਵਰ ਦੇ ਇੱਕ ਹੋਰ ਯੂਜ਼ਰ ਨੇ ਕਿਹਾ ਕਿ ਉਸਦੇ ਅਪਾਰਟਮੈਂਟ ਵਿੱਚ ਝਟਕੇ ਕਾਰਨ ਹਲਚਲ ਪੈ ਗਈ।

ਹਾਲਾਂਕਿ, ਇਹ ਭੂਚਾਲ ਲੋਕਾਂ ਲਈ ਇੱਕ ਚੇਤਾਵਨੀ ਹੈ ਕਿ ਇਲਾਕਾ ਭੂਚਾਲ ਪ੍ਰਭਾਵਿਤ ਹੈ, ਪਰ ਕਿਸੇ ਤਬਾਹੀ ਦੀ ਸੂਚਨਾ ਨਹੀਂ ਦਿੱਤੀ ਗਈ।


SABZI MANDI SUPERMARKET
Serving our Community since 2003
EVERY CHILD MATTERS
NATIONAL DAY FOR TRUTH AND RECONCILIATION
SEPTEMBER 30, 2024
HOT PRICE
SIZE 9 JUMBO CAULIFLOWER
ਗੋਭੀ
2.99 ea
HOT PRICE
AMBROSIA APPLES
ਐਮਬਰੋਜ਼ਾ ਸੇਬ
88¢ /lb
HOT PRICE
PEELED GARLIC
ਲਸਣ
5lb Jar
10.99 ea
HOT PRICE
FRESH CILANTRO
ਧਨੀਆਂ
Bunch
2 for 99¢
ROASTY TOASTY SNACKS
ਰੋਸਟੀ ਟੋਸਟੀ ਨਮਕੀਨ
Asst., 150g
1.49 ea
UNBEATABLE DEAL
AASHIRWAAD WHOLE WHEAT ATTA
ਆਸ਼ਿਰਵਾਦ ਹੋਲ ਵ੍ਹੀਟ ਆਟਾ
20lb
13.99 ea
INDIAN EGGPLANT
ਦੇਸੀ ਵਤਾਊਂ
1.39 /lb
PUNJABI BY NATURE SOYA CHAAP
ਪੰਜਾਬੀ ਬਾਈ ਨੇਚਰ ਸੋਯਾ ਚਾਪ
850g
3.99 ea
INDIAN KARELA
ਦੇਸੀ ਕਰੇਲੇ
1.99 /lb
AMBAY BESAN
ਅੰਬੇ ਬੇਸਣ
4lb
3.99 ea
HEER DURUM FLOUR
ਹੀਰ ਦੁਰਮ ਆਟਾ
20lb
12.99 ea
TATA SALT
ਟਾਟਾ ਲੂਣ
1kg
1.99 ea
TATA AGNI TEA
ਟਾਟਾ ਅੱਗਣੀ ਚਾਹ
1kg
9.99 ea
BC GALA APPLES
ਬੀ ਸੀ ਗੈਲਾ ਸੇਬ
99¢ /lb
HAPPY DAIRY PANEER
ਹੈਪੀ ਡੈਰੀ ਪਨੀਰ
300g
4.49 ea
INDIAN ROOH AFZA
ਰੂਹ ਅਫਜ਼ਾ
750ml
3.99 ea
MERI CHAI TEA
ਮੇਰੀ ਚਾਹ
216's
5.99 ea
ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea
BC GREEN CABBAGE
ਪੱਤ ਗੋਭੀ
88¢ /lb
ALMOND OIL
ਬਦਾਮ ਤੇਲ
1L
12.99 ea
JUMBO CARROTS
ਗਾਜਰਾਂ
88¢ /lb
YELLOW & ORANGE PEPPERS
ਪੀਲੀ ਅਤੇ ਸੰਗਤਰੇ ਮਿਰਚਾਂ
1.49 /lb
US #1 POTATOES
ਆਲੂ
10lb
3.99 ea
BC HOT CHILI
ਹਰੀਆਂ ਮਿਰਚਾਂ
1.99 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. September 27, 2024 - Wed. October 02, 2024
MasterCard VISA Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com